@Qpatrika | @qaumipatrika punjabi | instagram.com/ qaumipatrika

Largest Circulated

ਵਿਸ਼ਵ ਭਰ ਮੇਂ ਸਬਸੇ ਜ੍ਯਾਦਾ ਪਢ਼ਾ ਜਾਨੇ ਵਾਲਾ

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 22 February 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 22 ਫਰਵਰੀ 2026, 10 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 109, qpatrika@gmail.com ਫੋਨ : 9971359517 www.qaumipatrika.org

## ਬੇਅੰਤ ਕਤਲ ਕੇਸ: ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ 18 ਮਾਰਚ ਨੂੰ ਹੋਵੇਗੀ ਸੁਣਵਾਈ

ਨਵੀਂ ਦਿੱਲੀ 21 ਫਰਵਰੀ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਪਟੀਸ਼ਨ 'ਤੇ 18 ਮਾਰਚ ਨੂੰ ਸੁਣਵਾਈ ਕਰੇਗਾ। ਆਪਣੀ ਅਪੀਲ ਵਿੱਚ ਰਾਜੋਆਣਾ ਨੇ ਬੇਨਤੀ ਕੀਤੀ ਹੈ ਕਿ ਉਸਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਵਿੱਚ ਦੇਰੀ ਕਾਰਨ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਜਾਵੇ। ਰਾਜੋਆਣਾ 29 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹੈ, ਜਿਸ ਵਿੱਚੋਂ ਉਸਨੇ 15 ਸਾਲਾਂ ਤੋਂ ਵੱਧ ਸਮੇਂ ਤੱਕ ਮੌਤ ਦੀ ਸਜ਼ਾ ਦਾ ਸਾਹਮਣਾ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੇ ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ.ਵੀ. ਅੰਜਾਰੀਆ ਦੇ ਬੈਂਚ ਨੂੰ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਕੁਝ ਸਮਾਂ ਚਾਹੀਦਾ ਹੈ।



ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਸੁਪਰੀਮ ਕੋਰਟ ਦੇ 24 ਸਤੰਬਰ, 2025 ਦੇ ਹੁਕਮ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਜਵਾਬਦੇਹ ਧਿਰਾਂ ਵੱਲੋਂ ਹੋਰ ਮੁਲਤਵੀ ਕਰਨ ਦੀਆਂ ਬੇਨਤੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਬੈਂਚ ਨੇ ਕਿਹਾ, ਇਸ ਮਾਮਲੇ ਦੀ ਸੁਣਵਾਈ 18 ਮਾਰਚ ਨੂੰ ਹੋਵੇਗੀ। ਸੁਪਰੀਮ ਕੋਰਟ ਨੇ ਪਹਿਲਾਂ ਕੇਂਦਰ ਸਰਕਾਰ ਨੂੰ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ ਅਪੀਲ ਪੈਂਡਿੰਗ ਹੈ। ਸਤੰਬਰ 2024 ਵਿੱਚ ਸੁਪਰੀਮ ਕੋਰਟ ਨੇ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਚੰਡੀਗੜ੍ਹ ਕੇਂਦਰ ਸ਼ਾਸਤ ਪ੍ਰਦੇਸ਼ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ। 31 ਅਗਸਤ, 1995 ਨੂੰ ਚੰਡੀਗੜ੍ਹ ਦੇ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਹੋਏ ਧਮਾਕੇ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸਿੰਘ ਅਤੇ 16 ਹੋਰ ਮਾਰੇ ਗਏ ਸਨ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ। ਰਾਜੋਆਣਾ ਨੇ ਆਪਣੀ ਰਿਹਾਈ ਲਈ ਨਿਰਦੇਸ਼ ਮੰਗਣ ਲਈ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ 3 ਮਈ, 2023 ਨੂੰ ਉਸਦੀ ਮੌਤ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਸਮਰੱਥ ਅਧਿਕਾਰੀ ਉਸਦੀ ਰਹਿਮ ਦੀ ਅਪੀਲ 'ਤੇ ਵਿਚਾਰ ਕਰ ਸਕਦਾ ਹੈ। ਆਪਣੀ ਨਵੀਂ ਪਟੀਸ਼ਨ ਵਿੱਚ ਰਾਜੋਆਣਾ ਨੇ ਕਿਹਾ ਕਿ ਉਸਨੇ 28.8 ਸਾਲ ਜੇਲ੍ਹ ਵਿੱਚ ਬਿਤਾਏ ਹਨ

# ਭਾਰਤ-ਬ੍ਰਾਜ਼ੀਲ ਵਿਚਾਲੇ 10 ਅਹਿਮ ਸਮਝੌਤੇ, ਪ੍ਰਧਾਨ ਮੰਤਰੀ ਮੋਦੀ ਤੇ ਰਾਸ਼ਟਰਪਤੀ ਲੂਲਾ ਨੇ ਅੱਤਵਾਦ ਖਿਲਾਫ ਜਤਾਈ ਵਚਨਬੱਧਤਾ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 21 ਫਰਵਰੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਈਜ਼ ਇਨਾਸੀਓ ਲੂਲਾ ਡਾ ਸਿਲਵਾ ਵਿਚਾਲੇ ਸ਼ਨੀਵਾਰ ਨੂੰ ਨਵੀਂ ਦਿੱਲੀ ਦੇ ਹੈਦਰਾਬਾਦ ਹਾਊਸ ਵਿਖੇ ਇੱਕ ਬਹੁਤ ਹੀ ਅਹਿਮ ਦੁਵੱਲੀ ਬੈਠਕ ਹੋਈ। ਇਸ ਬੈਠਕ ਦੌਰਾਨ ਦੋਵਾਂ ਦੇਸ਼ਾਂ ਨੇ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਦਿਆਂ 10 ਪ੍ਰਮੁੱਖ ਖੇਤਰਾਂ ਵਿੱਚ ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ। ਬੈਠਕ ਦੌਰਾਨ ਦੋਵਾਂ ਨੇਤਾਵਾਂ ਨੇ ਅੱਤਵਾਦ ਦੇ ਖਿਲਾਫ ਲੜਾਈ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ। ਇਸ ਦੇ ਨਾਲ ਹੀ, ਭਾਰਤ ਅਤੇ ਬ੍ਰਾਜ਼ੀਲ ਨੇ ਇੱਕ ਅਜਿਹੀ ਵਿਸ਼ਵ ਵਿਵਸਥਾ ਦਾ ਸਮਰਥਨ ਕੀਤਾ ਜੋ ਸਭ ਨੂੰ ਨਾਲ ਲੈ ਕੇ ਚੱਲੇ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਤੁਰੰਤ ਸੁਧਾਰਾਂ ਦੀ ਮੰਗ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਦੋਂ ਭਾਰਤ ਅਤੇ ਬ੍ਰਾਜ਼ੀਲ ਮਿਲ ਕੇ ਕੰਮ ਕਰਦੇ ਹਨ, ਤਾਂ 'ਗਲੋਬਲ ਸਾਊਥ' ਦੀ ਆਵਾਜ਼ ਹੋਰ ਵੀ ਬੁਲੰਦ ਹੁੰਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬ੍ਰਾਜ਼ੀਲ ਨੂੰ ਦੱਖਣੀ ਅਮਰੀਕਾ ਵਿੱਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਗੀਦਾਰ ਦੱਸਿਆ। ਦੋਵਾਂ ਦੇਸ਼ਾਂ ਨੇ ਅਗਲੇ 5 ਸਾਲਾਂ ਵਿੱਚ ਆਪਣੇ ਦੁਵੱਲੇ ਵਪਾਰ ਨੂੰ 20 ਅਰਬ ਡਾਲਰ (ਲਗਭਗ



2,000 ਕਰੋੜ ਦੇ ਵਪਾਰਕ ਵਾਧੇ ਦੀ ਚਰਚਾ) ਦੇ ਪਾਰ ਲੈ ਜਾਣ ਦਾ ਟੀਚਾ ਮਿੱਥਿਆ ਹੈ। ਇਸ ਸਬੰਧ ਵਿੱਚ ਕ੍ਰਿਟੀਕਲ ਮਿਨਰਲਸ , ਡਿਜੀਟਲ ਸਹਿਯੋਗ, ਸਿਹਤ ਅਤੇ ਵਰਗੇ ਖੇਤਰਾਂ ਵਿੱਚ 10 ਸਮਝੌਤਿਆਂ ਨੂੰ ਅੰਤਿਮ ਰੂਪ ਦਿੱਤਾ ਗਿਆ। ਤਕਨੀਕੀ ਖੇਤਰ ਵਿੱਚ ਭਾਰਤ ਅਤੇ ਬ੍ਰਾਜ਼ੀਲ ਮਿਲ ਕੇ ਬ੍ਰਾਜ਼ੀਲ ਵਿੱਚ 'ਡਿਜੀਟਲ ਪਬਲਿਕ ਇਨਫਰਾਸਟਰੱਕਚਰ' ਲਈ ਇੱਕ ਸੈਂਟਰ ਆਫ ਐਕਸੀਲੈਂਸ ਸਥਾਪਤ ਕਰਨਗੇ। ਪ੍ਰਧਾਨ ਮੰਤਰੀ ਨੇ ਇਹ ਵੀ ਦੱਸਿਆ ਕਿ ਕ੍ਰਿਟੀਕਲ ਮਿਨਰਲਸ 'ਤੇ ਹੋਈ ਡੀਲ ਸਪਲਾਈ ਚੇਨ ਨੂੰ ਮਜ਼ਬੂਤ ਕਰੇਗੀ ਅਤੇ ਰੱਖਿਆ ਖੇਤਰ ਵਿੱਚ ਵਧਦਾ ਸਹਿਯੋਗ ਦੋਵਾਂ ਦੇਸ਼ਾਂ ਦੇ ਰਣਨੀਤਕ ਤਾਲਮੇਲ ਦੀ ਇੱਕ ਸ਼ਾਨਦਾਰ ਮਿਸਾਲ ਹੈ। ਇਸ ਬੈਠਕ ਵਿੱਚ ਏਆਈ (19), ਸੈਮੀਕੰਡਕਟਰ, ਊਰਜਾ ਅਤੇ ਖੇਤੀਬਾੜੀ ਵਰਗੇ ਗੰਭੀਰ ਮੁੱਦਿਆਂ 'ਤੇ ਵੀ ਵਿਸਥਾਰਪੂਰਵਕ ਚਰਚਾ ਕੀਤੀ ਗਈ।

### ਭਾਈ-ਭਤੀਜਾਵਾਦ ਤੇ ਸਵਾਰਥ ਲੋਕਰਾਜੀ ਵਿਵਸਥਾ ਲਈ ਸਰਾਪ : ਸੁਪਰੀਮ ਕੋਰਟ

ਨਵੀਂ ਦਿੱਲੀ 21 ਫਰਵਰੀ। ਸੁਪਰੀਮ ਕੋਰਟ ਨੇ ਭਾਈ-ਭਤੀਜਾਵਾਦ ਅਤੇ ਸਵਾਰਥ ਨੂੰ ਲੋਕਰਾਜੀ ਵਿਵਸਥਾ ਲਈ ਸਰਾਪ ਕਰਾਰ ਦਿੰਦੇ ਹੋਏ ਹਰਿਆਣਾ ਸਰਕਾਰ ਦੀ ਇਕ ਹਾਊਸਿੰਗ ਕਮੇਟੀ ਵੱਲੋਂ ਇਕ ਗਵਰਨਿੰਗ ਬਾਡੀ ਦੇ ਮੈਂਬਰ ਅਤੇ ਉਸ ਅਧੀਨ ਕੰਮ ਕਰਨ ਵਾਲੇ ਨੂੰ ਦਿੱਤੇ ਗਏ 2 ਫਲੈਟਾਂ ਦੀ ਅਲਾਟਮੈਂਟ ਰੱਦ ਕਰ ਦਿੱਤੀ ਹੈ। ਜਸਟਿਸ ਸੰਜੇ ਕੁਮਾਰ ਤੇ ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਅਲਾਟਮੈਂਟ ਦੀ ਪ੍ਰਕਿਰਿਆ 'ਚ ਦਖਲ ਦੇਣ ਤੋਂ ਇਨਕਾਰ ਕਰਨ ਦੇ ਹੁਕਮ ਨੂੰ ਵੀ ਰੱਦ ਕਰ ਦਿੱਤਾ। ਇਸ 'ਚ ਕਿਹਾ ਗਿਆ ਹੈ ਕਿ ਇਕ ਗਵਰਨਿੰਗ ਬਾਡੀ ਦੇ ਮੈਂਬਰ ਤੇ ਉਸ ਅਧੀਨ ਕੰਮ ਕਰਨ ਵਾਲੇ ਵਿਅਕਤੀ ਨੂੰ ਕੀਤੀ ਗਈ ਅਲਾਟਮੈਂਟਾਂ ਮਨਮਰਜ਼ੀ ਵਾਲੀ ਤੇ ਪੱਖਪਾਤੀ ਸੀ। ਹਾਊਸਿੰਗ ਕਮੇਟੀ ਨੇ ਆਪਣੇ ਯੋਗਤਾ ਪੈਮਾਨਿਆਂ ਦੀ ਉਲੰਘਣਾ ਕੀਤੀ ਹੈ।

## ਆਸਾਮ ਦੇ ਸੋਮਿਆਂ 'ਤੇ ਸੂਬੇ ਦੇ ਲੋਕਾਂ ਦਾ ਅਧਿਕਾਰ, ਬੰਗਲਾਦੇਸ਼ੀ ਘੁਸਪੈਠੀਆਂ ਦਾ ਨਹੀਂ : ਨਿਤਿਨ ਨਬੀਨ

ਗੁਹਾਟੀ, 21 ਫਰਵਰੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਨਿਤਿਨ ਨਬੀਨ ਨੇ ਕਿਹਾ ਕਿ ਆਸਾਮ ਦੇ ਸੋਮਿਆਂ 'ਤੇ ਅਧਿਕਾਰ ਸਿਰਫ ਆਸਾਮ ਦੀ ਜਨਤਾ ਦਾ ਹੈ, ਨਾ ਕਿ ਬੰਗਲਾਦੇਸ਼ੀ ਘੁਸਪੈਠੀਆਂ ਦਾ। ਨਬੀਨ ਨੇ ਡਿਬਰੂਗੜ੍ਹ ਜ਼ਿਲੇ ਦੇ ਮਨੋਹਰੀ ਚਾਹ ਦੇ ਬਾਗ 'ਚ ਬੂਥ ਪੱਧਰ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਆਸਾਮ ਦੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਘੁਸਪੈਠੀਆਂ ਦੇ ਖ਼?ਲਾਫ ਉਚਿਤ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਘੁਸਪੈਠੀਆਂ ਨੂੰ ਵਾਪਸ ਭੇਜਣ ਸਬੰਧੀ ਮੁੱਖ ਮੰਤਰੀ ਦੀ ਕਾਰਵਾਈ ਤੋਂ ਪਤਾ ਲੱਗਭਗ ਲੱਗਦਾ ਹੈ ਕਿ ਉਹ ਸੂਬੇ ਦੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਵਚਨਬੱਧ ਹਨ। ਭਾਜਪਾ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤਰ-ਪੂਰਬ ਨੂੰ ਤਰਜੀਹ ਦਿੰਦੇ ਹਨ ਅਤੇ ਇਸ ਖੇਤਰ 'ਚ 'ਹਰੇਕ ਪ੍ਰਾਜੈਕਟ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਦੇ ਹਨ।' ਉਨ੍ਹਾਂ ਦਾਅਵਾ ਕੀਤਾ ਕਿ ਪਿਛਲੀਆਂ ਕੇਂਦਰ ਸਰਕਾਰਾਂ ਨੇ ਵੀ ਇਸ ਖੇਤਰ ਲਈ ਫੰਡ ਅਲਾਟ ਕੀਤੇ ਸਨ, ਪਰ ਉਸ ਦਾ ਉਚਿਤ ਇਸਤੇਮਾਲ ਨਹੀਂ ਹੋਇਆ। ਉਨ੍ਹਾਂ ਇਹ ਵੀ ਕਿਹਾ ਕਿ ਵਿਸ਼ਵ ਵਿਆਪੀ ਆਰਥਿਕ ਬੇਭਰੋਸਗੀ ਦੇ ਇਸ ਦੌਰ 'ਚ ਵੀ ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੀਆਂ ਗਈਆਂ ਨੀਤੀਆਂ ਕਾਰਨ ਭਾਰਤ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਜੋਂ ਉੱਭਰ ਰਿਹਾ ਹੈ। ਇਸ ਤੋਂ ਪਹਿਲਾਂ ਨਿਤਿਨ ਨਬੀਨ ਨੇ ਆਸਾਮ ਦੇ ਡਿਬਰੂਗੜ੍ਹ ਜ਼ਿਲੇ 'ਚ ਇਕ ਚਾਹ ਦੇ ਬਾਗ ਦਾ ਦੌਰਾ ਕੀਤਾ ਅਤੇ ਅਣਥੱਕ ਮਿਹਨਤ ਤੇ ਸਮਰਪਣ ਰਾਹੀਂ ਇਸ ਪੇਅ ਪਦਾਰਥ ਨੂੰ ਵਿਸ਼ਵ ਪੱਧਰੀ ਪਛਾਣ ਦਿਵਾਉਣ ਲਈ ਕਾਮਿਆਂ ਦੀ ਸ਼ਲਾਘਾ ਕੀਤੀ। ਇਹ ਸੂਬੇ 'ਚ ਨਬੀਨ ਦੇ ਦੌਰੇ ਦਾ ਦੂਜਾ ਦਿਨ ਹੈ। ਨਬੀਨ ਦੇ ਨਾਲ ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ, ਭਾਜਪਾ ਦੀ ਆਸਾਮ ਇਕਾਈ ਦੇ ਪ੍ਰਧਾਨ ਦਿਲੀਪ ਸੈਕੀਆ ਅਤੇ ਸੂਬੇ ਦੇ ਸੱਭਿਆਚਾਰਕ ਮੰਤਰੀ ਬਿਮਲ ਬੋਰਾ ਵੀ ਸਨ।

## ਭਗਵੰਤ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਦੇ ਇਤਿਹਾਸਕ ਨਤੀਜੇ ਸਾਹਮਣੇ ਆਉਣ ਲੱਗੇ, ਸਰਕਾਰੀ ਸਕੂਲਾਂ ਦੇ 305 ਵਿਦਿਆਰਥੀ ਨੇ ਪਾਸ ਕੀਤਾ ਜੇ.ਈ.ਈ. ਮੇਨਜ਼ : ਹਰਜੋਤ ਸਿੰਘ ਬੈਂਸ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ, 21 ਫਰਵਰੀ: ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਪੰਜਾਬ ਭਵਨ ਵਿਖੇ ਹੋਈ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਿਰੰਤਰ ਸੁਧਾਰਾਂ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਪਹਿਲੀ ਕੋਸ਼ਿਸ਼ ਵਿੱਚ ਹੀ ਜੁਆਇੰਟ ਐਂਟਰੈਂਸ ਪ੍ਰੀਖਿਆ (ਜੇ.ਈ.ਈ.) ਮੇਨਜ਼- 2026 ਪਾਸ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ, ਜੋ ਕਿ ਪਿਛਲੇ ਸਾਲ ਦੇ 187 ਸਫਲ ਉਮੀਦਵਾਰਾਂ ਨਾਲੋਂ 63 ਫੀਸਦੀ ਦੇ ਸ਼ਾਨਦਾਰ ਵਾਧੇ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਨੂੰ ਸੂਬੇ ਦੀ ਸਕੂਲ ਸਿੱਖਿਆ ਪ੍ਰਣਾਲੀ ਲਈ ਇੱਕ ਅਹਿਮ ਤੇ ਇਤਿਹਾਸਕ ਪਲ ਦੱਸਿਆ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਸ੍ਰੀ ਆਨੰਦਪੁਰ ਸਾਹਿਬ ਦੇ ਪੰਜ ਵਿਦਿਆਰਥੀਆਂ ਨੇ ਵੀ ਇਹ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਯੋਗ ਵਿਦਿਆਰਥੀਆਂ ਨੂੰ ਜੇ.ਈ.ਈ. ਐਡਵਾਂਸ ਦੀ ਤਿਆਰੀ ਲਈ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਰਿਹਾਇਸ਼ੀ ਸਿਖਲਾਈ ਕੈਂਪ ਲਾਵੇਗੀ ਤਾਂ ਜੋ ਅਗਲੇ ਪੜਾਅ ਲਈ ਉਨ੍ਹਾਂ ਦਾ ਸਹੀ ਮਾਰਗਦਰਸ਼ਨ ਯਕੀਨੀ ਬਣਾਇਆ ਜਾ ਸਕੇ। ਸ. ਬੈਂਸ ਨੇ ਕਿਹਾ,"ਇਹ ਪ੍ਰਾਪਤੀ ਸਾਡੇ ਪੂਰੇ ਸਕੂਲ ਸਿੱਖਿਆ ਵਿਭਾਗ ਲਈ ਬਹੁਤ ਮਾਣ ਵਾਲੀ ਗੱਲ ਹੈ। ਮੈਂ ਆਪਣੇ ਸਾਰੇ ਸਮਰਪਿਤ



ਅਧਿਆਪਕਾਂ ਦਾ ਦਿਲੋਂ ਧੰਨਵਾਦ ਕਰਦਾ ਹਾਂ। ਹਾਲ ਹੀ ਵਿੱਚ ਆਏ ਜੇ.ਈ.ਈ. ਮੇਨਜ਼ ਫੇਜ਼ 1 ਦੇ ਨਤੀਜਿਆਂ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਤਸਵੀਰ ਪੇਸ਼ ਕੀਤੀ ਹੈ , ਜਿਸ ਵਿੱਚ 305 ਵਿਦਿਆਰਥੀਆਂ ਨੇ ਪ੍ਰਤੀਯੋਗੀ ਇੰਜੀਨੀਅਰਿੰਗ ਪ੍ਰੀਖਿਆ ਪਾਸ ਕੀਤੀ ਹੈ। ਇਹ ਪ੍ਰਾਪਤੀ ਪਿਛਲੇ ਸਾਲ ਦੇ 187 ਸਫ਼ਲ ਉਮੀਦਵਾਰਾਂ ਨਾਲੋਂ 63 ਫੀਸਦ ਦਾ ਸ਼ਾਨਦਾਰ ਵਾਧਾ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਸਾਲ ਵਿੱਚ ਹੀ ਇੰਨਾ ਵੱਡਾ ਮੀਲ ਪੱਥਰ ਸਥਾਪਤ ਕਰਨਾ ਸਾਡੀ ਪੰਜਾਬ ਸਿੱਖਿਆ ਕ੍ਰਾਂਤੀ ਪਹਿਲਕਦਮੀ ਦੀ ਪਰਿਵਰਤਨਸ਼ੀਲ ਸ਼ਕਤੀ ਦਾ ਪ੍ਰਤੱਖ ਪ੍ਰਮਾਣ ਹੈ। ਅਸੀਂ ਆਪਣੀ ਤਰੱਕੀ ਨੂੰ ਹੋਰ ਤੇਜ਼ ਕਰਨ ਲਈ ਵਚਨਬੱਧ ਹਾਂ।" ਇਨ੍ਹਾਂ ਵਿਦਿਆਰਥੀਆਂ ਦੀ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਭਵਿਸ਼ਯਾ, ਜੋ ਸਕੂਲ ਆਫ਼ ਐਮੀਨੈਂਸ, ਟਾਊਨ ਹਾਲ, ਅੰਮ੍ਰਿਤਸਰ , 12ਵੀਂ ਜਮਾਤ ਨਾਨ-ਮੈਡੀਕਲ ਦਾ ਵਿਦਿਆਰਥੀ ਹੈ, ਨੇ 98.182 ਫੀਸਦੀ ਅੰਕ ਪ੍ਰਾਪਤ ਕੀਤੇ, ਭਾਵੇਂ ਕਿ ਉਹ ਸਿਰਫ਼ 1.5 ਲੱਖ ਦੀ ਸਾਲਾਨਾ ਆਮਦਨ ਵਾਲੇ ਗਰੀਬ ਪਰਿਵਾਰ ਤੋਂ ਆਉਂਦਾ ਹੈ। ਉਸਦੇ ਪਿਤਾ ਮੋਬਾਈਲ ਮੁਰੰਮਤ ਦੀ ਦੁਕਾਨ ਚਲਾਉਂਦੇ ਹਨ ਅਤੇ ਉਸਦੀ ਮਾਂ ਕੱਪੜੇ ਸਿਉਂਦੀ ਹੈ । ਮੰਤਰੀ ਨੇ ਦੱਸਿਆ ਕਿ ਵਿੱਤੀ ਰੁਕਾਵਟਾਂ ਦੇ ਬਾਵਜੂਦ, ਇੰਜੀਨੀਅਰਿੰਗ ਕਰਨ ਅਤੇ ਆਪਣੇ ਪਰਿਵਾਰ ਦੇ ਵਿੱਤੀ ਪੱਧਰ ਨੂੰ ਉੱਚਾ ਚੁੱਕਣ ਦਾ ਉਸਦਾ ਇਰਾਦਾ ਅਡੋਲ ਤੇ ਅਡਿੱਗ ਰਿਹਾ।

Contd................page-3

## ਰਾਹੁਲ ਗਾਂਧੀ ਅਤੇ 25 ਸੰਸਦ ਮੈਂਬਰਾਂ ਨੂੰ ਗੋਲੀ ਮਾਰਨ ਦੀ ਧਮਕੀ ਦੇਣ ਵਾਲਾ ਵਿਅਕਤੀ ਕੋਟਾ 'ਚ ਕਾਬੂ

ਕੋਟਾ 21 ਫਰਵਰੀ। ਰਾਜਸਥਾਨ ਦੇ ਕੋਟਾ 'ਚ ਪੁਲਸ ਨੇ ਇਕ ਅਜਿਹੇ ਵਿਅਕਤੀ ਨੂੰ ਹਿਰਾਸਤ 'ਚ ਲਿਆ ਹੈ, ਜਿਸ ਨੇ ਇਕ ਵੀਡੀਓ ਜਾਰੀ ਕਰਕੇ ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਵਿਰੋਧੀ ਧਿਰ ਦੇ 25 ਹੋਰ ਸੰਸਦ ਮੈਂਬਰਾਂ ਨੂੰ ਗੋਲੀ ਮਾਰਨ ਦੀ ਕਥਿਤ ਤੌਰ 'ਤੇ ਧਮਕੀ ਦਿੱਤੀ ਸੀ। ਖੁਦ ਨੂੰ ਸੱਜੇ-ਪੱਖੀ ਸੰਗਠਨ ਕਰਨੀ ਸੈਨਾ ਦਾ ਬੁਲਾਰਾ ਦੱਸਣ ਵਾਲੇ ਰਾਜ ਸਿੰਘ ਨਾਮ ਦੇ ਇਸ ਵਿਅਕਤੀ ਨੇ ਵੀਡੀਓ 'ਚ ਦਾਅਵਾ ਕੀਤਾ ਕਿ ਉਹ ਲੋਕ ਸਭਾ 'ਚ ਸਪੀਕਰ ਓਮ ਬਿਰਲਾ ਨਾਲ ਕਾਂਗਰਸ ਦੇ 25 ਸੰਸਦ ਮੈਂਬਰਾਂ ਵੱਲੋਂ ਕੀਤੀ ਗਈ ਕਥਿਤ ਬਦਸਲੂਕੀ ਕਾਰਨ ਗੁੱਸੇ 'ਚ ਹੈ। ਸਿੰਘ ਨੇ ਵੀਡੀਓ 'ਚ ਕਿਹਾ,ਜੇਕਰ ਅਜਿਹੀ ਘਟਨਾ ਦੁਬਾਰਾ ਵਾਪਰੀ ਤਾਂ ਅਸੀਂ ਉਨ੍ਹਾਂ ਸੰਸਦ ਮੈਂਬਰਾਂ ਦੇ ਘਰਾਂ 'ਚ ਵੜ ਕੇ ਭੰਨਤੋੜ ਕਰਾਂਗੇ। ਰਾਹੁਲ ਗਾਂਧੀ, ਧਿਆਨ ਨਾਲ ਸੁਣੋ, ਜੇਕਰ ਅਜਿਹਾ ਦੁਬਾਰਾ ਹੋਇਆ ਤਾਂ ਅਸੀਂ ਤੁਹਾਡੇ ਘਰ 'ਚ ਵੜ ਕੇ ਤੁਹਾਨੂੰ ਗੋਲੀ ਮਾਰ ਦਿਆਂਗੇ।" ਉਸ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਸੰਸਦ ਮੈਂਬਰਾਂ ਨੂੰ 24 ਘੰਟਿਆਂ ਦੇ ਅੰਦਰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਉਹ ਉਨ੍ਹਾਂ ਨੂੰ ਇੱਕ-ਇੱਕ ਕਰਕੇ ਗੋਲੀ ਮਾਰ ਦੇਵੇਗਾ। ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਕੋਟਾ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਰਾਜ ਸਿੰਘ ਨੂੰ ਹਿਰਾਸਤ 'ਚ ਲੈ ਲਿਆ। ਕੋਟਾ ਦੀ ਐੱਸਪੀ ਤੇਜਸਵਨੀ ਗੌਤਮ ਨੇ ਦੱਸਿਆ ਕਿ ਮੁਲਜ਼ਮ ਨੂੰ ਬੋਰਖੇੜਾ ਪੁਲਸ ਸਟੇਸ਼ਨ 'ਚ ਰੱਖਿਆ ਗਿਆ ਹੈ ਅਤੇ ਉਸ ਕੋਲੋਂ ਵੀਡੀਓ ਦੇ ਸਬੰਧ 'ਚ ਪੁੱਛਗਿੱਛ ਕੀਤੀ ਜਾ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਵੀਡੀਓ 'ਚ ਸਿੰਘ ਦੇ ਪਿੱਛੇ ਦੀ ਕੰਧ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਓਮ ਬਿਰਲਾ ਦੀ ਹੱਥ ਮਿਲਾਉਂਦੇ ਹੋਏ ਤਸਵੀਰ ਲੱਗੀ ਹੋਈ ਸੀ। ਹਾਲਾਂਕਿ, ਭਾਜਪਾ ਅਤੇ ਕਰਨੀ ਸੈਨਾ ਦੋਵਾਂ ਨੇ ਇਸ ਵਿਅਕਤੀ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

# ਸ਼ਸ਼ੀ ਥਰੂਰ ਨੇ ਦਿੱਲੀ 'ਚ ਚੱਲ ਰਹੇ 19 ਸਮਿਟ ਦੀ ਕੀਤੀ ਤਾਰੀਫ਼

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 21 ਫਰਵਰੀ। ਕਾਂਗਰਸ ਦੇ ਲੋਕ ਸਭਾ ਮੈਂਬਰ ਸ਼ਸ਼ੀ ਥਰੂਰ ਨੇ ਏਆਈ 'ਚੇ ਇੱਥੇ ਆਯੋਜਿਤ ਵਿਸ਼ਵ ਸੰਮੇਲਨ ਨੂੰ ਭਾਰਤ ਦੀਆਂ ਸਮਰੱਥਾਵਾਂ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਾਰ ਦਿੱਤਾ ਅਤੇ ਕਿਹਾ ਕਿ ਇਸ 'ਚ ਵਿਸ਼ਵ ਦੇ ਵੱਡੇ ਨੇਤਾਵਾਂ ਦੀ ਮੌਜੂਦਗੀ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਨੂੰ ਲੈ ਕੇ ਵੱਡਾ ਸੰਦੇਸ਼ ਦੇਣ ਵਾਲੀ ਹੈ। ਉਨ੍ਹਾਂ ਨੇ ਰਾਫੇਲ ਸੌਦੇ ਦਾ ਵੀ ਜ਼ਿਕਰ ਕੀਤਾ ਅਤੇ ਇਸ ਨੂੰ ਰੱਖਿਆ ਖੇਤਰ 'ਚ ਦੇਸ਼ ਦੀ ਆਤਮਨਿਰਭਰਤਾ ਲਈ ਜ਼ਰੂਰੀ ਦੱਸਦੇ ਹੋਏ ਕਿਹਾ ਕਿ ਇਸ 'ਚ ਵੱਡੀ ਗੱਲ ਇਹ ਹੈ ਕਿ ਰਾਫੇਲ ਦੇ ਕੁਝ ਹਿੱਸਿਆਂ ਦਾ ਨਿਰਮਾਣ ਭਾਰਤ 'ਚ ਹੋਣਾ ਜ਼ਿਆਦਾ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਰਾਫੇਲ ਮਾਮਲੇ 'ਚ ਉਹ ਸਰਕਾਰ ਦਾ ਸਮਰਥਨ ਕਰਦੇ ਹਨ। ਥਰੂਰ ਨੇ ਸ਼ੁੱਕਰਵਾਰ ਨੂੰ ਇੱਥੇ ਭਾਰਤ ਮੰਡਪਮ 'ਚ ਪੱਤਰਕਾਰਾਂ ਨੂੰ ਕਿਹਾ,"ਏਆਈ ਸੰਮੇਲਨ ਦੇ ਸ਼ੁਰੂਆਤੀ ਦਿਨ ਬੇਹੱਦ ਸਫ਼ਲ ਰਹੇ ਹਨ। ਕੁਝ ਛੋਟੀਆਂ ਪਰੇਸ਼ਾਨੀਆਂ ਆਈਆਂ ਪਰ ਵੱਡੇ ਆਯੋਜਨਾਂ 'ਚ ਅਜਿਹਾ ਹੋਣਾ ਆਮ ਗੱਲ ਹੈ। ਵੱਖ-ਵੱਖ ਦੇਸ਼ਾਂ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਹੋਰ ਵਿਸ਼ਵ ਨੇਤਾਵਾਂ ਦੀ



ਮੌਜੂਦਗੀ ਇਸ ਆਯੋਜਨ 'ਚ ਬੇਹੱਦ ਪ੍ਰਭਾਵਸ਼ਾਲੀ ਰਹੀ ਹੈ। ਸੰਮੇਲਨ 'ਚ ਏਆਈ ਦੀ ਵਿਕਾਸ ਯਾਤਰਾ 'ਚ ਦੁਨੀਆ ਦੇ ਨੇਤਾ ਏਕੀਕ੍ਰਿਤ ਦੁਨੀਆ ਦੀ ਕਲਪਨਾ ਕਰਦੇ ਹੋਏ ਇਕ ਅਜਿਹਾ ਮਜ਼ਬੂਤ ਸੰਦੇਸ਼ ਲੈ ਕੇ ਆਏ ਹਨ, ਜਿੱਥੇ ਸਮਾਜ 'ਤੇ ਇਸ ਦੇ ਪ੍ਰਭਾਵਾਂ ਨੂੰ ਦੇਖਣਾ ਸਰਵਉੱਚ ਹੋਵੇਗਾ। ਭਾਰਤ ਦੀ ਇਸ ਖੇਤਰ 'ਚ ਵਧਦੀ ਰੁਚੀ ਨੇ ਸਪੱਸ਼ਟ ਰੂਪ ਨਾਲ ਇਸ ਪਹਿਲ ਨੂੰ ਗਤੀ ਦਿੱਤੀ ਹੈ। ਰਾਫੇਲ ਲੜਾਕੂ ਜਹਾਜ਼ ਸੌਦੇ ਨੂੰ ਲੈ ਕੇ ਇਕ ਸਵਾਲ 'ਤੇ ਉਨ੍ਹਾਂ ਕਿਹਾ,"ਜਿੱਥੇ ਤੱਕ ਫਰਾਂਸੀਸੀ ਰਾਫੇਲ ਦੀ ਗੱਲ ਹੈ, ਇਸ ਲਈ ਕੁਝ ਹਿੱਸੇ ਭਾਰਤ 'ਚ ਨਿਰਮਿਤ ਹੋ ਰਹੇ ਹਨ ਅਤੇ ਇਹ ਸਮਝੌਤੇ ਦਾ ਇਕ ਬਹੁਤ ਮਹੱਤਵਪੂਰਨ ਪਹਿਲੂ ਹੈ, ਕਿਉਂਕਿ ਇਹ ਸਾਡੀ ਰੱਖਿਆ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਰੱਖਿਆ ਖੇਤਰ 'ਚ ਸਾਡੀ ਆਤਮਨਿਰਭਰਤਾ ਨੂੰ ਵੀ ਵਧਾਉਂਦਾ ਹੈ।" ਉਨ੍ਹਾਂ ਕਿਹਾ,"ਭਾਰਤ ਲਈ ਰੱਖਿਆ ਸੌਦਾ ਇਸ ਲਈ ਮਹੱਤਵਪੂਰਨ ਨਹੀਂ ਹੈ ਕਿ ਅਸੀਂ ਯੁੱਧ ਕਰਨਾ ਚਾਹੁੰਦੇ ਹਾਂ, ਸਗੋਂ ਇਸ 'ਚ ਮਹੱਤਵਪੂਰਨ ਇਹ ਹੈ ਕਿ ਅਸੀਂ ਨਹੀਂ ਚਾਹੁੰਦੇ ਕਿ ਕੋਈ ਸਾਨੂੰ ਕਮਜ਼ੋਰ ਸਮਝੇ। ਇਹ ਅਸਲ 'ਚ ਇਕ ਮਹੱਤਵਪੂਰਨ ਰੱਖਿਆਤਮਕ ਪਹਿਲ ਹੈ ਅਤੇ ਮੈਂ ਇਸ ਮਾਮਲੇ 'ਚ ਸਰਕਾਰ ਦਾ ਸਮਰਥਨ ਕਰਦਾ ਹਾਂ।"



# ਪਤਨੀ 'ਤੇ ਚੜ੍ਹਿਆ ਆਸ਼ਕੀ ਦਾ ਭੂਤ, ਪਤੀ ਨੂੰ ਮਰਵਾਉਣ ਲਈ ਦੇ ਦਿੱਤੀ 5 ਲੱਖ ਦੀ ਸੁਪਾਰੀ

ਪਟਿਆਲਾ 21 ਫਰਵਰੀ। ਕੁਝ ਦਿਨ ਪਹਿਲਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਟਿਆਲਾ ਦੇ ਪਿੰਡ ਮਜਾਲ ਦੇ ਇਕ ਸਰਾਬ ਦੇ ਠੇਕੇ 'ਤੇ ਸਰਾਬ ਪੀਣ ਲਈ ਜਾ ਰਹੇ 3 ਵਿਆਕਤੀਆਂ 'ਤੇ ਗੋਲੀਆਂ ਚੱਲੀਆਂ ਸਨ। ਇਸ ਘਟਨਾ ਵਿਚ 2 ਵਿਆਕਤੀ ਬੁਰੀ ਤਰ੍ਹਾਂ ਜਖਮੀ ਹੋਏ ਸਨ। ਜਖਮੀਆਂ ਦੀ ਪਛਾਣ ਪਾਲਾ ਰਾਮ ਅਤੇ ਬਲਜਿੰਦਰ ਸਿੰਘ ਵੱਜੋਂ ਹੋਈ ਸੀ, ਜੋਕਿ ਪਿੰਡ ਤੇਜਾ ਦੇ ਰਹਿਣ ਵਾਲੇ ਸਨ। ਹੁਣ ਇਸ ਮਾਮਲੇ ਵਿਚ ਪੁਲਸ ਨੇ 2 ਵਿਅਕਤੀ ਅਤੇ 1 ਔਰਤ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਪਾਸੋਂ ਪਿਸਤੌਲ ਵਾਰਦਾਤ ਵਿੱਚ ਵਰਤੇ ਹੋਏ ਬਰਾਮਦ ਕੀਤੇ ਗਏ ਹਨ। ਇਸ ਸਾਰੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਐੱਸ. ਐੱਸ. ਪੀ. ਪਟਿਆਲਾ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਜਿਸ ਵਿਅਕਤੀ ਦੀ ਅੱਖ 'ਤੇ ਗੋਲੀ ਲੱਗ ਕੇ ਦੂਜੇ ਬੰਦਾ ਬਲਜਿੰਦਰ ਸਿੰਘ ਦੀ ਗਰਦਨ ਵਿਚ ਜਾ ਵੱਜੀ ਸੀ। ਵੱਡਾ ਖੁਲਾਸਾ ਇਹ ਹੋਇਆ ਹੈ ਕਿ ਬਲਜਿੰਦਰ ਸਿੰਘ ਦੀ ਪਤਨੀ ਮਨਪ੍ਰੀਤ ਸਿੰਘ ਨੇ ਇਹ ਸਾਰੀ ਸਾਜਿਸ ਆਪਣੇ ਨਾਲ ਦੇ ਗੁਆਂਢੀ ਆਸ?ਿਕ ਹਰਸਿਮਰਨਜੀਤ ਸਿੰਘ ਉਰਫ ਗੋਰਾ ਨਾਲ ਮਿਲ ਕੇ ਰਚੀ ਸੀ ਕਿਉਂਕਿ ਅਕਸਰ ਬਲਜਿੰਦਰ ਸਿੰਘ ਆਪਣੀ ਪਤਨੀ ਮਨਪ੍ਰੀਤ ਕੌਰ ਦੀ ਕੁੱਟਮਾਰ ਕਰਦਾ ਸੀ ਅਤੇ ਉਹ ਕੰਬਾਈਨ ਦਾ ਕੰਮ ਕਰਦਾ ਸੀ, ਜਿਸ ਕਰਕੇ ਦੋਸੀ ਪਤਨੀ ਮਨਪ੍ਰੀਤ ਕੌਰ ਨੇ ਆਪਣੇ ਆਸ?ਿਕ ਦੇ ਨਾਲ ਮਿਲ ਆਪਣੇ ਪਤੀ ਨੂੰ ਮਰਵਾਉਣ ਦੀ 5 ਲੱਖ ਰੁਪਏ ਦੇ ਕੇ ਸਾਜ?ਿਸ ਰਚੀ। ਦੋਵਾਂ ਨੇ ਮਿਲ ਕੇ ਕਰਨ ਸਿੰਘ ਉਰਫ ਨਿਖਿਲ ਨੂੰ 5 ਲੱਖ




ਰੁਪਏ ਦੇ ਬਲਜਿੰਦਰ ਸਿੰਘ ਦੀ ਸੁਪਾਰੀ ਦਿੱਤੀ ਸੀ। ਜਿਸ ਵਿੱਚੋਂ ਕਤਲ ਕਰਨ ਵਾਲੇ ਕਰਨ ਨੂੰ ਹੁਣ ਤੱਕ 1 ਲੱਖ 55 ਹਜਾਰ ਦੇ ਚੁੱਕੇ ਸਨ ਅਤੇ 2 ਜਨਵਰੀ ਨੂੰ ਬਲਜਿੰਦਰ ਸਿੰਘ ਆਪਣੀ ਪਤਨੀ ਨੂੰ ਦੱਸ ਕੇ ਘਰ ਤੋਂ ਸਰਾਬ ਪੀਣ ਲਈ ਆਪਣੇ ਪਿੰਡ ਦੇ ਕੁਝ ਸਾਥੀਆਂ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਮਜਾਲ ਦੇ ਠੇਕੇ 'ਤੇ ਗਿਆ ਸੀ। ਜਿਸ ਦੀ ਜਾਣਕਾਰੀ ਦੋਸੀ ਪਤਨੀ ਮਨਪ੍ਰੀਤ ਕੌਰ ਨੇ ਆਪਣੇ ਆਸ?ਿਕ ਹਰਸਿਮਰਨਜੀਤ ਨੂੰ ਦਿੱਤੀ ਅਤੇ ਫਿਰ ਹਰਸਿਮਰਨ ਨੇ ਅੱਗੇ ਜਿਸ ਵਿਅਕਤੀ ਨੂੰ ਕਤਲ ਕਰਨ ਲਈ ਪੈਸੇ ਦਿੱਤੇ ਸੀ, ਪਿਸਤੌਲ ਵਾਰਦਾਤ ਵਿੱਚ ਵਰਤੇ ਹੋਏ ਬਰਾਮਦ ਕੀਤੇ ਗਏ ਹਨ। ਇਸ ਸਾਰੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਐੱਸ. ਐੱਸ. ਪੀ. ਪਟਿਆਲਾ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਜਿਸ ਵਿਅਕਤੀ ਦੀ ਅੱਖ 'ਤੇ ਗੋਲੀ ਲੱਗ ਕੇ ਦੂਜੇ ਬੰਦਾ ਬਲਜਿੰਦਰ ਸਿੰਘ ਦੀ ਗਰਦਨ ਵਿਚ ਜਾ ਵੱਜੀ ਸੀ। ਵੱਡਾ ਖੁਲਾਸਾ ਇਹ ਹੋਇਆ ਹੈ ਕਿ ਬਲਜਿੰਦਰ ਸਿੰਘ ਦੀ ਪਤਨੀ ਮਨਪ੍ਰੀਤ ਸਿੰਘ ਨੇ ਇਹ ਸਾਰੀ ਸਾਜਿਸ ਆਪਣੇ ਨਾਲ ਦੇ ਗੁਆਂਢੀ ਆਸ?ਿਕ ਹਰਸਿਮਰਨਜੀਤ ਸਿੰਘ ਉਰਫ ਗੋਰਾ ਨਾਲ ਮਿਲ ਕੇ ਕਰਨ ਨੂੰ ਉਸ ਨੂੰ ਇਹ ਸਾਰੀ ਜਾਣਕਾਰੀ ਦਿੱਤੀ ਅਤੇ ਆਖਿਆ ਕਿ ਇਸ ਤੋਂ ਵਧੀਆ ਮੌਕਾ ਹੋਰ ਕੋਈ ਨਹੀਂ ਹੋਵੇਗਾ। ਜਿਵੇਂ ਹੀ ਬਲਜਿੰਦਰ ਸਿੰਘ ਅਤੇ ਉਸ ਦੇ ਸਾਥੀ ਸਰਾਬ ਦੇ ਠੇਕੇ 'ਤੇ ਪਹੁੰਚਦੇ ਹਨ ਤਾਂ ਕਰਨ ਉਰਫ ਨਿਖਿਲ ਉਨ੍ਹਾਂ 'ਤੇ ਗੋਲੀਆਂ ਚਲਾ ਦਿੰਦਾ ਹੈ। ਪੁਲਸ ਨੇ ਹੁਣ ਤਿੰਨੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ 'ਤੇ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਇਨ੍ਹਾਂ ਕੋਲੋਂ ਪੁਲਸ ਨੂੰ ਹੁਣ ਤੱਕ ਵਾਰਦਾਤ ਦੇ ਵਿੱਚ ਵਰਤਿਆ ਹੋਇਆ ਮੋਟਰਸਾਈਕਲ ਅਤੇ ਇਕ ਪਿਸਤੌਲ 32 ਬੋਰ ਸਮੇਤ ਜ?ਿੰਦਾ ਕਾਰਤੂਸ 6 ਅਤੇ ਇਕ ਪਿਸਤੌਲ 315 ਬੋਰ ਸਮੇਤ 4 ਜ?ਿੰਦਾ ਕਾਰਤੂਸ ਬਰਾਮਦ ਕੀਤੇ ਹਨ।

## ਚੋਰਾਂ ਨੇ ਬੰਦ ਪਏ ਘਰ 'ਚੋਂ 15 ਤੋਲੇ ਸੋਨੇ ਦੇ ਗਹਿਣੇ, 2 ਕਿਲੋ ਚਾਂਦੀ ਅਤੇ 35 ਹਜਾਰ ਰੁਪਏ ਕੀਤੇ ਚੋਰੀ

ਦੀਨਾਨਗਰ 21 ਫਰਵਰੀ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਬਹਿਰਾਮਪੁਰ ਦੇ ਇਲਾਕੇ ਅੰਦਰ ਨਿੱਤ ਦਿਨ ਚੋਰੀ ਦੀਆਂ ਘਟਨਾ ਵੱਧਣ ਕਾਰਨ ਲੋਕਾਂ ਵਿੱਚ ਚੋਰਾਂ ਦੀ ਦਹਿਸ਼ਤ ਵਾਲਾ ਮਾਹੌਲ ਪਾਇਆ ਜਾ ਰਿਹਾ ਹੈ। ਤਾਜਾ ਮਾਮਲਾ ਥਾਣਾ ਬਹਿਰਾਮਪੁਰ ਦੇ ਪਿੰਡ ਮਰਾੜਾ ਤੋਂ ਸਾਹਮਣੇ ਆਇਆ ਹੈ, ਜਿਥੇ ਚੋਰਾਂ ਨੇ ਇੱਕ ਬੰਦ ਘਰ ਵਿੱਚੋਂ 15 ਤੋਲੇ ਸੋਨਾ, 2 ਕਿਲੋ ਚਾਂਦੀ ਅਤੇ 35 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਲਈ ਹੈ। ਪਰਿਵਾਰਕ ਮੈਂਬਰਾ ਨੇ ਦੱਸਿਆ ਕਿ ਉਹ ਆਪਣੇ ਲੜਕੇ ਦੀਪਕ ਕੋਲ ਚੰਡੀਗੜ੍ਹ ਗਏ ਸੀ ਅਤੇ ਜਦੋਂ ਸਾਮ 7 ਵਜੇ ਦੇ ਕਰੀਬ ਘਰ ਪਹੁੰਚੇ ਤਾਂ ਗੇਟ ਦਾ ਤਾਲਾ ਖੁੱਲ੍ਹਿਆ ਹੋਇਆ ਸੀ।



ਸਾਡੇ ਕਮਰਿਆਂ ਦੇ ਦਰਵਾਜੇ ਟੁੱਟੇ ਹੋਏ ਸਨ, ਘਰ ਵਿੱਚ ਰੱਖੀ ਅਲਮਾਰੀ ਦੇ ਤਾਲੇ ਵੀ ਟੁੱਟੇ ਹੋਏ ਸਨ ਅਤੇ ਬੈੱਡ ਵਿੱਚ ਰੱਖਿਆ ਸਾਮਾਨ ਵੀ ਖਿੱਲਰਿਆ ਪਿਆ ਸੀ ਤਾਂ ਚੋਰਾਂ ਨੇ ਅੰਦਰ ਰੱਖਿਆ 15 ਤੋਲੇ ਸੋਨਾ, 2 ਕਿਲੋ ਚਾਂਦੀ ਅਤੇ 35 ਹਜਾਰ ਰੁਪਏ ਚੋਰੀ ਕਰ ਲਿਆ ਹੈ। ਇਸ ਸਬੰਧੀ ਥਾਣਾ ਬਹਿਰਾਮਪੁਰ ਵਿਖੇ ਲਿਖਤੀ ਸ?ਿਕਾਇਤ ਦਰਜ ਕਰਵਾਈ ਗਈ ਹੈ। ਉਧਰ ਇਸ ਸੰਬੰਧੀ ਜਦੋਂ ਥਾਣਾ ਮੁਖੀ ਬਹਿਰਾਮਪੁਰ ਓਕਾਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮੌਕੇ ਤੇ ਪਹੁੰਚ ਕੇ ਸਾਰੀ ਘਟਨਾ ਦਾ ਜਾਇਜਾ ਲਿਆ ਗਿਆ ਹੈ ਅਤੇ ਇਸ ਸਬੰਧੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ

## ਬਠਿੰਡਾ 'ਚ ਵਾਪਰੇ ਦੋਹਰੇ ਕਤਲ ਕਾਂਡ ਵਿਚ ਸਨਸਨੀਖੇਜ ਖੁਲਾਸਾ, ਸਾਹਮਣੇ ਆਇਆ ਹੈਰਾਨ ਕਰਨ ਵਾਲਾ ਸੱਚ

ਬਠਿੰਡਾ 21 ਫਰਵਰੀ। ਲਗਭਗ 24 ਘੰਟੇ ਪਹਿਲਾਂ ਜ?ਿਲ੍ਹੇ ਦੇ ਪਿੰਡ ਬਦਿਆਲਾ ਵਿਚ ਦੇਰ ਰਾਤ ਇਕ ਬਜੁਰਗ ਜੋੜੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਪੁਲਸ ਨੇ ਕੁਝ ਹੀ ਘੰਟਿਆਂ ਵਿਚ ਹੀ ਇਸ ਕੇਸ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ, ਜਿਸ ਵਿਚ ਕਾਤਲ ਕੋਈ ਹੋਰ ਨਹੀਂ ਸਗੋਂ ਮ੍ਰਿਤਕ ਕਿਆਸ ਸਿੰਘ (66) ਦਾ ਭਰਾ ਵਿਕਰਮ ਸਿੰਘ ਨਿਕਲਿਆ, ਜਿਸ ਨੇ ਆਪਣੇ ਭਰਾ ਅਤੇ ਭਰਜਾਈ ਦਾ ਕਤਲ ਕੀਤਾ। ਜਮੀਨੀ ਵਿਵਾਦ ਦੇ ਚੱਲਦੇ ਉਸ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ। ਘਟਨਾ ਸਮੇਂ



ਕਾਤਲ ਵਿਕਰਮ ਸਿੰਘ ਆਪਣੇ ਵੱਡੇ ਭਰਾ ਕਿਆਸ ਸਿੰਘ ਦੇ ਘਰ ਗਿਆ, ਜਦੋਂ ਉਸਦਾ ਭਰਾ ਦੁੱਧ ਲੈਣ ਗਿਆ ਹੋਇਆ ਸੀ। ਉਸਨੇ ਇਸ ਦੌਰਾਨ ਆਪਣੀ ਭਾਬੀ ਅਮਰਜੀਤ ਕੌਰ (62) ਦਾ ਕਤਲ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਉਹ ਲੁਕ ਕੇ ਬੈਠ ਗਿਆ। ਜਿਵੇਂ ਹੀ ਉਸਦਾ ਭਰਾ ਦੁੱਧ ਲੈ ਕੇ ਵਾਪਸ ਆਇਆ, ਵਿਕਰਮ ਸਿੰਘ ਨੇ ਤੇਜਧਾਰ ਹਥਿਆਰ ਨਾਲ ਉਸਦਾ ਵੀ ਕਤਲ ਕਰ ਦਿੱਤਾ। ਸੱਚਾਈ ਨੂੰ ਲੁਕਾਉਣ ਲਈ ਉਸਨੇ ਆਪਣੇ ਹੱਥਿਆਰ ਸੀਵਰੇਜ ਵਿਚ ਸੁੱਟ ਦਿੱਤੇ ਅਤੇ ਆਪਣੇ ਕੱਪੜੇ ਬਦਲ ਲਏ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਮ੍ਰਿਤਕ ਕਿਆਸ ਸਿੰਘ ਦੇ ਪੁੱਤਰ ਅਤੇ ਨੂੰਹ ਜੋ ਕੇਂਦਰੀ ਸੁਰੱਖਿਆ ਬਲ ਵਿਚ ਦੇਸ ਦੀ ਰੱਖਿਆ ਕਰ ਰਹੇ ਹਨ, ਨੇ ਆਪਣੇ ਮਾਤਾ-ਪਿਤਾ ਨੂੰ ਫੋਨ ਕੀਤਾ ਪਰ ਫੋਨ ਨਹੀਂ ਚੁਕਿਆ। ਫਿਰ ਉਨ੍ਹਾਂ ਨੇ ਗੁਆਂਢੀਆਂ ਨੂੰ ਫੋਨ ਕੀਤਾ, ਜਿੱਥੋਂ ਪਤਾ ਲੱਗਾ ਕਿ ਉਨ੍ਹਾਂ ਦੇ ਮਾਤਾ-ਪਿਤਾ ਦਾ ਕਤਲ ਹੋ ਗਿਆ ਹੈ।

# ਪੰਜਾਬ ਦੇ ਸਰਕਾਰੀ ਮੁਲਾਜਮਾਂ ਲਈ ਵੱਡੀ ਖੁਸ਼ਖਬਰੀ

ਮੋਹਾਲੀ 21 ਫਰਵਰੀ। ਪੰਜਾਬ ਦੇ ਸਰਕਾਰੀ ਮੁਲਾਜਮਾਂ ਲਈ ਵੱਡੀ ਖੁਸ਼ਖਬਰੀ ਹੈ। ਦਰਅਸਲ ਮੁੱਖ ਮੰਤਰੀ ਭਗਵੰਤ ਮਾਨ ਨੇ ਮੋਹਾਲੀ 'ਚ ਅਧਿਕਾਰੀਆਂ ਨੂੰ ਸਰਕਾਰੀ ਰਿਹਾਇਸ਼ ਦੇਣ ਲਈ ਗਮਾਡਾ ਤੋਂ 167 ਫਲੈਟ ਖਰੀਦੇ ਹਨ। ਜਾਣਕਾਰੀ ਮੁਤਾਬਕ ਬੀਤੇ ਦਿਨ ਡਿਪਟੀ ਕਮਿਸਨਰ ਆਸ?ਿਕਾ ਜੈਨ ਨੇ ਮੋਹਾਲੀ ਵਿਖੇ ਪੁਰਬ ਪ੍ਰੀਮੀਅਮ ਅਪਾਰਟਮੈਂਟਸ ਦਾ ਦੌਰਾ ਕਰਕੇ ਭਗਵੰਤ ਮਾਨ ਸਰਕਾਰ ਵਲੋਂ ਖਰੀਦੇ ਗਏ ਫਲੈਟਾਂ ਦਾ ਜਾਇਜਾ ਲਿਆ। ਇਨ੍ਹਾਂ ਫਲੈਟਾਂ ਦਾ ਜਾਇਜਾ ਲੈਣ ਉਪਰੰਤ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਤੋਂ ਕਰੀਬ 167 ਟਾਈਪ 3 ਅਤੇ ਟਾਈਪ 2 ਫਲੈਟ ਖਰੀਦੇ ਗਏ ਹਨ, ਜੋ ਜਲਦੀ ਹੀ ਸੂਬਾ ਸਰਕਾਰ ਅਤੇ ਜ?ਿਲ੍ਹਾ ਪ੍ਰਸਾਸਨ ਨੂੰ ਸੌਂਪੇ ਜਾਣਗੇ। ਉਨ੍ਹਾਂ ਦੱਸਿਆ ਕਿ ਪ੍ਰਸਾਸਨਿਕ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਦੀ ਟੀਮ ਨਾਲ ਇਨ੍ਹਾਂ ਫਲੈਟਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਦੌਰਾ ਕੀਤਾ ਗਿਆ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਸਰਕਾਰੀ ਮਕਾਨਾਂ ਦੀ ਮੰਗ ਅਨੁਸਾਰ ਸਾਰੀਆਂ



ਲੋੜੀਂਦੀਆਂ ਲੋੜਾਂ ਦੀ ਜਾਂਚ ਕਰਨ ਲਈ ਕਿਹਾ ਗਿਆ। ਲੋਕ ਨਿਰਮਾਣ ਵਿਭਾਗ ਦੀ ਟੀਮ 'ਚ ਸਿਵਲ ਅਤੇ ਇਲੈਕਟ੍ਰੀਕਲ ਵਿੰਗ ਦੇ ਅਧਿਕਾਰੀਆਂ ਤੋਂ ਇਲਾਵਾ ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ ਦੇ ਅਧਿਕਾਰੀ ਵੀ ਸਾਮਲ ਸਨ। ਡਿਪਟੀ ਕਮਿਸਨਰ ਨੇ ਕਿਹਾ ਕਿ ਮੋਹਾਲੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਸਰਕਾਰੀ ਰਿਹਾਇਸ ਦੀ ਮੰਗ ਨੂੰ ਪੰਜਾਬ ਸਰਕਾਰ ਦੀ ਪਹਿਲ ਕਦਮੀ ਨਾਲ ਜਲਦੀ ਹੀ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ?ਿਲ੍ਹਾ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਦੀਆਂ ਅਰਜੀਆਂ ਨੂੰ ਸੂਬਾ ਸਰਕਾਰ ਦੇ ਮਕਾਨ ਅਲਾਟਮੈਂਟ ਨਿਯਮਾਂ ਅਨੁਸਾਰ ਵਿਚਾਰਿਆ ਜਾ ਸਕੇ। ਜ?ਿਲ੍ਹਾ ਅਧਿਕਾਰੀਆਂ ਤੋਂ ਇਲਾਵਾ ਪੰਜਾਬ ਸਰਕਾਰ ਦੇ ਆਮ ਪ੍ਰਸਾਸਨ ਵਿਭਾਗ ਵੱਲੋਂ ਸੂਬਾਈ ਅਧਿਕਾਰੀਆਂ ਨੂੰ ਵੀ ਕੁੱਝ ਫਲੈਟ ਅਲਾਟ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਨਾਲ ਏ. ਡੀ. ਸੀ. ਵਿਰਾਜ ਐੱਸ ਤਿੜਕੇ, ਐੱਸ. ਡੀ. ਐੱਮ. ਦਮਨਦੀਪ ਕੌਰ, ਸਹਾਇਕ ਕਮਿਸਨਰ ਡਾ. ਅੰਕਿਤਾ ਕਾਂਸਲ ਵੀ ਮੌਜੂਦ ਸਨ।

## ਚੋਰਾਂ ਦਾ ਹੈਰਾਨੀਜਨਕ ਕਾਰਨਾਮਾ: ਚੋਰਾਂ ਵਲੋਂ ਟਰਾਂਸਫਾਰਮਰ ਚੋਰੀ, 25 ਦਿਨਾਂ ਤੋਂ ਨਹੀਂ ਆਈ ਬਿਜਲੀ

ਨੈਸਨਲ ਡੈਸਕ 21 ਫਰਵਰੀ। ਉੱਤਰ ਪ੍ਰਦੇਸ ਦੇ ਬਦੌਣ ਜ?ਿਲ੍ਹੇ ਦੇ ਉਘੈਤੀ ਇਲਾਕੇ ਦੇ ਸੋਰਾਹਾ ਪਿੰਡ ਦੇ ਲੋਕ 14 ਦਸੰਬਰ ਤੋਂ 250 ਕੇਵੀਏ ਟ੍ਰਾਂਸਫਾਰਮਰ ਦੀ ਚੋਰੀ ਹੋਣ ਤੋਂ ਬਾਅਦ ਬਿਜਲੀ ਦੇ ਬਿਨਾਂ ਰਹਿ ਰਹੇ ਹਨ। ਸਥਾਨਕ ਲੋਕਾਂ ਅਤੇ ਅਧਿਕਾਰੀਆਂ ਦੇ ਅਨੁਸਾਰ ਚੋਰਾਂ ਨੇ ਨੇੜਲੇ ਖੇਤਾਂ ਵਿੱਚੋਂ ਟ੍ਰਾਂਸਫਾਰਮਰ ਨੂੰ ਪੁੱਟ ਦਿੱਤਾ, ਜਿਸ ਤੋਂ ਬਾਅਦ ਉਹ ਉਸ ਦੇ ਪੁਰਜੇ ਅਤੇ ਹੋਰ ਕੀਮਤੀ ਸਮਾਨ ਚੋਰੀ ਕਰ ਲਿਆ ਅਤੇ ਮੌਕੇ ਤੋਂ ਫਰਾਰ ਹੋ ਗਏ। ਬਿਜਲੀ ਵਿਭਾਗ ਨੇ ਇਸ ਮਾਮਲੇ ਦੀ ਜਾਂਚ ਕਰਨੀ ਸੂਰੂ ਕਰ ਦਿੱਤੀ ਹੈ। ਚੋਰੀ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਬਿਜਲੀ ਵਿਭਾਗ ਨੇ ਜਾਂਚ ਕਰਨੀ ਸੁਰੁ ਕਰ ਦਿੱਤੀ ਪਰ 25 ਦਿਨ ਬੀਤ ਜਾਣ ਤੋਂ ਬਾਅਦ ਵੀ



ਪਿੰਡ ਵਿੱਚ ਕੋਈ ਨਵਾਂ ਟ੍ਰਾਂਸਫਾਰਮਰ ਨਹੀਂ ਲਗਾਇਆ ਗਿਆ। ਇਸ ਨਾਲ ਪਿੰਡ ਵਾਸੀਆਂ ਵਿੱਚ ਨਿਰਾਸਾ ਵਧ ਰਹੀ ਹੈ, ਜਿਨ੍ਹਾਂ ਨੂੰ ਹੁਣ ਬਿਜਲੀ ਦੀ ਘਾਟ ਕਾਰਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਗਭਗ ਪੰਜ ਹਜਾਰ ਦੀ ਆਬਾਦੀ ਵਾਲਾ ਇਹ ਪਿੰਡ ਹਨੇਰੇ ਵਿੱਚ ਡੁੱਬਿਆ ਹੋਇਆ ਹੈ। ਫਰਵਰੀ ਵਿੱਚ ਸੂਰੂ ਹੋਣ ਵਾਲੀਆਂ ਉੱਤਰ ਪ੍ਰਦੇਸ ਬੋਰਡ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਿਜਲੀ ਤੋਂ ਬਿਨਾਂ, ਵਿਦਿਆਰਥੀ ਰਾਤ ਨੂੰ ਪੜ੍ਹਾਈ ਨਹੀਂ ਕਰ ਸਕਦੇ, ਜਿਸ ਨਾਲ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਪੈ ਰਿਹਾ ਹੈ। ਪਿੰਡ ਦੇ ਮੁਖੀ ਸਤਪਾਲ ਸਿੰਘ ਨੇ ਕਿਹਾ, "ਬਿਜਲੀ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਅਤੇ ਪਿੰਡ ਵਾਸੀਆਂ ਦਾ ਰੋਜਾਨਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

## ਫਾਜਿਲਕਾ ਪੁਲਸ ਨੂੰ ਵੱਡੀ ਸਫਲਤਾ, ਨਸ਼ੀਲੀਆਂ ਗੋਲੀਆਂ ਤੇ ਡਰੱਗ ਮਨੀ ਸਣੇ 4 ਗ੍ਰਿਫਤਾਰ

ਫਾਜਲਿਕਾ 21 ਫਰਵਰੀ। ਨਸਾ ਤਸਕਰਾਂ ਖ?ਿਲਾਫ ਚਲਾਈ ਵਿਸੇਸ ਮੁਹਿੰਮ ਤਹਿਤ ਫਾਜ?ਿਲਕਾ ਪੁਲਸ ਨੂੰ ਵੱਡੀ ਸਫਲਤਾ ਹਾਸਲ ਕਰਦੇ ਹੋਏ 4 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤਹਿਤ ਇਕ ਟਰੱਕ 'ਚੋਂ ਵੱਡੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਅਤੇ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਥਾਣਾ ਸਦਰ ਜਲਾਲਾਬਾਦ ਦੀ ਟੀਮ ਜਦੋਂ ਬੱਸ ਅੱਡਾ ਪਿੰਡ ਸੁਖੇਰਾ ਬੋਦਲਾ ਵਿਖੇ ਗਸ਼ਤ 'ਤੇ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਜੂ ਰਾਮ ਪੁੱਤਰ ਸੁੱਖ ਰਾਮ ਵਾਸੀ ਅਤੇ 10 ਹੋਰ ਸਾਥੀਆਂ ਨਾਲ ਨਸ਼ੀਲੀਆਂ ਗੋਲੀਆਂ ਵੇਚਦਾ ਹੈ। ਉਹ ਸਾਰੇ ਟਰੱਕ ਰਾਹੀਂ ਬਾਹਰਲੇ ਸੂਬਿਆਂ ਤੋਂ ਨਸੀਲੀਆਂ ਗੋਲੀਆਂ ਲਿਆ ਕੇ ਫਾਜ?ਿਲਕਾ-ਫਿਰੋਜਪੁਰ ਰੋਡ ਪਿੰਡ ਲਮੋਚੜ ਕਲਾਂ ਲੰਘ ਕੇ ਪਿੰਡ ਮੌਜੇ ਵਾਲਾ ਨੂੰ ਜਾਂਦੀ ਨਹਿਰ ਦੇ ਨਾਲ ਜਾਂਦੀ ਲਿੰਕ ਸੜਕ ਪਰ ਖੜ੍ਹ ਕੇ ਨਸੀਲੀਆਂ ਗੋਲੀਆਂ ਦੇ ਡੱਬੇ ਵੰਡ ਰਹੇ ਹਨ। ਇਹ ਨਸ਼ੀਲੀਆਂ ਗੋਲੀਆਂ ਉਨ੍ਹਾਂ ਨੇ ਬੋਲੈਰੋ ਗੱਡੀ 'ਤੇ ਲੋਡ ਕਰਕੇ ਅੱਗੇ ਲਿਜਾਣੀਆਂ ਹਨ। ਉਸ ਦਾ ਡਰਾਈਵਰ ਵਰਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਜਲਾਲਾਬਾਦ ਹੈ। ਮੁਖਬਰ ਖਾਸ ਦੀ ਦੱਸੀ ਗਈ ਜਗ੍ਹਾ 'ਤੇ ਪੁਲਸ ਪਾਰਟੀ ਨੇ ਪੁੱਜ ਕੇ ਕੁੱਲ 2,10,000 ਨਸ਼ੀਲੀਆਂ ਗੋਲੀਆਂ ਅਤੇ 1 ਲੱਖ, 70 ਹਜਾਰ ਰੁਪਏ ਡਰੱਗ ਮਨੀ ਬਰਾਮਦ ਕੀਤੀ। ਮੌਕੇ 'ਤੇ ਉਕਤ ਟਰੱਕ, ਬਲੈਰੋ ਗੱਡੀ ਅਤੇ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ। 10 ਦੋਸ਼ੀਆਂ 'ਚੋਂ ਕੁੱਲ 4 ਦੋਸ਼ੀਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ ਅਤੇ ਬਾਕੀਆਂ ਦੀ ਭਾਲ ਜਾਰੀ ਹੈ।

# 2 ਦਿਨਾਂ 'ਚ 37 ਲੋਕਾਂ ਨੂੰ ਕੁੱਤਿਆਂ ਨੇ ਵੱਢਿਆ, ਜਿਆਦਤਰ ਨਾਬਾਲਗ ਬੱਚੇ ਹੋਏ ਸ਼ਿਕਾਰ

ਅਬੋਹਰ 21 ਫਰਵਰੀ। ਸ਼ਹਿਰਾਂ ਅਤੇ ਪਿੰਡਾਂ 'ਚ ਅਵਾਰਾ ਕੁੱਤਿਆਂ ਵਲੋਂ ਲੋਕਾਂ 'ਤੇ ਹਮਲਾ ਕਰਨ ਦੀਆਂ ਘਟਨਾਵਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ 2 ਦਿਨਾਂ ਦੌਰਾਨ ਕੁੱਤਿਆਂ ਦੇ ਵੱਢਣ ਦੇ 37 ਨਵੇਂ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਸਾਰੇ ਜ਼ਖ਼ਮੀਆਂ ਦਾ ਸਰਕਾਰੀ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਜਾਣਕਾਰੀ ਦਿੰਦਿਆਂ ਟੀਕਾਕਰਨ ਇੰਚਾਰਜ ਰੀਤੂ ਬਾਲਾ ਨੇ ਦੱਸਿਆ ਕਿ ਪਿਛਲੇ 2 ਦਿਨਾਂ ਦੌਰਾਨ ਕੁੱਤਿਆਂ ਦੇ ਵੱਢਣ ਦੇ 37 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚ ਜ਼ਿਆਦਾਤਰ ਸ਼ਿਕਾਰ ਨਾਬਾਲਗ ਬੱਚੇ ਹੋਏ ਹਨ। 1 ਤੋਂ 8 ਜਨਵਰੀ ਤੱਕ ਕੁੱਲ 66 ਕੇਸ ਹਸਪਤਾਲ ਵਿੱਚ ਆਏ ਹਨ। ਇਨ੍ਹਾਂ ਵਿੱਚੋਂ 90 ਫੀਸਦੀ ਦੇ ਕਰੀਬ ਅਵਾਰਾ ਕੁੱਤਿਆਂ ਅਤੇ 10 ਫੀਸਦੀ ਪਾਲਤੂ ਕੁੱਤਿਆਂ ਦੇ ਹਮਲੇ ਦਾ ਸ਼ਿਕਾਰ ਹੋਏ ਹਨ, ਜਦੋਂ ਕਿ ਸਾਲ 2024 ਵਿੱਚ ਕਰੀਬ 2865 ਮਾਮਲੇ ਸਾਹਮਣੇ ਆਏ ਸਨ। ਉਨ੍ਹਾਂ ਦੱਸਿਆ ਕਿ ਇਨ੍ਹੀਂ ਦਿਨੀਂ ਜੋ ਮਾਮਲੇ ਸਾਹਮਣੇ ਆਏ ਹਨ, ਉਨ੍ਹਾਂ 'ਚ ਕਈ ਮਾਮਲੇ ਇੰਨੇ ਭਿਆਨਕ ਹੁੰਦੇ ਹਨ ਅਤੇ ਕੁੱਤਿਆਂ ਨੇ ਇੰਨੀ ਬੁਰੀ ਤਰ੍ਹਾਂ ਵੱਢਿਆ ਹੁੰਦਾ ਹੈ ਕਿ ਉਨ੍ਹਾਂ ਨੂੰ ਦੇਖ ਕੇ ਇਨਸਾਨ ਦੀ



ਰੂਹ ਵੀ ਕੰਬ ਜਾਂਦੀ ਹੈ। ਇਸ ਸਬੰਧੀ ਨਗਰ ਨਿਗਮ ਦੇ ਚੀਫ ਸੈਨੇਟਰੀ ਇੰਸਪੈਕਟਰ ਜਸਵਿੰਦਰ ਸਿੰਘ ਅਤੇ ਸੈਨੇਟਰੀ ਇੰਸਪੈਕਟਰ ਕਰਤਾਰ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਹੁਣ ਤੱਕ 1500 ਦੇ ਕਰੀਬ ਕੁੱਤਿਆਂ ਦਾ ਟੀਕਾਕਰਨ ਕੀਤਾ ਜਾ ਚੁੱਕਾ ਹੈ, ਜਦੋਂ ਕਿ ਹੁਣ ਇਹ ਮੁਹਿੰਮ ਪਿਛਲੇ ਤਿੰਨ ਮਹੀਨਿਆਂ ਤੋਂ ਬੰਦ ਪਈ ਹੈ ਕਿਉਂਕਿ ਇਸ ਟੀਕਾਕਰਨ ਲਈ ਨਾ ਤਾਂ ਉਨ੍ਹਾਂ ਨੂੰ ਟੀਮ ਵਰਕ ਮਿਲ ਰਿਹਾ ਹੈ ਅਤੇ ਨਾ ਹੀ ਫੰਡ ਜਾਰੀ ਹੋ ਰਹੇ ਹਨ। ਇਸ ਸਬੰਧੀ ਨਿਗਮ ਦੇ ਮੇਅਰ ਵਿਮਲ ਠੱਠਈ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਸ਼ਹਿਰ 'ਚ ਕੁੱਤਿਆਂ ਲਈ ਸ਼ੈਲਟਰ ਹੋਮ ਬਣਾਉਣ ਲਈ ਮਤਾ ਪਾ ਕੇ ਇਸ ਸਬੰਧੀ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਪੱਤਰ ਵੀ ਲਿਖਿਆ ਗਿਆ ਹੈ। ਉਨ੍ਹਾਂ ਕੋਲ ਸ਼ੈਲਟਰ ਹੋਮ ਲਈ ਜਗ੍ਹਾ ਹੈ ਪਰ ਸਰਕਾਰਾਂ ਇਸ ਲਈ ਫੰਡ ਜਾਰੀ ਨਹੀਂ ਕਰ ਰਹੀਆਂ ਹਨ, ਜਿਵੇਂ ਹੀ ਸ਼ੈਲਟਰ ਹੋਮ ਲਈ ਫੰਡ ਜਾਰੀ ਹੋਵੇਗਾ, ਇਸ 'ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

## ਸਕੂਲ ਖੁੱਲ੍ਹਣ ਦੇ ਪਹਿਲੇ ਦਿਨ ਪੰਜਾਬ 'ਚ ਬੱਚਿਆਂ ਦੀ ਸਕੂਲ ਵੈਨ ਨਾਲ ਵੱਡਾ ਹਾਦਸਾ

ਭਵਾਨੀਗੜ੍ਹ 21 ਫਰਵਰੀ। ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਅੱਜ ਪਹਿਲੇ ਦਿਨ ਖੁੱਲ੍ਹੇ ਭਵਾਨੀਗੜ੍ਹ ਵਿਖੇ ਇਕ ਪ੍ਰਾਈਵੇਟ ਸਕੂਲ ਦੀ ਵੈਨ ਨਾਲ ਭਿਆਨਕ ਹਾਦਸਾ ਵਾਪਰ ਗਿਆ। ਇਹ ਹਾਦਸਾ ਕਾਰ ਚਾਲਕ ਦੀ ਗਲਤੀ ਕਾਰਣ ਵਾਪਰਿਆ ਦੱਸਿਆ ਜਾ ਰਿਹਾ ਹੈ। ਜਿਸ ਨੇ ਸਕੂਲ ਵੈਨ ਨੂੰ ਜੋਰਦਾਰ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਸਕੂਲ ਵੈਨ ਪਲਟ ਗਈ। ਜਿਸ ਸਮੇਂ ਇਹ ਹਾਦਸਾ ਹੋਇਆ ਉਸ ਸਮੇਂ ਵੈਨ ਵਿਚ ਦਰਜਨ ਦੇ ਕਰੀਬ ਬੱਚੇ ਸਵਾਰ ਸਨ। ਮਿਲੀ ਜਾਣਕਾਰੀ ਮੁਤਾਬਕ ਇਹ ਹਾਦਸਾ ਅੱਜ ਸਵੇਰੇ ਉਸ ਸਮੇਂ ਵਾਪਰਿਆ ਜਦੋਂ ਭਵਾਨੀਗੜ੍ਹ ਦੇ ਨਿੱਜੀ ਸਕੂਲ ਸੰਸਕਾਰ ਵੈਲੀ ਸਮਾਰਟ ਸਕੂਲ ਦੀ ਵੈਨ ਬੱਚਿਆਂ ਨੂੰ ਸਕੂਲ ਲੈ ਕੇ ਆ ਰਹੀ ਸੀ, ਇਸ ਦੌਰਾਨ ਭਵਾਨੀਗੜ੍ਹ ਨਾਭਾ ਕੈਂਚੀਆਂ ਵਿਖੇ ਇਕ ਆਈ ਟਵੰਟੀ ਕਾਰ ਨੇ ਇਸ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ 11 ਬੱਚੇ ਜਖਮੀ ਹੋਏ ਦੱਸੇ ਜਾ ਰਹੇ ਹਨ, ਜਿਨ੍ਹਾਂ ਨੂੰ ਭਵਾਨੀਗੜ੍ਹ ਦੇ ਪ੍ਰਾਈਵੇਟ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਹਾਦਸੇ ਵਿਚ ਜਖਮੀ ਹੋਏ ਬੱਚਿਆਂ ਨੂੰ ਤੁਰੰਤ ਪਹਿਲਾਂ ਫਸਟ ਏਡ ਦਿੱਤੀ ਗਈ।

# ਦੁਕਾਨ 'ਚੋਂ ਲੱਖਾਂ ਰੁਪਏ ਦੇ ਮੋਬਾਇਲ ਚੋਰੀ

ਜਲਾਲਾਬਾਦ 21 ਫਰਵਰੀ। ਬੀਤੀ ਰਾਤ ਸਥਾਨਕ ਸ਼ਹਿਰ ਦੇ ਰੇਲਵੇ ਰੋਡ 'ਤੇ ਸਥਿਤ ਇਕ ਮੋਬਾਇਲ ਦੁਕਾਨ ਦੀ ਕੰਧ 'ਚ ਚੋਰਾਂ ਵੱਲੋਂ ਪਾੜ ਪਾ ਕੇ ਲੱਖਾਂ ਰੁਪਏ ਦੇ ਮੋਬਾਇਲ ਚੋਰੀ ਕਰਨ ਦੀ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਚੋਰੀ ਦੀ ਇਹ ਘਟਨਾ ਸੀ. ਸੀ. ਟੀ. ਵੀ. ਕੈਮਰਿਆ 'ਚ ਕੈਦ ਹੋ ਗਈ ਹੈ। ਥਾਣਾ ਸਿਟੀ ਪੁਲਸ ਵੱਲੋਂ ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਇਸ ਚੋਰੀ ਦੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਨ ਟੈਲੀਕਾਮ ਦੇ ਸੰਚਾਲਕ ਰਿੰਕੂ ਖਾਲਸਾ ਨੇ ਦੱਸਿਆ ਕਿ ਉਹ ਹਰ ਰੋਜ਼ ਦੀ ਤਰ੍ਹਾਂ ਦੇਰ ਸ਼ਾਮ ਆਪਣੀ ਦੁਕਾਨ ਬੰਦ ਕਰ ਕੇ ਘਰ ਚਲਾ ਗਿਆ ਅਤੇ ਉਸ ਦੀ ਦੁਕਾਨ ਦੇ ਅੰਦਰ ਅਕਸਰ ਹੀ ਵੱਡੀ ਗਿਣਤੀ 'ਚ ਮੋਬਾਇਲ ਫੋਨ ਪਏ ਰਹਿੰਦੇ ਹਨ। ਦੇਰ ਰਾਤ ਚੋਰਾਂ ਨੇ ਉਸਦੀ ਦੁਕਾਨ ਦੇ ਪਿੱਛੇ ਦੀ ਕੰਧ ਤੋੜ ਕੇ ਦੁਕਾਨ ਅੰਦਰ ਦਾਖਲ ਹੋ ਕੇ 50-60 ਮੋਬਾਇਲ ਚੋਰੀ ਕਰ ਲਏ। ਦੁਕਾਨ ਸੰਚਾਲਕ ਦਾ ਕਹਿਣਾ ਹੈ ਕਿ ਇਸ ਚੋਰੀ ਦੀ ਘਟਨਾ 'ਚ ਚੋਰਾਂ ਨੇ ਕਰੀਬ 7 ਲੱਖ ਰੁਪਏ ਦਾ ਨੁਕਸਾਨ ਕੀਤਾ ਹੈ। ਇਹ ਘਟਨਾ ਸੀ. ਸੀ. ਟੀ. ਵੀ. ਕੈਮਰਿਆ 'ਚ ਕੈਦ ਹੋ ਗਈ ਹੈ। ਜਿਸ 'ਚ ਮੁਲਜ਼ਮ ਮੋਬਾਇਲ ਚੋਰੀ ਕਰਦਾ ਨਜ਼ਰ ਆ ਰਿਹਾ ਹੈ। ਦੂਜੇ ਪਾਸੇ ਇਸ ਚੋਰੀ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸੀ. ਸੀ. ਟੀ. ਵੀ. ਫੁਟੇਜ ਨੂੰ ਆਪਣੇ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਕਰ ਰਹੇ ਤਫਤੀਸ਼ੀ ਅਫਸਰ




ਨੇ ਦੱਸਿਆ ਕਿ ਪੁਲਸ ਵੱਲੋਂ ਸੀ. ਸੀ. ਟੀ. ਵੀ. ਕੈਮਰਿਆ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ ਅਤੇ ਵਾਪਰੀ ਇਸ ਚੋਰੀ ਦੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਚੋਰਾਂ ਨੂੰ ਫੜ ਲਿਆ ਜਾਵੇਗਾ। ਦੂਜੇ ਪਾਸੇ ਲੋਕਾਂ ਨੇ ਇਸ ਮਾਮਲੇ 'ਚ ਪੁਲਸ ਤੋਂ ਸਖਤ ਕਾਰਵਾਈ ਕਰਨ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਹੈ

## ਪਰਫਿਊਮ ਦੀਆਂ ਬੋਤਲਾਂ ਦੀ ਬਦਲੀ ਜਾ ਰਹੀ ਸੀ 'ਐਕਸਪਾਇਰੀ ਡੇਟ', ਹੋ ਗਿਆ ਧਮਾਕਾ

ਪਾਲਘਰ 21 ਫਰਵਰੀ। ਪਰਫਿਊਮ ਦੀਆਂ ਬੋਤਲਾਂ ਦੀ ਐਕਸਪਾਇਰੀ ਡੇਟ ਬਦਲਣ ਦੀ ਕੋਸ?ਿਸ ਦੌਰਾਨ ਧਮਾਕਾ ਹੋ ਗਿਆ। ਇਸ ਹਾਦਸੇ 'ਚ ਚਾਰ ਲੋਕ ਜਖਮੀ ਹੋ ਗਏ। ਇਕ ਅਧਿਕਾਰੀ ਨੇ ਸੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਭਿਆਨਕ ਹਾਦਸਾ ਮਹਾਰਾਸ਼ਟਰ ਦੇ ਪਾਲਘਰ ਜਿਲ੍ਹੇ 'ਚ ਵਾਪਰਿਆ। ਉਨ੍ਹਾਂ ਕਿਹਾ ਕਿ ਇਹ ਹਾਦਸਾ ਵੀਰਵਾਰ ਅਤੇ



ਸੁੱਕਰਵਾਰ ਦੀ ਦਰਮਿਆਨੀ ਰਾਤ ਨੂੰ ਮੁੰਬਈ ਦੇ ਬਾਹਰੀ ਇਲਾਕੇ ਨਾਲਾ ਸੋਪਾਰਾ 'ਚ ਰੋਸਨੀ ਅਪਾਰਟਮੈਂਟਸ ਦੇ ਕਮਰਾ ਨੰਬਰ 112 'ਚ ਵਾਪਰਿਆ। ਪੁਲਸ ਨੇ ਪੀੜਤਾਂ ਦੀ ਪਛਾਣ ਮਹਾਵੀਰ ਵਾਡਰ (41), ਸੁਨੀਤਾ ਵਾਡਰ (38), ਕੁਮਾਰ ਹਰਸਵਰਧਨ ਵਾਡਰ (9) ਅਤੇ ਕੁਮਾਰੀ ਹਰਸਦਾ ਵਾਡਰ (14) ਵਜੋਂ ਕੀਤੀ ਹੈ। ਸੁਰੂਆਤੀ ਖਬਰਾਂ ਦਾ ਹਵਾਲਾ ਦਿੰਦੇ ਹੋਏ, ਅਧਿਕਾਰੀ ਨੇ ਕਿਹਾ ਕਿ ਧਮਾਕਾ ਪਰਫਿਊਮ ਦੀਆਂ ਬੋਤਲਾਂ 'ਤੇ ਐਕਸਪਾਇਰੀ ਡੇਟ ਨੂੰ ਬਦਲਣ ਦੀ ਕੋਸ?ਿਸ ਦੌਰਾਨ ਹੋਇਆ। ਪਰਫਿਊਮ ਬਣਾਉਣ 'ਚ ਜਲਣਸੀਲ ਪਦਾਰਥ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁਮਾਰ ਹਰਸਵਰਧਨ ਦਾ ਇਲਾਜ ਨਾਲਾ ਸੋਪਾਰਾ ਦੇ ਲਾਈਫ ਕੇਅਰ ਹਸਪਤਾਲ 'ਚ ਕੀਤਾ ਜਾ ਰਿਹਾ ਹੈ

# ਪਤੀ ਹੀ ਨਿਕਲਿਆ ਪਤਨੀ ਦਾ ਕਾਤਲ, ਪੁਲਸ ਨੇ 12 ਘੰਟੇ 'ਚ ਸੁਲਝਾਈ ਕਤਲ ਦੀ ਗੁੱਥੀ

ਖੰਨਾ 21 ਫਰਵਰੀ। ਖੰਨਾ 'ਚ ਨੈਸਨਲ ਹਾਈਵੇ 'ਤੇ ਔਰਤ ਦੇ ਭੇਦਭਰੇ ਹਾਲਾਤਾਂ 'ਚ ਹੋਏ ਕਤਲ ਮਾਮਲੇ 'ਚ ਉਸਦਾ ਪਤੀ ਹੀ ਕਾਤਲ ਨਿਕਲਿਆ। ਪੁਲਸ ਨੇ 12 ਘੰਟਿਆਂ 'ਚ ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਣ 'ਚ ਸਫਲਤਾ ਹਾਸਲ ਕੀਤੀ ਹੈ। ਮੁਲਜਮ ਪਤੀ ਗੌਰਵ ਕੁਮਾਰ ਵਾਸੀ ਸ?ਿਮਲਾਪੁਰੀ (ਲੁਧਿਆਣਾ) ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੱਸ ਦਈਏ ਕਿ ਗੌਰਵ ਕੁਮਾਰ ਨੇ ਆਪਣੇ ਸਹੁਰੇ ਘਰ ਜਾਂਦੇ ਸਮੇਂ ਕਾਰ ਰੋਕ ਕੇ ਆਪਣੀ ਪਤਨੀ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਅਤੇ ਫਿਰ ਡੈਸਬੋਰਡ ਨਾਲ ਦੋ ਵਾਰ ਸਿਰ ਮਾਰ ਕਰਕੇ ਉਸ ਦਾ ਕਤਲ ਕਰ ਦਿੱਤਾ। ਬਾਅਦ 'ਚ ਕਤਲ ਨੂੰ ਹਾਦਸਾ ਅਤੇ ਲੁੱਟ ਦੀ ਵਾਰਦਾਤ ਦਿਖਾਉਣ ਦੀ ਕੋਸ?ਿਸ ਕੀਤੀ ਗਈ। ਪਰ ਉਹ ਪੁਲਸ ਦੇ ਸਾਹਮਣੇ ਆਪਣੀ ਝੂਠੀ ਕਹਾਣੀ ਨੂੰ ਸੱਚ ਸਾਬਤ ਨਹੀਂ ਕਰ ਸਕਿਆ ਤੇ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਖੰਨਾ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਗੌਰਵ ਕੁਮਾਰ ਵੱਲੋਂ ਦੱਸੀ ਕਹਾਣੀ ਮੁਤਾਬਕ ਉਹ ਆਪਣੀ ਪਤਨੀ ਤੇ ਬੱਚਿਆਂ ਨਾਲ ਸਹਾਰਨਪੁਰ ਜਾ ਰਿਹਾ ਸੀ। ਇਸ ਦੌਰਾਨ ਉਸਦੀ ਗੱਡੀ ਦੇ ਟਾਇਰ ਵਿਚ ਹਵਾ ਘੱਟ ਹੋਣ ਕਰਕੇ ਉਸ ਨੇ ਸਰਵਿਸ ਲਾਈਨ ਉੱਤੇ ਕਾਰ ਲਾ ਕੇ ਸੜਕ ਪਾਰ ਪੰਪ ਦਾ ਪਤਾ ਕਰਨ ਗਿਆ। ਜਦੋਂ ਉਹ ਵਾਪਸ ਮੁੜਿਆ ਤਾਂ ਉਸ ਦੀ ਪਤਨੀ ਬੇਹੋਸ਼ ਪਈ ਹੋਈ ਸੀ। ਉਸ ਦੇ ਸੱਟਾਂ ਲੱਗੀਆਂ ਹੋਈਆਂ ਸਨ। ਇਸ ਤੋਂ ਬਾਅਦ ਉਹ ਪਤਨੀ ਨੂੰ ਹਸਪਤਾਲ ਲੈ ਗਿਆ। ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਮ੍ਰਿਤ ਐਲਾਨ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਜਦੋਂ ਇਸ ਮਾਮਲੇ ਦੀ ਜਾਂਚ ਸ਼ੁਰੂ



ਕੀਤੀ ਗਈ ਤਾਂ ਪਤਾ ਲੱਗਿਆ ਕਿ ਸਾਰੀ ਸਵੇਰੇ 7 ਵਜੇ ਦੇ ਕਰੀਬ ਵਾਪਰੀ ਸੀ ਤੇ ਪੁਲਸ ਨੂੰ ਕਾਲ 12 ਵਜੇ ਦੇ ਕਰੀਬ ਕੀਤੀ ਗਈ। ਜਾਂਚ ਤੋਂ ਬਾਅਦ ਗੌਰਵ ਦੀ ਘੜੀ ਸਾਰੀ ਕਹਾਣੀ ਝੂਠੀ ਨਿਕਲੀ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਰਾ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਗੌਰਵ ਦਾ ਉਸ ਦੀ ਪਤਨੀ ਨਾਲ ਅਕਸਰ ਝਗੜਾ ਰਹਿੰਦਾ ਸੀ। ਗੌਰਵ ਆਪਣੀ ਪਤਨੀ ਤੋਂ ਤਲਾਕ ਲੈਣਾ ਚਾਹੁੰਦਾ ਸੀ। ਇਸ ਲਈ ਉਸ ਨੇ ਕਈ ਵਾਰ ਆਪਣੀ ਪਤਨੀ ਨੂੰ ਪੇਕੇ ਵੀ ਭੇਜਿਆ ਸੀ। ਜਦੋਂ ਪੁਲਸ ਨੇ ਇਸ ਸਬੰਧੀ ਗੌਰਵ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਕਬੂਲ ਕੀਤਾ ਕਿ ਉਸ ਨੇ ਇਸ ਸਾਰੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

## ਫ਼ਰੀਦਕੋਟ 'ਚ ਵਾਪਰਿਆ ਸੜਕ ਹਾਦਸਾ !

ਫ਼ਰੀਦਕੋਟ 21 ਫਰਵਰੀ। ਫ਼ਰੀਦਕੋਟ ਤੋਂ ਕੋਟਕਪੂਰਾ ਰੋਡ ਉੱਪਰ ਅੱਜ ਇਕ ਸੜਕੀ ਹਾਦਸਾ ਵਾਪਰ ਗਿਆ, ਜਿਸ ਵਿਚ ਤਿੰਨ ਗੱਡੀਆਂ ਟਕਰਾਅ ਗਈਆਂ। ਜਾਣਕਾਰੀ ਮੁਤਾਬਕ ਫਰੀਦਕੋਟ ਤੋਂ ਇਕ ਗੱਡੀ ਜਾ ਰਹੀ ਸੀ ਤੇ ਇਕ ਕੋਟਕਪੂਰਾ ਵਾਲੇ ਪਾਸੇ ਤੋਂ ਆ ਰਹੀ ਸੀ। ਇਸ ਦੌਰਾਨ ਓਵਰਟੇਕ ਦੀ ਕੋਸ਼ਿਸ਼ ਵਿਚ ਗੱਡੀਆਂ ਆਪਸ ਵਿਚ ਟਕਰਾਅ ਗਈਆਂ। ਇਸ ਦੌਰਾਨ ਇਕ ਕਾਰ ਚਾਲਕ ਜ਼ਖ਼ਮੀ ਹੋ ਗਿਆ, ਜਿਸ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ ਅਤੇ ਮੌਕੇ 'ਤੇ ਪੁਲਸ ਵੱਲੋਂ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ। ਹਾਲਾਂਕਿ ਇਸ ਹਾਦਸੇ ਬਾਰੇਕਾਰ ਚਾਲਕਾਂ ਵੱਲੋਂ ਕੋਈ ਵੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਐੱਸ.ਆਈ. ਗੁਰਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਥਾਣੇ ਦੇ ਵਿਚ ਅਤਲਾਹ ਮਿਲੀ ਸੀ ਕਿ ਫਰੀਦਕੋਟ ਤੋਂ ਘੁੜਪੂਰਾ ਰੋਡ ਨਜ਼ਦੀਕ ਸ਼ਾਹੀ ਬੇਲੀ ਦੇ ਇਕ ਕਾਰ ਐਕਸੀਡੈਂਟ ਹੋਇਆ ਹੈ। ਉਨ੍ਹਾਂ ਨੇ ਮੌਕੇ 'ਤੇ ਜਾ ਕੇ ਵੇਖਿਆ ਤਾਂ ਗੱਡੀਆਂ ਦਾ ਕਾਫੀ ਨੁਕਸਾਨ ਹੋਇਆ ਸੀ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਭਗਵੰਤ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਦੇ ਇਤਿਹਾਸਕ ਨਤੀਜੇ ਸਾਹਮਣੇ ਆਉਣ ਲੱਗੇ, ਸਰਕਾਰੀ ਸਕੂਲਾਂ ਦੇ 305 ਵਿਦਿਆਰਥੀ ਨੇ ਪਾਸ ਕੀਤਾ ਜੇ.ਈ.ਈ. ਮੇਨਜ਼ : ਹਰਜੋਤ ਸਿੰਘ ਬੈਂਸ

Contd....Front page

ਸਕੂਲ ਦੇ ਪੂਰਨ ਸਮਰਥਨ ਅਤੇ ਅਨੁਸ਼ਾਸਿਤ ਤਿਆਰੀ ਸਦਕਾ ਉਸਨੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਸਿੱਖਿਆ ਮੰਤਰੀ ਨੇ ਅੱਗੇ ਦੱਸਿਆ ਕਿ ਬਠਿੰਡਾ ਦੇ ਸਰਕਾਰੀ ਸਕੂਲ ਦੇ ਵਿਦਿਆਰਥੀ ਦਿਲਖੁਸ਼ ਝਾਅ ਨੇ ਜੇਈਈ ਮੇਨਜ਼ ਵਿੱਚ 95.091 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਇੱਕ ਮਜ਼ਦੂਰ ਪਿਤਾ ਅਤੇ ਘਰੇਲੂ ਮਾਂ ਅਤੇ ਸਿਰਫ਼ 1.2 ਲੱਖ ਦੀ ਸਾਲਾਨਾ ਪਰਿਵਾਰਕ ਆਮਦਨ ਵਾਲੇ ਇਸ ਮਿਹਨਤੀ ਵਿਦਿਆਰਥੀ ਨੇ ਸਵੈ-ਅਧਿਐਨ ਅਤੇ ਪੇਸ ਕਲਾਸਾਂ ਰਾਹੀਂ ਇਹ ਸਫਲਤਾ ਹਾਸਲ ਕੀਤੀ। ਸਿੱਖਿਆ ਮੰਤਰੀ ਨੇ ਕਿਹਾ, "ਸਕੂਲ ਆਫ਼ ਐਮੀਨੈਂਸ, ਸੰਗਰੂਰ ਦੀ 12ਵੀਂ ਜਮਾਤ ਦੀ ਸਾਇੰਸ ਦੀ ਵਿਦਿਆਰਥਣ ਪ੍ਰਿਯੰਕਾ ਸ਼ਰਮਾ ਇੱਕ ਸਾਧਾਰਨ ਪਰਿਵਾਰ ਤੋਂ ਆਉਂਦੀ ਹੈ। ਉਸਦੇ ਪਿਤਾ ਅਕਾਊਂਟੈਂਟ ਹਨ ਅਤੇ ਉਸਦੀ ਮਾਂ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਹੈ। ਲਗਭਗ 3.5 ਲੱਖ ਦੀ ਸਾਲਾਨਾ ਪਰਿਵਾਰਕ ਆਮਦਨ ਦੇ ਬਾਵਜੂਦ ਉਸਨੇ ਪੂਰੇ ਅਨੁਸ਼ਾਸਨ ਅਤੇ ਲਗਨ ਨਾਲ ਤਿਆਰੀ ਕੀਤੀ, ਪੇਸ ਕਲਾਸਾਂ, ਨਿਯਮਤ ਮੌਕ ਟੈਸਟਾਂ ਅਤੇ ਮਜ਼ਬੂਤ ਅਕਾਦਮਿਕ ਮਾਰਗਦਰਸ਼ਨ ਤੋਂ ਲਾਭ ਲਿਆ। ਉਸਦੇ ਯਤਨਾਂ ਦੇ ਨਤੀਜੇ ਵਜੋਂ ਜੇਈਈ ਮੇਨਜ਼ ਵਿੱਚ ਸ਼ਾਨਦਾਰ 96.44 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਭਾਵੇਂ ਨਾਲ ਹੀ ਉਹ ਨੀਟ ਦੀ ਤਿਆਰੀ ਵੀ ਕਰ ਰਹੀ ਸੀ। ਇੱਕ ਹੋਰ ਸਫਲਤਾ ਦੀ ਕਹਾਣੀ ਦੱਸਦੇ ਹੋਏ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਸਕੂਲ ਆਫ਼ ਐਮੀਨੈਂਸ, ਛਾਜਲੀ ਸੰਗਰੂਰ ਦੀ 12ਵੀਂ ਜਮਾਤ ਦੀ ਨਾਨ-ਮੈਡੀਕਲ ਦੀ ਵਿਦਿਆਰਥਣ ਹਰਮਨਦੀਪ ਸ਼ਰਮਾ ਇੱਕ ਅਜਿਹੇ ਪਰਿਵਾਰ ਤੋਂ ਆਉਂਦੀ ਹੈ ਜਿੱਥੇ ਪਿਤਾ ਅਕਾਊਂਟੈਂਟ ਹੈ ਅਤੇ ਉਸਦੀ ਮਾਂ ਘਰੇਲੂ ਔਰਤ ਹੈ ਅਤੇ ਪਰਿਵਾਰ ਦੀ ਸਾਲਾਨਾ ਆਮਦਨ ਲਗਭਗ 2.5 ਲੱਖ ਹੈ। ਇੰਜੀਨੀਅਰਿੰਗ ਕਰਨ ਦੀ ਇੱਛਾ ਰੱਖਣ ਵਾਲੀ ਇਸ ਹੋਣਹਾਰ ਵਿਦਿਆਰਥਣ ਨੇ ਬਿਨਾਂ ਕਿਸੇ ਪ੍ਰਾਈਵੇਟ ਟਿਊਸ਼ਨ ਦੇ ਸਕੂਲ ਸਹਾਇਤਾ ਦੁਆਰਾ ਸਾਰੀ ਤਿਆਰੀ ਕੀਤੀ, ਅਧਿਆਪਕ ਮਾਰਗਦਰਸ਼ਨ ਅਤੇ ਪੇਸ ਲਰਨਿੰਗ ਤੋਂ ਪੂਰਾ ਲਾਭ ਲਿਆ। ਉਸਦੀ ਅਨੁਸ਼ਾਸਿਤ ਤਿਆਰੀ ਸਦਕਾ ਉਸਨੇ ਜੇਈਈ ਮੇਨ ਵਿੱਚ ਸ਼ਾਨਦਾਰ 98.75 ਪ੍ਰਤੀਸ਼ਤ ਅੰਕ ਪ੍ਰਾਪਤ ਹੋਏ। ਸਿੱਖਿਆ ਮੰਤਰੀ ਨੇ ਕਿਹਾ, "ਅੰਮ੍ਰਿਤਸਰ ਦੇ ਇੱਕ ਸਰਕਾਰੀ ਸਕੂਲ ਦੀ 12ਵੀਂ ਜਮਾਤ ਦੀ ਵਿਦਿਆਰਥਣ ਪਲਕ ਕੌਰ ਇੱਕ ਸਾਧਾਰਨ ਪਿਛੋਕੜ ਵਾਲੀ ਲੜਕੀ ਹੈ ਅਤੇ ਆਪਣੇ ਪਿਤਾ ਨੂੰ ਗੁਆਉਣ ਤੋਂ ਬਾਅਦ ਉਸਨੂੰ ਕਈ ਨਿੱਜੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਉਸਦੀ ਪਰਵਰਿਸ਼ ਉਸਦੀ ਮਾਂ, ਜੋ ਇੱਕ ਘਰੇਲੂ ਔਰਤ ਹੈ ਵੱਲੋਂ ਕੀਤੀ ਜਾ ਰਹੀ ਹੈ। ਇਸ ਪਰਿਵਾਰ ਦੀ ਸਾਲਾਨਾ ਆਮਦਨ 1,00,000 ਤੋਂ ਵੀ ਘੱਟ ਹੈ। ਵਿੱਤੀ ਤੰਗੀ ਅਤੇ ਹੋਰ ਮੁਸ਼ਕਲਾਂ ਦੇ ਬਾਵਜੂਦ, ਉਹ ਆਪਣੀ ਸਿੱਖਿਆ 'ਤੇ ਕੇਂਦ੍ਰਿਤ ਰਹੀ। ਉਸਦੀ ਲਗਨ ਦੇ ਨਤੀਜੇ ਵਜੋਂ ਜੇਈਈ ਮੇਨ ਵਿੱਚ 90.11 ਪ੍ਰਤੀਸ਼ਤ ਅੰਕ ਪ੍ਰਾਪਤ ਹੋਏ। ਉਨ੍ਹਾਂ ਅੱਗੇ ਕਿਹਾ ਕਿ ਐਸਏਐਸ ਨਗਰ ਦੇ ਇੱਕ ਸਰਕਾਰੀ ਸਕੂਲ ਵਿੱਚ 12ਵੀਂ ਜਮਾਤ ਦੀ ਵਿਦਿਆਰਥਣ ਕਾਜਲ, ਜੋ ਇੱਕ ਆਮ ਪਰਿਵਾਰ ਨਾਲ ਸਬੰਧਤ ਹੈ ਅਤੇ ਉਸਦੇ ਪਿਤਾ ਇੱਕ ਨਿੱਜੀ ਸੁਰੱਖਿਆ ਕੰਪਨੀ ਵਿੱਚ ਸੁਪਰਵਾਈਜ਼ਰ ਵਜੋਂ ਕੰਮ ਕਰਦੇ ਹਨ ਅਤੇ ਮਾਂ ਇੱਕ ਘਰੇਲੂ ਔਰਤ ਹੈ। ਉਨ੍ਹਾਂ ਕਿਹਾ ਕਿ ਕਾਜਲ ਦੇ ਪਰਿਵਾਰ ਦੀ ਸਲਾਨਾ ਆਮਦਨ ਲਗਭਗ 80,000 ਹੈ, ਫਿਰ ਵੀ ਇਨ੍ਹਾਂ ਵਿੱਤੀ ਤੰਗੀਆਂ ਦੇ ਬਾਵਜੂਦ, ਸਿੱਖਿਆ ਵੱਲ ਉਸਦਾ ਜਨੂੰਨ ਕਦੇ ਨਹੀਂ ਡੋਲਿਆ। ਉਹ ਆਈਆਈਟੀ ਮਦਰਾਸ ਤੋਂ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰਨਾ ਚਾਹੁੰਦੀ ਹੈ। ਉਸਨੇ ਚੰਗੀ ਤਿਆਰੀ ਅਤੇ ਆਪਣੇ ਜਨੂੰਨ ਨਾਲ ਜੇਈਈ ਮੇਨਜ਼ 2026 ਵਿੱਚ 92.66 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਇਸ ਤਰ੍ਹਾਂ ਐਸਏਐਸ ਨਗਰ ਦੇ ਇੱਕ ਸਰਕਾਰੀ ਸਕੂਲ ਵਿੱਚ 12ਵੀਂ ਜਮਾਤ ਦਾ ਵਿਦਿਆਰਥੀ ਪਰਦੀਪ ਵੀ ਇੱਕ ਆਮ ਪਰਿਵਾਰ ਨਾਲ ਸਬੰਧਤ ਹੈ ਅਤੇ ਉਸਦੇ ਪਿਤਾ ਇੱਕ ਵਾਟਰ ਕੂਲਰ ਫੈਕਟਰੀ ਵਿੱਚ ਮਜ਼ਦੂਰ ਵਜੋਂ ਕੰਮ ਕਰਦੇ ਹਨ ਅਤੇ ਮਾਂ ਇੱਕ ਘਰੇਲੂ ਔਰਤ ਹੈ। ਉਨ੍ਹਾਂ ਕਿਹਾ ਕਿ ਪਰਦੀਪ ਦੇ ਪਰਿਵਾਰ ਦੀ ਸਲਾਨਾ ਆਮਦਨ ਤਕਰੀਬਨ 1,20,000 ਹੈ, ਜਿਸ ਕਰਕੇ ਉਸ ਨੂੰ ਹਮੇਸ਼ਾ ਵਿੱਤੀ ਚੁਣੌਤੀਆਂ ਵਿੱਚੋਂ ਦੀ ਲੰਘਣਾ ਪਿਆ। ਉਨ੍ਹਾਂ ਕਿਹਾ ਕਿ ਪਰਦੀਪ ਦੀ ਇੱਛਾ ਇੱਕ ਚੰਗੀ ਨੌਕਰੀ ਹਾਸਲ ਕਰਨ ਦੀ ਹੈ ਤਾਂ ਜੋ ਉਸਦੇ ਪਿਤਾ ਨੂੰ ਅੱਗੇ ਫੈਕਟਰੀ ਦੇ ਮੁਸ਼ਕਲ ਹਾਲਾਤਾਂ ਵਿੱਚ ਕੰਮ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਪਰਦੀਪ ਨੇ ਆਪਣੀ ਮਿਹਨਤ ਨਾਲ ਜੇਈਈ ਮੇਨਜ਼ 2026 ਵਿੱਚ 93.11 ਪ੍ਰਤੀਸ਼ਤ ਅੰਕ ਹਾਸਲ ਕੀਤੇ। ਇਸ ਸਫਲਤਾ ਦਾ ਸਿਹਰਾ ਪੰਜਾਬ ਸਰਕਾਰ ਦੇ ਠੋਸ ਯਤਨਾਂ, ਖਾਸ ਕਰਕੇ ਪੀਏਸੀਈ ਕੋਚਿੰਗ ਪੋਰਟਲ ਵਰਗੀਆਂ ਪਹਿਲਕਦਮੀਆਂ, ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਿਨਾਂ ਕੋਈ ਪੈਸਾ ਲਏ ਉੱਚ-ਗੁਣਵੱਤਾ ਦੇ ਨਾਲ ਪ੍ਰੀਖਿਆਵਾਂ ਲਈ ਤਿਆਰ ਕਰਦਿਆਂ ਹਨ, ਨੂੰ ਦਿੰਦਿਆਂ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਾਡੇ ਕੋਲ ਅਜਿਹੇ ਹੋਰ ਪਤਾ ਨਹੀਂ ਕਿੰਨੇ ਕੁ ਕਿੱਸੇ ਹਨ ਜਿਨ੍ਹਾਂ ਵਿੱਚ ਸਾਧਾਰਨ ਪਿਛੋਕੜ ਨਾਲ ਸਬੰਧਤ ਬੱਚੇ ਆਈਆਈਟੀ ਮਦਰਾਸ, ਆਈਆਈਟੀ ਬੰਬੇ, ਆਈਆਈਟੀ ਦਿੱਲੀ ਅਤੇ ਬਿਟਸ (ਬੀਆਈਟੀਐਸ) ਪਿਲਾਨੀ 'ਚ ਪੜ੍ਹਨ ਦਾ ਸੁਪਨਾ ਦੇਖ ਰਹੇ ਹਨ। ਸਿੱਖਿਆ ਮੰਤਰੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਅਜੇ ਸਿਰਫ਼ ਪ੍ਰੀਖਿਆ ਦੇ ਪਹਿਲੇ ਪੜਾਅ ਦੀ ਗੱਲ ਕਰ ਰਹੇ ਹਨ ਅਤੇ ਜੇਈਈ ਮੇਨਜ਼ ਦੀਆਂ ਅਗਲੀਆਂ ਪ੍ਰੀਖਿਆਵਾਂ ਨਾਲ ਇਹ ਗਿਣਤੀ ਹੋਰ ਵੀ ਵਧ ਜਾਵੇਗੀ। ਉਨ੍ਹਾਂ ਕਿਹਾ ਕਿ ਜੇਈਈ ਮੇਨਜ਼ ਦੀ ਅਗਲੀ ਪ੍ਰੀਖਿਆ ਵੀ ਨੇੜੇ ਆ ਰਹੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਸਾਡੇ ਤਾਜ਼ਾ ਅੰਕੜੇ ਹੋਰ ਵੀ ਪ੍ਰਭਾਵਸ਼ਾਲੀ ਹੋਣਗੇ। ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਾਪਤੀਆਂ ਦੇ ਪੱਖ ਤੋਂ ਦੇਖੀਏ ਤਾਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬਰਾਬਰ ਹੋਰ ਕਿਸੇ ਵੀ ਸੂਬੇ ਨੇ ਅਜੇ ਤੱਕ ਅਜਿਹਾ ਕਰ ਕੇ ਨਹੀਂ ਦਿਖਾਇਆ। ਉਨ੍ਹਾਂ ਨੇ ਸਾਰੇ 305 ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਸਨੂੰ ਪੰਜਾਬ ਦੀ ਸਰਕਾਰੀ ਸਕੂਲ ਪ੍ਰਣਾਲੀ ਵਿੱਚ ਇੱਕ ਇਤਿਹਾਸਕ ਪਲ ਕਰਾਰ ਦਿੱਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਜੇਈਈ ਪ੍ਰੀਖਿਆਵਾਂ ਲਈ ਕੁਆਲੀਫਾਈ ਕਰਨ ਵਾਲੀਆਂ ਵਿਦਿਆਰਥਣਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ ਹੈ ਅਤੇ ਇਸ ਵਾਰ 134 ਲੜਕੀਆਂ ਨੇ ਇਹ ਪ੍ਰੀਖਿਆ ਪਾਸ ਕੀਤੀ ਹੈ, ਜੋ ਕਿ ਸਰਕਾਰੀ ਸਕੂਲਾਂ ਵਿੱਚ ਸਟੈਮ (ਐਸਟੀਈਐਮ) ਸਿੱਖਿਆ ਖੇਤਰ 'ਚ ਵਧ ਰਹੀ ਲਿੰਗ ਸਮਾਨਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸਫਲਤਾ ਦਾ ਸਿਹਰਾ ਪੇਸ ਪ੍ਰੋਗਰਾਮ ਅਧੀਨ ਦੋ ਸਾਲਾਂ ਦੀ ਜੇਈਈ ਪ੍ਰੀਖਿਆ ਤਿਆਰੀ, ਗਰਮੀਆਂ ਅਤੇ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਮੁਫ਼ਤ ਰਿਹਾਇਸ਼ੀ ਕੋਚਿੰਗ ਕੈਂਪ, ਨਿਯਮਤ ਮੌਕ ਟੈਸਟ, ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ, ਪੇਸ ਪੋਰਟਲ ਰਾਹੀਂ ਡਿਜੀਟਲ ਸਿਖਲਾਈ ਤੱਕ ਪਹੁੰਚ ਅਤੇ ਅਵੰਤੀ ਫੈਲੋ ਤੇ ਹੋਰ ਪ੍ਰਮੁੱਖ ਕੋਚਿੰਗ ਸੰਸਥਾਵਾਂ ਦੀ ਮਾਹਰ ਫੈਕਲਟੀ ਵੱਲੋਂ ਪ੍ਰਦਾਨ ਕੀਤੀ ਕਰੀਅਰ ਸੇਧ ਆਦਿ ਨੂੰ ਜਾਂਦਾ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**ਉੱਤਰ ਰੇਲਵੇ**

**ਅਭਿਰੁਚੀ ਦੀ ਅਭਿਵਿਅਕਤ (EOI)**

ਉੱਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ ਪਾਰਸਲ ਦਫਤਰ ਪਰਿਸ ਵਿਚ 10 ਪਾਰਸਲ ਸਕੈਨੇਰਾਂ ਦੀ ਅਪੂਰਤੀ, ਸਥਾਪਨਾ ਅਤੇ ਰੱਖ-ਰੱਖਾਵ ਅਤੇ ਹੋਰ ਵਿਵਿਧ ਪਾਰਸਲ ਗਤੀਵਿਧੀਆਂ ਦੇ ਪ੍ਰਬੰਧਨ ਲਈ ਤਿੰਨ (03) ਸਾਲਾਂ ਦੇ ਸਮੇਂ ਦੇ ਅਨੁਬੰਧ ਨੂੰ ਭਵਿਸ਼ ਵਿਚ ਮੰਗ ਕਰਨ ਲਈ ਅਭਿਰੁਚੀ ਦੀ ਅਭਿਵਿਅਕਤ ਮੰਗ ਕਰਦਾ ਹੈ।

ਅਭਿਰੁਚੀ ਦੀ ਅਭਿਵਿਅਕਤ ਦੀ ਪੂਰੀ ਜਾਣਕਾਰੀ ਉੱਤਰ ਰੇਲਵੇ ਦੀ ਆਧਿਕਾਰਿਕ ਵੇਬਸਾਈਟ www.nr.indianrailways.gov.in ਉਤੇ ਉਪਲਬਧ ਹੈ।

ਅਭਿਰੁਚੀ ਦੀ ਅਭਿਵਿਅਕਤ ਨੂੰ ਜਮਾਂ ਕਰਨ ਦੀ ਆਖਰੀ ਮਿਤੀ 27.02.2026 ਨੂੰ 15:00 ਵਜੇ ਤਕ ਹੈ।

**File No. C9-Parcel-NDLS-Outsourcing Parcel Scanner and Other activities/2026 Dtd: 20.02.26**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 591/26



## ਰੇਲਯਾਤਰੀ ਕਿਰਪਾ ਧਿਆਨ ਦੇਣ!

## ਹੋਲੀ ਵਿਸ਼ੇਸ਼ ਰੇਲਗੱਡੀਆਂ-2026 ਦੀ ਸੰਖਿਆ ਵਿਚ ਵਾਧਾ

ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਆਉਂਦੇ ਹੋਲੀ ਤਿਉਹਾਰ ਦੇ ਦੌਰਾਨ ਪਹਿਲਾਂ ਤੋਂ ਐਲਾਨੀਆਂ ਅਨੇਕ ਹੋਲੀ ਵਿਸ਼ੇਸ਼ ਰੇਲਗੱਡੀਆਂ ਦੇ ਇਲਾਵਾ ਰੇਲਵੇ ਦੁਆਰਾ ਹੇਠਾਂ ਲਿਖਤ ਹੋਲੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦਾ ਵੀ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦਾ ਵਿਸਤ੍ਰਿਤ ਵੇਰਵਾ ਹੇਠਾਂ ਅਨੁਸਾਰ ਹੈ:

### 04530/04529 ਸਰਹਿੰਦ - ਮਧੂਬਨੀ - ਸਰਹਿੰਦ ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 06 ਫੇਰੇ

| ਰੇਲਗੱਡੀ ਨੰ. 04530 | | ਸਟੇਸ਼ਨ | ਰੇਲਗੱਡੀ ਨੰ. 04529 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 13:00 | ਸਰਹਿੰਦ | 05:15 | -- |
| 01:45 | 01:55 | ਲਖਨਊ ਜੰ. | 17:00 | 17:10 |
| 19:00 | -- | ਮਧੂਬਨੀ | -- | 23:00 |

ਚੱਲਣ ਦੇ ਦਿਨ: 04530 ਸਰਹਿੰਦ ਤੋਂ ਮਿਤੀ 25.02.2026, 02.03.2026 ਨੂੰ ਅਤੇ 04529 ਮਧੂਬਨੀ ਤੋਂ ਮਿਤੀ 26.02.2026, 03.03.2026 ਅਤੇ 07.03.2026 ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਰਾਜਪੁਰਾ, ਅੰਬਾਲਾ ਕੈਂਟ, ਬਰਾੜਾ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਅਯੁਧਿਆ ਧਾਮ, ਮਨਕਾਪੁਰ ਜੰ., ਬਸਤੀ, ਗੋਰਖਪੁਰ, ਛਪਰਾ, ਹਾਜੀਪੁਰ, ਮੁਜਫਰਪੁਰ, ਸਮਸਤੀਪੁਰ, ਦਰਭੰਗਾ ਜੰ., ਅਤੇ ਸਕਰੀ ਜੰ. ਸਟੇਸ਼ਨ।

### 04610/04609 ਅੰਮ੍ਰਿਤਸਰ ਜੰ. - ਮਾਨਸੀ ਜੰ. - ਅੰਮ੍ਰਿਤਸਰ ਜੰ. ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 06 ਫੇਰੇ

| ਰੇਲਗੱਡੀ ਨੰ. 04610 | | ਸਟੇਸ਼ਨ | ਰੇਲਗੱਡੀ ਨੰ. 04609 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 20:10 | ਅੰਮ੍ਰਿਤਸਰ ਜੰ. | 13:15 | -- |
| 02:30 | -- | ਮਾਨਸੀ ਜੰ. | -- | 04:00 |

ਚੱਲਣ ਦੇ ਦਿਨ: 04610 ਅੰਮ੍ਰਿਤਸਰ ਜੰ. ਤੋਂ ਮਿਤੀ 24.02.2026, 28.02.2026 ਨੂੰ ਅਤੇ 04.03.2026 ਨੂੰ ਅਤੇ 04609 ਮਾਨਸੀ ਤੋਂ ਮਿਤੀ 26.02.2026, 02.03.2026 ਅਤੇ 06.03.2026 ਨੂੰ।
ਸਥਾਨ: ਸਲੀਪਰ ਅਤੇ ਜਨਰਲ।
ਠਹਿਰਾਓ: ਬਿਆਸ ਜੰ., ਜਲੰਧਰ ਸਿਟੀ ਜੰ., ਫਗਵਾੜਾ ਜੰ., ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ, ਗੋਂਡਾ ਜੰ., ਗੋਰਖਪੁਰ ਜੰ., ਸੀਵਾਨ ਜੰ., ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਰੌਨੀ ਜੰ., ਬੇਗੂਸਰਾਯ ਅਤੇ ਖਗੜਿਯਾ ਜੰ. ਸਟੇਸ਼ਨ।

### 04302/04301 ਹਰਿਦੁਆਰ - ਮੁਜਫਰਪੁਰ ਜੰ. - ਹਰਿਦੁਆਰ ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 06 ਫੇਰੇ

| ਰੇਲਗੱਡੀ ਨੰ. 04302 | | ਸਟੇਸ਼ਨ | ਰੇਲਗੱਡੀ ਨੰ. 04301 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 11:45 | ਹਰਿਦੁਆਰ | 15:30 | -- |
| 12:30 | -- | ਮੁਜਫਰਪੁਰ ਜੰ. | -- | 14:45 |

ਚੱਲਣ ਦੇ ਦਿਨ: 04302 ਹਰਿਦੁਆਰ ਤੋਂ ਮਿਤੀ 25.02.2026, 28.02.2026 ਅਤੇ 03.03.2026 ਨੂੰ ਅਤੇ 04301 ਮੁਜੱਫਰਪੁਰ ਜੰ. ਤੋਂ ਮਿਤੀ 26.02.2026, 01.03.2026 ਅਤੇ 04.03.2026 ਨੂੰ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਲਕਸਰ ਜੰ., ਨਜੀਬਾਬਾਦ ਜੰ., ਧਾਮਪੁਰ, ਮੁਰਾਦਾਬਾਦ, ਰਾਮਪੁਰ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ, ਗੋਂਡਾ, ਬਸਤੀ, ਗੋਰਖਪੁਰ, ਕਪਤਾਨਗੰਜ ਜੰ., ਬਗਹਾ ਨਰਕਟਿਯਾਗੰਜ ਜੰ., ਬੇਤਿਯਾ, ਸਗੌਲੀ ਜੰ., ਬਾਪੂਧਾਮ ਮੋਤਿਹਾਰੀ ਅਤੇ ਚਕਿਯਾ ਸਟੇਸ਼ਨ।

### 04014/04013 ਆਨੰਦ ਵਿਹਾਰ (ਟ) - ਲੌਕਹਾ ਬਾਜਾਰ - ਆਨੰਦ ਵਿਹਾਰ (ਟ) ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 26 ਫੇਰੇ

| ਰੇਲਗੱਡੀ ਨੰ. 04014 | | ਸਟੇਸ਼ਨ | ਰੇਲਗੱਡੀ ਨੰ. 04013 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 15:40 | ਆਨੰਦ ਵਿਹਾਰ (ਟ) | 03:40 | -- |
| 20:15 | -- | ਲੌਕਹਾ ਬਾਜਾਰ | -- | 21:30 |

ਚੱਲਣ ਦੇ ਦਿਨ: 04014 ਆਨੰਦ ਵਿਹਾਰ (ਟ) ਤੋਂ ਮਿਤੀ 22.02.2026, ਤੋਂ 06.03.2026 ਅਤੇ 04013 ਲੌਕਹਾ ਬਾਜਾਰ ਤੋਂ ਮਿਤੀ 23.02.2026 ਤੋਂ 07.03.2026 ਤਕ।
ਸਥਾਨ: 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਗਾਜੀਆਬਾਦ, ਮੁਰਾਦਾਬਾਦ, ਬਰੇਲੀ, ਲਖਨਊ ਜੰ., ਗੋਂਡਾ ਜੰ., ਗੋਰਖਪੁਰ ਜੰ., ਕਪਤਾਨਗੰਜ ਜੰ., ਸਿਸਵਾ ਬਾਜਾਰ, ਬਗਹਾ, ਹਰਿਨਗਰ, ਨਰਕਟਿਯਾਗੰਜ ਜੰ., ਸਿਕਟਾ, ਰਕਸੌਲ ਜੰ., ਬੈਰਗਨਿਯਾਂ, ਸੀਤਾਮੜ੍ਹੀ, ਸ਼ਿਸ਼ੋ, ਸਕਰੀ ਜੰ. ਅਤੇ ਝੰਝਾਰਪੁਰ ਸਟੇਸ਼ਨ।

### 04209/04210 ਵਾਰਾਨਸੀ - ਦਿੱਲੀ ਜੰ. - ਵਾਰਾਨਸੀ ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 26 ਫੇਰੇ

| ਰੇਲਗੱਡੀ ਨੰ. 04209 | | ਸਟੇਸ਼ਨ | ਰੇਲਗੱਡੀ ਨੰ. 04210 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 22:30 | ਵਾਰਾਨਸੀ | 09:40 | -- |
| 13:30 | -- | ਦਿੱਲੀ ਜੰ. | -- | 19:25 |

ਚੱਲਣ ਦੇ ਦਿਨ: 04209 ਵਾਰਾਨਸੀ ਤੋਂ ਮਿਤੀ 22.02.2026, ਤੋਂ 06.03.2026 ਅਤੇ 04210 ਦਿੱਲੀ ਜੰ. ਤੋਂ ਮਿਤੀ 23.02.2026 ਤੋਂ 07.03.2026 ਤਕ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਰਾਯਬਰੇਲੀ ਜੰ., ਲਖਨਊ ਜੰ., ਮੁਰਾਦਾਬਾਦ ਅਤੇ ਗਾਜੀਆਬਾਦ ਸਟੇਸ਼ਨ।

### 04066/04065 ਆਨੰਦ ਵਿਹਾਰ (ਟ) - ਖੋਰਧਾ ਰੋਡ ਜੰ. - ਆਨੰਦ ਵਿਹਾਰ (ਟ) ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 11 ਫੇਰੇ

| ਰੇਲਗੱਡੀ ਨੰ. 04066 | | ਸਟੇਸ਼ਨ | ਰੇਲਗੱਡੀ ਨੰ. 04065 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 00:30 | ਆਨੰਦ ਵਿਹਾਰ (ਟ) | 08:15 | -- |
| 12:30 | -- | ਖੋਰਧਾ ਰੋਡ ਜੰ. | -- | 15:30 |

ਚੱਲਣ ਦੇ ਦਿਨ: 04066 ਆਨੰਦ ਵਿਹਾਰ (ਟ.) ਤੋਂ ਮਿਤੀ 27.02.2026 ਤੋਂ 03.03.2026 ਅਤੇ 04065 ਖੋਰਧਾ ਰੋਡ ਜੰ. ਤੋਂ ਮਿਤੀ 28.02.2026 ਤੋਂ 05.03.2026 ਤਕ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ
ਠਹਿਰਾਓ: ਗਾਜੀਆਬਾਦ, ਗੋਵਿੰਦਪੁਰੀ, ਸੂਬੇਦਾਰਗੰਜ, ਮਿਰਜਾਪੁਰ, ਪੰਡਿਤ ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ ਜੰ., ਪਹਾੜਪੁਰ, ਕੋਡਰਮਾ, ਹਜਾਰੀਬਾਗ ਰੋਡ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਗੋਮੋ, ਚੰਦਰਪੁਰਾ, ਬੋਕਾਰੋ ਸਟੀਲ ਸਿਟੀ, ਪੁਰੂਲਿਯਾਂ ਜੰ., ਬਰਾਭੂਮ, ਚਾਂਡਿੰਲ ਜੰ., ਟਾਟਾਨਗਰ ਜੰ., ਘਾਟਸ਼ਿਲਾ ਹਿਜਲੀ, ਬਾਲੇਸ਼ਵਰ, ਭਦ੍ਰਕ, ਜਾਜਪੁਰ ਕੇਂਨਦਰੂ ਰੋਡ, ਕਟਕ ਅਤੇ ਭੁਵਨੇਸ਼ਵਰ ਸਟੇਸ਼ਨ।

### 04052/04051 ਨਵੀਂ ਦਿੱਲੀ - ਹਾਵੜਾ ਜੰ. - ਨਵੀਂ ਦਿੱਲੀ ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 14 ਫੇਰੇ

| ਰੇਲਗੱਡੀ ਨੰ.04052 | | ਸਟੇਸ਼ਨ | ਰੇਲਗੱਡੀ ਨੰ.04051 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 18:15 | ਨਵੀਂ ਦਿੱਲੀ | 08:20 | -- |
| 23:40 | -- | ਹਾਵੜਾ ਜੰ. | -- | 01:40 |

ਚੱਲਣ ਦੇ ਦਿਨ: 04052 ਨਵੀਂ ਦਿੱਲੀ ਤੋਂ ਮਿਤੀ 25.02.2026 ਤੋਂ 03.03.2026 ਅਤੇ 04051 ਹਾਵੜਾ ਜੰ. ਤੋਂ ਮਿਤੀ 27.02.2026 ਤੋਂ 05.03.2026 ਤਕ।
ਸਥਾਨ: ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ.।
ਠਹਿਰਾਓ: ਗਾਜੀਆਬਾਦ, ਅਲੀਗੜ੍ਹ ਜੰ., ਟੂੰਡਲਾ ਜੰ., ਗੋਵਿੰਦਪੁਰੀ, ਪ੍ਰਯਾਗਰਾਜ ਜੰ., ਮਿਰਜਾਪੁਰ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਆਰਾ, ਪਟਨਾ ਜੰ., ਬਖਤਿਯਾਰਪੁਰ ਜੰ., ਕਿਊਲ ਜੰ., ਝਾਝਾ, ਜਸੀਡੀਹ, ਮਧੁਪੁਰ, ਚਿਤਰੰਜਨ, ਆਸਨਸੋਲ ਜੰ., ਦੁਰਗਾਪੁਰ, ਬਰਧਮਾਨ ਅਤੇ ਬੈਨਡੇਲ ਸਟੇਸ਼ਨ।

### 04002/04001 ਨਵੀਂ ਦਿੱਲੀ - ਦਾਦਰ - ਨਵੀਂ ਦਿੱਲੀ ਰੀਜ਼ਰਵ ਸੁਪਰਫਾਸਟ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 04 ਫੇਰੇ

| ਰੇਲਗੱਡੀ ਨੰ. 04002 | | ਸਟੇਸ਼ਨ | ਰੇਲਗੱਡੀ ਨੰ. 04001 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 22:40 | ਨਵੀਂ ਦਿੱਲੀ | 21:05 | -- |
| 22:40 | -- | ਦਾਦਰ | -- | 00:05 |

ਚੱਲਣ ਦੇ ਦਿਨ: 04002 ਨਵੀਂ ਦਿੱਲੀ ਤੋਂ ਮਿਤੀ 25.02.2026 ਤੋਂ 04.03.2026 ਨੂੰ ਅਤੇ 04001 ਦਾਦਰ ਤੋਂ ਮਿਤੀ 27.02.2026 ਤੋਂ 06.03.2026 ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ.।
ਠਹਿਰਾਓ: ਕੋਸੀ ਕਲਾਂ, ਮਥੁਰਾ, ਗੰਗਾਪੁਰ ਸਿਟੀ, ਕੋਟਾ, ਰਤਲਾਮ, ਵਡੋਦਰਾ, ਸੂਰਤ ਅਤੇ ਬੋਰੀਵਲੀ ਸਟੇਸ਼ਨ।

### 04616/04615 ਫਿਰੋਜਪੁਰ ਕੈਂਟ ਜੰ. - ਦਾਨਾਪੁਰ - ਫਿਰੋਜਪੁਰ ਕੈਂਟ ਜੰ. ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 06 ਫੇਰੇ

| ਰੇਲਗੱਡੀ ਨੰ. 04616 | | ਸਟੇਸ਼ਨ | ਰੇਲਗੱਡੀ ਨੰ. 04615 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 12:00 | ਫਿਰੋਜਪੁਰ ਕੈਂਟ ਜੰ. | 23:55 | -- |
| 17:30 | -- | ਦਾਨਾਪੁਰ | -- | 21:10 |

ਚੱਲਣ ਦੇ ਦਿਨ: 04616 ਫਿਰੋਜਪੁਰ ਕੈਂਟ ਜੰ. ਤੋਂ ਮਿਤੀ 26.02.2026, 02.03.2026 ਅਤੇ 06.03.2026 ਨੂੰ ਅਤੇ 04615 ਦਾਨਾਪੁਰ ਤੋਂ ਮਿਤੀ 27.02.2026, 03.03.2026 ਅਤੇ 07.03.2026 ਨੂੰ।
ਸਥਾਨ: ਫਸਟ ਏਸੀ.,2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਏਸੀ. (ਇਕੋਨਾਮੀ), ਸਲੀਪਰ ਅਤੇ ਜਨਰਲ।
ਠਹਿਰਾਓ: ਮੋਗਾ, ਲੁਧਿਆਣਾ, ਅੰਬਾਲਾ ਕੈਂਟ ਜੰ., ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਲਖਨਊ, ਰਾਯਬਰੇਲੀ, ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਵਾਰਾਨਸੀ, ਪੰ. ਦੀਨ ਦਿਆਲ ਉਪਾਧਿਆਏ ਜੰ., ਬਕਸਰ, ਰਘੁਨਾਥਪੁਰ ਅਤੇ ਆਰਾ ਸਟੇਸ਼ਨ।

### 04312/04311 ਯੋਗ ਨਗਰੀ ਰਿਸ਼ੀਕੇਸ਼ - ਕੋਲਕਾਤਾ - ਯੋਗ ਨਗਰੀ ਰਿਸ਼ੀਕੇਸ਼ ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 04 ਫੇਰੇ

| ਰੇਲਗੱਡੀ ਨੰ. 04312 | | ਸਟੇਸ਼ਨ | ਰੇਲਗੱਡੀ ਨੰ. 04311 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 22:20 | ਯੋਗ ਨਗਰੀ ਰਿਸ਼ੀਕੇਸ਼ | 22:25 | -- |
| 08:00 | -- | ਕੋਲਕਾਤਾ | -- | 13:55 |

ਚੱਲਣ ਦੇ ਦਿਨ: 04312 ਯੋਗ ਨਗਰੀ ਰਿਸ਼ੀਕੇਸ਼ ਤੋਂ ਮਿਤੀ 26.02.2026 ਅਤੇ 02.03.2026 ਨੂੰ ਅਤੇ 04311 ਕੋਲਕਾਤਾ ਤੋਂ ਮਿਤੀ 28.02.2026 ਅਤੇ 04.03.2026 ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਹਰਿਦੁਆਰ ਜੰ., ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਆਲਮ ਨਗਰ, ਉਤਰੇਟਿਯਾ ਜੰ., ਰਾਯਬਰੇਲੀ ਜੰ., ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਜੰ., ਵਾਰਾਨਸੀ ਜੰ., ਪੰ. ਦੀਨ ਦਿਆਲ ਉਪਾਧਿਆਏ ਜੰ., ਭਭੂਆ ਰੋਡ, ਸਾਸਾਰਾਮ, ਡੇਹਰੀ ਆਨ ਸੋਨ, ਅਨੁਗ੍ਰਹ ਨਾਰਾਯਨ ਰੋਡ, ਗਯਾ, ਕੋਡਰਮਾ, ਪਾਰਸਨਾਥ, ਨੇਤਾਜੀ ਸੁਭਾ ਚੰਦਰ ਬੋਸ ਜੰ., ਗੋਮੋਹ, ਧਨਬਾਦ ਜੰ. ਆਸਨਸੋਲ ਜੰ., ਦੁਰਗਾਪੁਰ, ਬਰਧਮਾਨ ਬੈਨਡੇਲ ਜੰ. ਅਤੇ ਨੈਹਾਟੀ ਜੰ. ਸਟੇਸ਼ਨ।

**ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਸੂਚਨਾ ਅਤੇ ਵਿਸਤ੍ਰਿਤ ਟਾਈਮ-ਟੇਬਲ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖਣ।**

### 04614/04613 ਅੰਮ੍ਰਿਤਸਰ - ਕਟਿਹਾਰ - ਅੰਮ੍ਰਿਤਸਰ ਰੀਜ਼ਰਵ ਸਪੈਸ਼ਲ ਐਕਸਪ੍ਰੈਸ ਰੇਲਗੱਡੀ — 06 ਫੇਰੇ

| ਰੇਲਗੱਡੀ ਨੰ. 04614 | | ਸਟੇਸ਼ਨ | ਰੇਲਗੱਡੀ ਨੰ.04613 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 14:15 | ਅੰਮ੍ਰਿਤਸਰ | 14:40 | -- |
| 01:00 | -- | ਕਟਿਹਾਰ ਜੰ. | -- | 04:00 |

ਚੱਲਣ ਦੇ ਦਿਨ: 04614 ਅੰਮ੍ਰਿਤਸਰ ਤੋਂ ਮਿਤੀ 25.02.2026, 01.03.2026 ਅਤੇ 05.03.2026 ਨੂੰ ਅਤੇ 04613 ਕਟਿਹਾਰ ਜੰ. ਤੋਂ ਮਿਤੀ 27.02.2026, 03.03.2026 ਅਤੇ 07.03.2026 ਨੂੰ।
ਸਥਾਨ: ਸਲੀਪਰ ਅਤੇ ਜਨਰਲ।
ਠਹਿਰਾਓ: ਬਿਆਸ ਜੰ., ਜਲੰਧਰ ਸਿਟੀ ਜੰ., ਢੰਡਾਰੀ ਕਲਾਂ, ਅੰਬਾਲਾ ਕੈਂਟ, ਅੰਬਾਲਾ ਕੈਂਟ, ਸਹਾਰਨਪੁਰ ਜੰ., ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ ਜੰ., ਗੋਂਡਾ ਜੰ., ਬਸਤੀ, ਗੋਰਖਪੁਰ ਜੰ., ਸੀਵਾਨ, ਛਪਰਾ, ਸੋਨਪੁਰ, ਹਾਜੀਪੁਰ ਜੰ., ਸ਼ਾਹਪੁਰ ਪਟੋਰੀ, ਬਛਵਾਰਾ ਜੰ., ਬਰੌਨੀ ਜੰ., ਖਗੜਿਯਾ ਜੰ., ਮਾਨਸੀ ਜੰ. ਅਤੇ ਨਵਗਛਿਯਾ ਸਟੇਸ਼ਨ।

### 04412/04411 ਤਿਲਕ ਬ੍ਰਿਜ - ਮੁਰਾਦਾਬਾਦ ਜੰ. - ਤਿਲਕ ਬ੍ਰਿਜ ਅਨਰੀਜ਼ਰਵ ਸਪੈਸ਼ਲ ਰੇਲਗੱਡੀ — 10 ਫੇਰੇ

| ਰੇਲਗੱਡੀ ਨੰ. 04412 | | ਸਟੇਸ਼ਨ | ਰੇਲਗੱਡੀ ਨੰ.04411 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 10:00 | ਤਿਲਕ ਬ੍ਰਿਜ | 16:50 | -- |
| 13:00 | -- | ਮੁਰਾਦਾਬਾਦ ਜੰ. | -- | 13:30 |

ਚੱਲਣ ਦੇ ਦਿਨ: 04412 ਤਿਲਕ ਬ੍ਰਿਜ ਅਤੇ 04411 ਮੁਰਾਦਾਬਾਦ ਜੰ. ਤੋਂ ਮਿਤੀ 27.02.2026 ਤੋਂ 03.03.2026 ਤਕ।
ਸਥਾਨ: ਜਨਰਲ।
ਠਹਿਰਾਓ: ਆਨੰਦ ਵਿਹਾਰ ਹਾਲਟ, ਸਾਹਿਬਾਬਾਦ, ਗਾਜੀਆਬਾਦ ਜੰ., ਪਿਲਖੂਆ, ਹਾਪੁੜ ਜੰ., ਗੜ੍ਹਮੁਕਤੇਸ਼ਵਰ, ਗਜਰੌਲਾ ਜੰ. ਅਤੇ ਅਮਰੋਹਾ ਸਟੇਸ਼ਨ।

### 08629/08630 ਰਾਂਚੀ - ਗੋਰਖਪੁਰ ਜੰ. - ਰਾਂਚੀ ਹੋਲੀ ਸਪੈਸ਼ਲ ਰੇਲਗੱਡੀ — 10 ਫੇਰੇ

| ਰੇਲਗੱਡੀ ਨੰ. 08629 | | ਸਟੇਸ਼ਨ | ਰੇਲਗੱਡੀ ਨੰ.08630 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 23:55 | ਰਾਂਚੀ | 20:45 | -- |
| 12:00 | 12:10 | ਵਾਰਾਨਸੀ ਜੰ. | 08:10 | 08:20 |
| 21:30 | -- | ਗੋਰਖਪੁਰ ਜੰ. | -- | 00:50 |

ਚੱਲਣ ਦੇ ਦਿਨ: 08629 ਰਾਂਚੀ ਤੋਂ ਮਿਤੀ 02.03.2026 ਤੋਂ 30.03.2026 ਤਕ (ਹਰੇਕ ਸੋਮਵਾਰ) ਨੂੰ ਅਤੇ 08630 ਗੋਰਖਪੁਰ ਜੰ. ਤੋਂ ਮਿਤੀ 04.03.2026 ਤੋਂ 01.04.2026 ਤਕ (ਹਰੇਕ ਬੁਧਵਾਰ) ਨੂੰ।
ਸਥਾਨ: ਫਸਟ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਮੁਰੀ ਜੰ., ਬੋਕਾਰੋ ਸਟੀਲ ਸਿਟੀ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ., ਗੋਮੋਹ, ਕੋਡਰਮਾ, ਗਯਾ ਜੰ., ਅਨੁਗ੍ਰਹ ਨਾਰਾਯਨ ਰੋਡ, ਡੇਹਰੀਆਨ ਸੋਨ, ਸਾਸਾਰਾਮ, ਪੰ. ਦੀਨ ਦਿਆਲ ਉਪਾਧਿਆਏ ਜੰ., ਵਾਰਾਨਸੀ ਜੌਨਪੁਰ ਜੰ., ਔੜਿਹਾਰ ਜੰ., ਮਊ ਜੰ., ਸਲੇਮਪੁਰ ਜੰ., ਭਟਨੀ ਜੰ. ਅਤੇ ਦੇਵਰਿਯਾ ਸਦਰ ਸਟੇਸ਼ਨ।

### 01431/01432 ਪੁਣੇ - ਗਾਜੀਪੁਰ ਸਿਟੀ - ਪੁਣੇ (ਸਪਤਾਹ ਵਿਚ ਦੋ ਦਿਨ) ਸਪੈਸ਼ਲ ਰੇਲਗੱਡੀ — 08 ਫੇਰੇ

| ਰੇਲਗੱਡੀ ਨੰ. 01431 | | ਸਟੇਸ਼ਨ | ਰੇਲਗੱਡੀ ਨੰ.01432 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 06:40 | ਪੁਣੇ | 16:20 | -- |
| 15:30 | 15:40 | ਵਾਰਾਨਸੀ ਜੰ. | 08:20 | 08:30 |
| 19:05 | -- | ਗਾਜੀਪੁਰ ਸਿਟੀ | -- | 04:20 |

ਚੱਲਣ ਦੇ ਦਿਨ: 01431 ਪੁਣੇ ਤੋਂ ਮਿਤੀ 24.02.2026, 27.02.2026,03.03.2026 ਅਤੇ 06.03.2026 (ਹਰੇਕ ਮੰਗਲਵਾਰ ਅਤੇ ਸ਼ੁਕਰਵਾਰ) ਨੂੰ ਅਤੇ 01432 ਗਾਜੀਪੁਰ ਸਿਟੀ ਤੋਂ ਮਿਤੀ 26.02.2026, 01.03.2026, 05.03.2026 ਅਤੇ 08.03.2026 (ਹਰੇਕ ਵੀਰਵਾਰ ਅਤੇ ਐਤਵਾਰ) ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਦੌਂਡ ਕਾਰਡ ਲਾਈਨ, ਅਹਿਲਯਾਨਗਰ, ਕੋਪਰਗਾਂਵ, ਮਨਮਾਡ ਜੰ. ਜਲਗਾਂਵ ਜੰ., ਭੁਸਾਵਲ ਜੰ., ਖੰਡਵਾ, ਈਟਾਰਸੀ ਜੰ., ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ, ਮੈਹਰ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਵਾਰਾਨਸੀ ਜੰ., ਜੌਨਪੁਰ ਜੰ. ਅਤੇ ਔੜਿਹਾਰ ਜੰ. ਸਟੇਸ਼ਨ।

### 01491/01492 ਹਜਰਤ ਨਿਜਾਮੂਦੀਨ - ਪੁਣੇ (ਸਪਤਾਹਿਕ ) ਸਪੈਸ਼ਲ ਰੇਲਗੱਡੀ — 04 ਫੇਰੇ

| ਰੇਲਗੱਡੀ ਨੰ. 01491 | | ਸਟੇਸ਼ਨ | ਰੇਲਗੱਡੀ ਨੰ. 01492 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 17:30 | ਪੁਣੇ | 23:55 | -- |
| 20:00 | -- | ਹਜਰਤ ਨਿਜਾਮੂਦੀਨ | -- | 21:25 |

ਚੱਲਣ ਦੇ ਦਿਨ: 01491 ਪੁਣੇ ਤੋਂ ਮਿਤੀ 27.02.2026, ਅਤੇ 06.03.2026 (ਹਰੇਕ ਸ਼ੁਕਰਵਾਰ) ਅਤੇ 01492 ਹਜਰਤ ਨਿਜਾਮੂਦੀਨ ਤੋਂ ਮਿਤੀ 28.02.2026 ਅਤੇ 07.03.2026 (ਹਰੇਕ ਸ਼ਨੀਵਾਰ) ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਲੋਨਾਵਲਾ, ਕਲਯਾਨ ਜੰ., ਭਿਵੰਡੀ ਰੋਡ, ਵਸਈ ਰੋਡ, ਵਾਪੀ, ਸੂਰਤ, ਵਡੋਦਰਾ ਜੰ., ਗੋਧਰਾ ਜੰ., ਰਤਲਾਮ ਜੰ., ਸ਼ਾਮਗੜ੍ਹ, ਭਵਾਨੀ ਮੰਡੀ, ਰਾਮਗੰਜ ਮੰਡੀ ਜੰ., ਕੋਟਾ ਜੰ. ਸਵਾਈ ਮਾਧੋਪੁਰ ਜੰ., ਗੰਗਾਪੁਰ ਸਿਟੀ ਜੰ., ਭਰਤਪੁਰ ਜੰ. ਅਤੇ ਮਥੁਰਾ ਜੰ. ਸਟੇਸ਼ਨ।

### 01079/01080 ਛਤਰਪਤੀ ਸ਼ਿਵਾਜੀ ਮਹਾਰਾਜ ਜੰ.-ਗੋਰਖਪੁਰ- ਛਤਰਪਤੀ ਸ਼ਿਵਾਜੀ ਮਹਾਰਾਜ ਟ. ਸਪੈਸ਼ਲ ਰੇਲਗੱਡੀ (ਰੋਜਾਨਾ) — 31 ਫੇਰੇ

| ਰੇਲਗੱਡੀ ਨੰ. 01079 | | ਸਟੇਸ਼ਨ | ਰੇਲਗੱਡੀ ਨੰ. 01080 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 22:30 | ਛਤਰਪਤਿ ਸ਼ਿਵਾਜੀ ਮਹਾਰਾਜ ਟ. | 00:40 | -- |
| 04:10 | 04:15 | ਲਖਨਊ ਜੰ. | 19:50 | 19:55 |
| 10:00 | -- | ਗੋਰਖਪੁਰ | -- | 14:30 |

ਚੱਲਣ ਦੇ ਦਿਨ: 01079 ਛਤਰਪਤੀ ਸ਼ਿਵਾਜੀ ਮਹਾਰਾਜ ਟ. ਤੋਂ ਮਿਤੀ 08.03.2026 ਨੂੰ ਅਤੇ 01080 ਗੋਰਖਪੁਰ ਤੋਂ ਮਿਤੀ 23.02.2026 ਤੋਂ 10.03.2026 ਤਕ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਦਾਦਰ, ਠਾਨੇ, ਕਲਯਾਨ ਜੰ., ਨਾਸ਼ਿਕ ਰੋਡ, ਮਨਮਾੜ ਜੰ., ਜਲਗਾਂਵ ਜੰ., ਭੁਸਾਵਲ ਜੰ., ਖੰਡਵਾ ਜੰ., ਈਟਾਰਸੀ ਜੰ. ਭੋਪਾਲ ਜੰ., ਬੀਨਾ ਜੰ., ਵਿਰਾਂਗਨਾ ਲਕਸ਼ਮੀਬਾਈ ਝਾਂਸੀ ਜੰ., ਉਰਈ, ਕਾਨਪੁਰ ਸੈਂਟਰਲ, ਲਖਨਊ ਜੰ., ਗੋਂਡਾ ਜੰ., ਬਸਤੀ ਅਤੇ ਖਲੀਲਾਬਾਦ ਸਟੇਸ਼ਨ।

### 01415/01416 ਪੁਣੇ - ਗੋਰਖਪੁਰ - ਪੁਣੇ ਸਪੈਸ਼ਲ ਰੇਲਗੱਡੀ (ਰੋਜਾਨਾ) — 31 ਫੇਰੇ

| ਰੇਲਗੱਡੀ ਨੰ. 01415 | | ਸਟੇਸ਼ਨ | ਰੇਲਗੱਡੀ ਨੰ. 01416 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 06:50 | ਪੁਣੇ | 03:15 | -- |
| 10:00 | 10:05 | ਲਖਨਊ ਜੰ. | 22:30 | 22:35 |
| 16:00 | -- | ਗੋਰਖਪੁਰ | -- | 17:30 |

ਚੱਲਣ ਦੇ ਦਿਨ: 01415 ਪੁਣੇ ਤੋਂ ਮਿਤੀ 22.02.2026 ਤੋਂ 08.03.2026 ਅਤੇ 01416 ਗੋਰਖਪੁਰ ਤੋਂ ਮਿਤੀ 22.02.2026 ਤੋਂ 09.03.2026 ਤਕ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਦੌਂਡ ਕਾਰਡ ਲਾਈਨ, ਅਹਿਲਯਾਨਗਰ, ਕੋਪਰਗਾਂਵ, ਮਨਮਾੜ ਜੰ., ਭੁਸਾਵਲ ਜੰ., ਖੰਡਵਾ, ਈਟਾਰਸੀ ਜੰ., ਭੋਪਾਲ ਜੰ., ਬੀਨਾ, ਵਿਰਾਂਗਨਾ ਲਕਸ਼ਮੀਬਾਈ ਝਾਂਸੀ ਜੰ., ਉਰਈ, ਕਾਨਪੁਰ ਸੈਂਟਰਲ, ਲਖਨਊ ਜੰ., ਗੋਂਡਾ ਜੰ. ਅਤੇ ਬਸਤੀ ਸਟੇਸ਼ਨ।

### 06569/06570 ਯਸ਼ਵੰਤਪੁਰ ਜੰ. - ਹਜਰਤ ਨਿਜਾਮੂਦੀਨ - ਯਸ਼ਵੰਤਪੁਰ ਜੰ. ਹੋਲੀ ਸਪੈਸ਼ਲ ਰੇਲਗੱਡੀ — 02 ਫੇਰੇ

| ਰੇਲਗੱਡੀ ਨੰ. 06569 | | ਸਟੇਸ਼ਨ | ਰੇਲਗੱਡੀ ਨੰ. 06570 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 22:40 | ਯਸ਼ਵੰਤਪੁਰ ਜੰ. | 21:40 | -- |
| 14:45 | -- | ਹਜਰਤ ਨਿਜਾਮੂਦੀਨ | -- | 07:00 |

ਚੱਲਣ ਦੇ ਦਿਨ: 06569 ਯਸ਼ਵੰਤਪੁਰ ਤੋਂ ਮਿਤੀ 25.02.2026 ਅਤੇ 06570 ਹ. ਨਿਜਾਮੂਦੀਨ ਤੋਂ ਮਿਤੀ 01.03.2026 ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਯੇਲਹੰਕਾ ਜੰ., ਧਰਮਾਵਰਮ ਜੰ., ਅਨੰਤਪੁਰ, ਡੋਨ ਜੰ., ਕਰਨੂਲ, ਸਿਟੀ, ਕਾਚੀਗੁਡਾ, ਕਾਜੀਪੇਟ ਜੰ., ਬਲਹਾਰਸ਼ਾਹ, ਨਾਗਪੁਰ ਜੰ., ਭੋਪਾਲ ਜੰ., ਬੀਨਾ ਜੰ., ਵੀਰਾਂਗਨਾ ਲਕਸ਼ਮੀਬਾਈ ਝਾਂਸੀ ਜੰ., ਗਵਾਲੀਅਰ ਜੰ., ਆਗਰਾ ਕੈਂਟ ਜੰ. ਅਤੇ ਮਥੁਰਾ ਜੰ. ਸਟੇਸ਼ਨ।

### 05219/05220 ਮੁਜਫਰਪੁਰ ਜੰ. - ਆਨੰਦ ਵਿਹਾਰ (ਟ) - ਮੁਜਫਰਪੁਰ ਜੰ., ਸਪੈਸ਼ਲ ਐਕਸਪ੍ਰੈਸ ਰੇਲਗੱਡੀ — 02 ਫੇਰੇ

| ਰੇਲਗੱਡੀ ਨੰ. 05219 | | ਸਟੇਸ਼ਨ | ਰੇਲਗੱਡੀ ਨੰ. 05220 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 13:30 | ਮੁਜੱਫਰਪੁਰ ਜੰ. | 09:45 | -- |
| 10:00 | -- | ਆਨੰਦ ਵਿਹਾਰ (ਟ.) | -- | 12:00 |

ਚੱਲਣ ਦੇ ਦਿਨ: 05219 ਮੁਜੱਫਰਪੁਰ ਤੋਂ ਮਿਤੀ 06.03.2026 ਅਤੇ 05220 ਆਨੰਦ ਵਿਹਾਰ (ਟ) ਤੋਂ ਮਿਤੀ 07.03.2026 ਨੂੰ।
ਸਥਾਨ: 2 ਟੀਯਰ ਏਸੀ., 3 ਟੀਯਰ ਏਸੀ., ਇਕੋਨਾਮੀ।
ਠਹਿਰਾਓ: ਹਾਜੀਪੁਰ ਜੰ., ਸੋਨਪੁਰ ਜੰ., ਪਾਟਲਿਪੁਤਰ, ਦਾਨਾਪੁਰ, ਆਰਾ, ਬਕਸਰ, ਪੰ. ਦੀਨ ਦਿਆਲ ਉਪਾਧਿਆਏ ਜੰ. ਪ੍ਰਯਾਗਰਾਜ ਜੰ. ਅਤੇ ਗੋਵਿੰਦਪੁਰੀ ਸਟੇਸ਼ਨ।

### 05559/05560 ਰਕਸੌਲ ਜੰ. - ਉਧਨਾ ਜੰ. - ਰਕਸੌਲ ਜੰ. ਸਪੈਸ਼ਲ ਮੇਲ ਐਕਸਪ੍ਰੈਸ ਰੇਲਗੱਡੀ — 02 ਫੇਰੇ

| ਰੇਲਗੱਡੀ ਨੰ. 05559 | | ਸਟੇਸ਼ਨ | ਰੇਲਗੱਡੀ ਨੰ.05560 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| -- | 05:30 | ਰਕਸੌਲ ਜੰ. | 00:15 | -- |
| 14:50 | 15:00 | ਲਖਨਊ ਜੰ. | 14:20 | 14:30 |
| 13:05 | -- | ਉਧਨਾ ਜੰ. | -- | 15:35 |

ਚੱਲਣ ਦੇ ਦਿਨ: 05559 ਰਕਸੌਲ ਜੰ. ਤੋਂ ਮਿਤੀ 28.02.2026 ਅਤੇ 05560 ਉਧਨਾ ਜੰ. ਤੋਂ ਮਿਤੀ 01.03.2026 ਨੂੰ।
ਸਥਾਨ: ਫਸਟ ਏਸੀ., 2 ਟੀਯਰ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ।
ਠਹਿਰਾਓ: ਸਿਕਟਾ, ਨਰਕਟਿਯਾਗੰਜ ਜੰ., ਬਗਹਾ, ਕਪਤਾਨਗੰਜ ਜੰ., ਗੋਰਖਪੁਰ ਜੰ., ਗੋਂਡਾ ਜੰ., ਬਾਰਾਬੰਕੀ ਜੰ., ਲਖਨਊ ਜੰ. ਕਾਨਪੁਰ ਸੈਂਟ੍ਰਲ, ਵੀਰਾਂਗਨ, ਲਕਸ਼ਮੀਬਾਈ ਝਾਂਸੀ ਜੰ., ਲਲਿਤਪੁਰ, ਬੀਨਾ ਜੰ., ਸੰਤ ਹਿਰਦਾਰਾਮ ਨਗਰ, ਸੀਹੋਰ, ਉਜੈਨ ਜੰ., ਨਾਗਦਾ ਜੰ. ਰਤਲਾਮ ਜੰ., ਗੋਧਰਾ ਜੰ., ਵਡੋਦਰਾ ਜੰ. ਅਤੇ ਭਰੂਚ ਜੰ. ਸਟੇਸ਼ਨ।

'ਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸਾਰੀਆਂ ਸਿਆਸੀ ਪਾਰਟੀਆਂ ਦੇ ਪ੍ਰਧਾਨ ਸਾਹਿਬਾਨ ਸਮੇਤ ਵਿਧਾਇਕਾਂ ਅਤੇ ਸਾਂਸਦਾਂ ਨੂੰ ਭੇਜੀ ਜਾਵੇਗੀ ਜਨਤਕ ਦਸਤਖ਼ਤ ਪਟੀਸ਼ਨ ਦੀ ਕਾਪੀ

## ਮਰਹੂਮ ਜੱਥੇਦਾਰ ਅਤੇ ਸ਼ੋ੍ਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮੋਹਨ ਸਿੰਘ ਤੁੜ ਦੇ ਪੋਤਰੇ ਅਮਰਿੰਦਰ ਸਿੰਘ ਤੁੜ 'ਪੂਰਾ ਪੰਜਾਬ ਲਹਿਰ' ਦੇ ਕੌਮੀ ਕਨਵੀਨਰ ਨਿਯੁਕਤ

**ਮੁਹਾਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸਲ ਸਤਲੁਜ ਵੱਲੋਂ ਜਾਰੀ ਪੂਰਾ ਪੰਜਾਬ ਲਹਿਰ ਦੇ ਮੰਚ ਨੂੰ ਤੀਜੇ ਦਿਨ ਵੀ ਵੱਡਾ ਹੁੰਗਾਰਾ ਮਿਲਿਆ। ਅੱਜ ਮੰਚ ਤੋਂ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ, ਪੰਜਾਬ ਦੇ ਸਮੂਹ ਸਿਆਸਤਦਾਨਾਂ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ, ਅੱਜ ਪੰਜਾਬ ਦੀਆਂ ਸਿਆਸੀ ਜਮਾਤਾਂ ਨੂੰ ਸਿਰਫ ਦਾਅਵਿਆਂ ਵਿੱਚ ਹੀ ਨਹੀ, ਸਗੋ ਹਕੀਕਤ ਅਤੇ ਅਮਲੀ ਰੂਪ ਵਿੱਚ ਪੰਜਾਬ ਦੇ ਵਢੇਰੇ ਮਸਲਿਆਂ ਨੂੰ ਲੈਕੇ ਆਉਣਾ ਨਜ਼ਰੀਆ ਸਾਫ ਕਰਨਾ ਚਾਹੀਦਾ ਹੈ। ਮਿਸਲ ਸਤਲੁਜ ਦੇ ਜਨਰਲ ਸਕੱਤਰ ਸਰਦਾਰ ਦਵਿੰਦਰ ਸਿੰਘ ਸੇਖੋਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ, ਪੂਰਾ ਪੰਜਾਬ ਲਹਿਰ ਨੂੰ ਅੱਗੇ ਵਧਾਉਂਦੇ ਹੋਏ, ਸਾਰੀਆਂ ਸਿਆਸੀ ਜਮਾਤਾਂ ਦੇ ਆਗੂਆਂ (ਪ੍ਰਧਾਨ ਸਾਹਿਬਾਨ) ਪੰਜਾਬ ਦੇ ਸਮੂਹ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਓਹਨਾਂ ਦੇ ਸਟੈਂਡ ਨੂੰ ਸਪੱਸ਼ਟਤਾ ਨਾਲ ਪੰਜਾਬ ਦੇ ਸਾਹਮਣੇ ਪੇਸ਼ ਕਰਨ ਲਈ ਪੱਤਰ ਭੇਜਿਆ ਜਾਵੇਗਾ, ਇਸ ਦੇ ਨਾਲ ਹੀ ਜਨਤਕ ਦਸਤਖ਼ਤ ਪਟੀਸ਼ਨ ਦੀ ਕਾਪੀ ਵੀ ਭੇਜੀ ਜਾਵੇਗੀ। ਸਰਦਾਰ ਸੇਖੋਂ ਨੇ ਕਿਹਾ ਕਿ ਐਤਵਾਰ ਦਾ ਦਿਨ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਲਈ ਰਾਖਵਾਂ ਰੱਖਿਆ ਗਿਆ ਹੈ। ਸਾਰੀਆਂ ਸਿਆਸੀ ਪਾਰਟੀਆਂ ਦੇ ਮੁੱਖ ਦਫਤਰ ਬਕਾਇਦਾ ਚਿੱਠੀ ਭੇਜ ਕੇ ਓਹਨਾ ਦੇ ਨੁਮਾਇੰਦਿਆਂ ਨੂੰ ਸੱਦਾ ਪੱਤਰ ਭੇਜਿਆ ਜਾਵੇਗਾ, ਤਾਂ ਜੋ ਸਾਰੀਆਂ ਸਿਆਸੀ ਧਿਰਾਂ ਆਪੋ ਆਪਣੇ ਨੁਮਾਇੰਦਿਆਂ ਨੂੰ ਮੰਚ ਤੋਂ ਪੰਜਾਬ ਦੇ ਇਹਨਾਂ ਮੁੱਦਿਆਂ ਪ੍ਰਤੀ ਆਪਣੀ ਪਾਰਟੀ ਦੇ ਸਟੈਂਡ ਨੂੰ ਸਪੱਸ਼ਟਤਾ ਨਾਲ ਰੱਖ ਸਕਣ। ਸਰਦਾਰ ਅਜੇਪਾਲ ਸਿੰਘ ਬਰਾੜ ਨੇ ਇੱਕ ਮਹੱਤਵਪੂਰਨ ਨਿਯੁਕਤੀ ਕਰਦੇ ਹੋਏ, ਮਰਹੂਮ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ਼ੋ੍ਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮੋਹਨ ਸਿੰਘ ਤੁੜ ਦੇ ਪੋਤਰੇ, ਮਰਹੂਮ ਮੈਂਬਰ ਪਾਰਲੀਮੈਂਟ ਜੱਥੇਦਾਰ ਲਹਿਣਾ ਸਿੰਘ ਤੁੜ ਦੇ ਫਰਜ਼ੰਦ ਅਮਰਿੰਦਰ ਸਿੰਘ ਤੁੜ ਨੂੰ ਪੂਰਾ ਪੰਜਾਬ ਲਹਿਰ ਦੇ ਕੌਮੀ ਕਨਵੀਨਰ ਨਿਯੁਕਤ ਕੀਤਾ ਹੈ। ਸਰਦਾਰ ਬਰਾੜ ਨੇ ਕਿਹਾ ਕਿ, ਮਿਸਲ ਸਤਲੁਜ ਦੇ ਨਾਲ ਅਜਿਹੇ ਪਰਿਵਾਰਾਂ ਦਾ ਜੁੜਨਾ ਸਾਬਿਤ ਕਰਦਾ ਹੈ ਕਿ ਪੰਜਾਬ ਪ੍ਰਤੀ ਸੁਹਿਰਦ ਲੋਕ ਪੂਰਾ ਪੰਜਾਬ ਲਹਿਰ ਨੂੰ ਵੱਡਾ ਹੁਲਾਰਾ ਦੇ ਰਹੇ ਹਨ। ਸਰਦਾਰ ਬਰਾੜ ਨੇ ਕਿਹਾ ਕਿ ਅਮਰਿੰਦਰ ਸਿੰਘ ਤੁੜ ਨੂੰ ਪੂਰਾ ਪੰਜਾਬ ਦੇ ਕੌਮੀ ਕਨਵੀਨਰ ਨਿਯੁਕਤ ਹੋਣ ਤੇ ਉਨ੍ਹਾਂ ਦੀ ਪਿਛਲੀ ਜ਼ਿੰਮੇਵਾਰੀ ਦੇ ਤੌਰ ਤੇ ਹਰਜੀਤ ਸਿੰਘ ਖਿਜ਼ਰਾਬਾਦ ਨੂੰ ਪੁਆਧ ਜ਼ੋਨ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ।

ਇਸ ਦੇ ਨਾਲ ਹੀ ਸਰਦਾਰ ਬਰਾੜ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ, ਇਹ ਮੁਹਿੰਮ ਪੰਜਾਬੀਆਂ ਦੀ ਆਪਣੀ ਮੁਹਿੰਮ ਹੈ, ਇਸ ਨਾਲ ਹਰ ਘਰ ਜੁੜੇ, ਹਰ ਘਰ ਤੋਂ ਇੱਕ ਪਟੀਸ਼ਨ ਜ਼ਰੂਰ ਭਰੀ ਜਾਵੇ ਤਾਂ ਜੋ ਕੇਂਦਰ ਸਰਕਾਰ ਸਾਹਮਣੇ ਪੰਜਾਬ ਦੇ ਪੱਖ ਨੂੰ ਮਜ਼ਬੂਤੀ ਨਾਲ ਰੱਖਿਆ ਜਾ ਸਕੇ। ਅੱਜ ਮੰਚ ਤੋਂ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਬੀਐਸਪੀ ਤੋਂ ਮਾਸਟਰ ਬਨਵਾਰੀ ਲਾਲ, ਪੰਥਕ ਵਿਚਾਰ ਮੰਚ ਤੋਂ ਬਲਜੀਤ ਸਿੰਘ ਖ਼ਾਲਸਾ, ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਦਲਜਿੰਦਰ ਸਿੰਘ ਸੰਧੂ, ਸੀਨੀਅਰ ਐਡਵੋਕੇਟ ਅਨਮੋਲ ਜੀ ਅਤੇ ਐਡਵੋਕੇਟ ਅਰੁਣਪਾਲ ਸਿੰਘ ਨੇ ਆਪਣੀ ਹਾਜ਼ਰੀ ਲਗਵਾਈ।

# ਖ਼ਾਲਸਾ ਕਾਲਜ ਪਟਿਆਲਾ ਵਿਖੇ 'ਏਆਈ ਟੂਲਜ਼ ਫਾਰ ਸਮਾਰਟ ਟੀਚਿੰਗ' ਵਿਸ਼ੇ 'ਤੇ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਆਗਾਜ਼



**ਪਟਿਆਲਾ,21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖ਼ਾਲਸਾ ਕਾਲਜ ਪਟਿਆਲਾ ਵਿਖੇ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੇ ਉਦੇਸ਼ ਨਾਲ ਅੱਜ ਇੱਕ ਵਿਸ਼ੇਸ਼ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਏਆਈ ਟੂਲਜ਼ ਫਾਰ ਸਮਾਰਟ ਟੀਚਿੰਗ: ਟ ?ਰਾਂਸਫਾਰਮਿੰਗ ਹਾਇਰ ਐਜੂਕੇਸ਼ਨ ਕਲਾਸਰੂਮਜ਼ ਵਿਸ਼ੇ 'ਤੇ ਆਧਾਰਿਤ ਇਹ ਪ੍ਰੋਗਰਾਮ ਕਾਲਜ ਦੇ 'ਏਆਈ ਸੈਂਟਰ ਆਫ ਐਕਸੀਲੈਂਸ' ਵੱਲੋਂ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਲੀਕਿਆ ਗਿਆ ਹੈ। ਵਰਣਨਯੋਗ ਹੈ ਕਿ ਇਹ ਸਮੁੱਚਾ ਪ੍ਰੋਗਰਾਮ ਏਆਈ ਸੈਂਟਰ ਦੀ ਕਨਵੀਨਰ ਡਾ. ਇੰਦਰਬੀਰ ਕੌਰ ਦੀ ਸਰਪਰਸਤੀ ਹੇਠ ਚੱਲ ਰਿਹਾ ਹੈ। ਇਹ ਪ੍ਰੋਗਰਾਮ 'ਏਆਈ ਇਮਪੈਕਟ ਸਮਿਟ 2026' ਦੇ ਇੱਕ ਅਹਿਮ ਹਿੱਸੇ ਵਜੋਂ 19 ਫਰਵਰੀ ਤੋਂ 26 ਫਰਵਰੀ 2026 ਤੱਕ ਚੱਲੇਗਾ।

ਸਮਾਗਮ ਦੀ ਸ਼ੁਰੂਆਤ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਉਦਘਾਟਨੀ ਭਾਸ਼ਣ ਦਿੱਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਅਜੋਕੇ ਸਮੇਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਧਿਆਪਨ ਦੇ ਪੁਰਾਣੇ ਤਰੀਕਿਆਂ ਨੂੰ ਆਧੁਨਿਕ ਤਕਨੀਕ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਅਧਿਆਪਕਾਂ ਨੂੰ ਉਨ੍ਹਾਂ ਨਵੇਂ ਸਾਧਨਾਂ ਨਾਲ ਜਾਣੂ ਕਰਵਾਇਆ ਜਾਵੇਗਾ ਜੋ ਨਾ ਸਿਰਫ਼ ਪੜ੍ਹਾਉਣ ਦੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣਗੇ, ਸਗੋਂ ਵਿਦਿਆਰਥੀਆਂ ਲਈ ਸਿੱਖਣ ਦੇ ਤਜ਼ਰਬੇ ਨੂੰ ਵੀ ਵਧੇਰੇ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾਉਣਗੇ।

ਇਸ ਸੱਤ ਰੋਜ਼ਾ ਵਰਕਸ਼ਾਪ ਦੌਰਾਨ ਤਕਨੀਕੀ ਮਾਹਿਰ ਵਜੋਂ ਪ੍ਰੋ. ਗੁਰਪਾਲ ਸਿੰਘ ਅਤੇ ਪ੍ਰੋ. ਲਾਲ ਸਿੰਘ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਇਹ ਮਾਹਿਰ ਹਾਜ਼ਰ ਫੈਕਲਟੀ ਮੈਂਬਰਾਂ ਨੂੰ ਏਆਈ ਟੂਲਜ਼ ਦੀ ਵਰਤੋਂ ਬਾਰੇ ਵਿਹਾਰਕ ਸਿਖਲਾਈ ਪ੍ਰਦਾਨ ਕਰਨਗੇ। ਪ੍ਰੋਗਰਾਮ ਦੇ ਮੁੱਖ ਆਕਰਸ਼ਣਾਂ ਵਿੱਚ ਸਿੱਖਿਆ ਦੇ ਖੇਤਰ ਵਿੱਚ ਏਆਈ ਦੀ ਜਾਣ-ਪਛਾਣ, ਵੱਖ-ਵੱਖ ਏਆਈ ਸਾਧਨਾਂ 'ਤੇ ਹੱਥੀਂ ਸਿਖਲਾਈ ਅਤੇ ਏਆਈ ਦੀ ਮਦਦ ਨਾਲ ਅਧਿਆਪਨ ਤੇ ਸਿੱਖਣ ਦੀ ਪ੍ਰਕਿਰਿਆ ਨੂੰ ਬਿਹਤਰ ਬਣਾਉਣਾ ਸ਼ਾਮਲ ਹੈ।

ਇਸ ਤੋਂ ਇਲਾਵਾ, ਪ੍ਰੋਗਰਾਮ ਵਿੱਚ ਇਸ ਗੱਲ 'ਤੇ ਵੀ ਵਿਸ਼ੇਸ਼ ਚਰਚਾ ਕੀਤੀ ਜਾਵੇਗੀ ਕਿ ਕਿਵੇਂ ਏਆਈ-ਆਧਾਰਿਤ ਮੁਲਾਂਕਣ ਤਕਨੀਕਾਂ ਦੀ ਵਰਤੋਂ ਕਰਕੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ ਅਤੇ ਤੇਜ਼ੀ ਨਾਲ ਮਾਪਿਆ ਜਾ ਸਕਦਾ ਹੈ। ਤਕਨੀਕ ਦੇ ਫਾਇਦਿਆਂ ਦੇ ਨਾਲ-ਨਾਲ, ਇਸ ਦੀ ਵਰਤੋਂ ਨਾਲ ਜੁੜੇ ਨੈਤਿਕ ਮੁੱਦਿਆਂ 'ਤੇ ਵੀ ਗੰਭੀਰ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਤਾਂ ਜੋ ਇਸ ਦਾ ਇਸਤੇਮਾਲ ਜ਼ਿੰਮੇਵਾਰੀ ਨਾਲ ਕੀਤਾ ਜਾ ਸਕੇ।

ਪ੍ਰੋਗਰਾਮ ਦੇ ਪਹਿਲੇ ਦਿਨ ਅੱਜ ਪ੍ਰੋ. ਗੁਰਪਾਲ ਸਿੰਘ ਵੱਲੋਂ ਏਆਈ ਟੂਲਜ ਨਾਲ ਜਾਣ ਪਹਿਚਾਣ ਕਰਵਾਈ ਗਈ ਅਤੇ ਵੱਖ-ਵੱਖ ਏਆਈ ਚੈਟ ਬੋਟ ਬਾਰੇ ਵੀ ਦੱਸਿਆ ਗਿਆ। ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

# ਨਗਰ ਨਿਗਮ ਅਤੇ ਪਟਿਆਲਾ ਫਾਊਂਡੇਸ਼ਨ ਵੱਲੋਂ ਬਾਰਾਂਦਰੀ ਬਾਗ 'ਚ ਨੇਚਰ ਵਾਕ



**ਪਟਿਆਲਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਅਤੇ ਪਟਿਆਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਹੈਰੀਟੇਜ਼ ਫੈਸਟੀਵਲ ਤਹਿਤ ਬਾਰਾਂਦਰੀ ਬਾਗ ਵਿਖੇ ਨੇਚਰ/ਇਨਵਾਇਰਨਮੈਂਟ ਵਾਕ ਦਾ ਸਫਲ ਆਯੋਜਨ ਕੀਤਾ ਗਿਆ ਜਿਸ ਦੀ ਸ਼ੁਰੂਆਤ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਡਿਪਟੀ ਮੇਅਰ ਜਗਦੀਪ ਜੱਗਾ ਵੱਲੋਂ ਕਾਰਵਾਈ ਗਈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਨੇਚਰ ਵਾਕ ਦਾ ਉਦੇਸ਼ ਸ਼ਹਿਰ ਦੀ ਵਿਰਾਸਤੀ ਅਤੇ ਪਰਿਆਵਰਣਕ ਧਰੋਹਰ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਨਾਗਰਿਕਾਂ ਨੂੰ ਹਰੇ-ਭਰੇ ਖੇਤਰਾਂ ਦੀ ਸੰਭਾਲ ਲਈ ਪ੍ਰੇਰਿਤ ਕਰਨਾ ਸੀ। ਓਹਨਾ ਕਿਹਾ ਕਿ ਬਾਰਾਂਦਰੀ ਗਾਰਡਨ, ਜੋ ਪਟਿਆਲਾ ਦੇ ਸਭ ਤੋਂ ਕੀਮਤੀ ਵਿਰਾਸਤੀ ਹਰੇ ਖੇਤਰਾਂ ਵਿੱਚੋਂ ਇੱਕ ਹੈ, ਵਿੱਚ ਸਵੇਰੇ ਦੀ ਤਾਜ਼ਗੀ ਭਰੀ ਹਵਾ ਅਤੇ ਪ੍ਰਕ੍ਰਿਤਿਕ ਸੁੰਦਰਤਾ ਦਾ ਲਾਭ ਹਰੇਕ ਵਿਅਕਤੀ ਨੂੰ ਲੈਣਾ ਚਾਹੀਦਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ, ਪ੍ਰਕਿਰਤੀ ਦੀ ਸੰਭਾਲ ਸਾਂਝੀ ਸਮੂਹਿਕ ਜ਼ਿੰਮੇਵਾਰੀ ਬਣਨੀ ਚਾਹੀਦੀ ਹੈ। ਬਾਰਾਂਦਰੀ ਗਾਰਡਨ ਪਟਿਆਲਾ ਦੀ ਵਿਰਾਸਤ ਦਾ ਅਹਿਮ ਹਿੱਸਾ ਹੈ ਅਤੇ ਇਸ ਤਰ੍ਹਾਂ ਦੀ ਪਹਿਲ ਵਿਦਿਆਰਥੀਆਂ ਨੂੰ ਜਨਤਕ ਸੰਪਤੀਆਂ ਦੀ ਕਦਰ ਕਰਨ ਅਤੇ ਉਨ੍ਹਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕਰਦੀ ਹੈ।ਓਹਨਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰੇ-ਭਰੇ ਅਤੇ ਸਾਫ਼ ਪਟਿਆਲਾ ਦੀ ਦਿਸ਼ਾ ਵਿੱਚ ਚੱਲ ਰਹੀਆਂ ਕੋਸ਼ਿਸ਼ਾਂ ਨੂੰ ਹਮੇਸ਼ਾ ਸਮਰਥਨ ਦਿੰਦਾ ਰਹੇਗਾ। ਇਸ ਤੋਂ ਇਲਾਵਾ ਡੀ ਸੀ ਨੇ ਸਮੂਹ ਪਟਿਆਲਾ ਵਾਸੀਆਂ ਨੂੰ ਪਰਿਵਾਰਾਂ ਸਮੇਤ ਹੈਰੀਟੇਜ ਫੈਸਟੀਵਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਪਟਿਆਲਾ ਫਾਊਂਡੇਸ਼ਨ ਦੇ ਫਾਊਂਡਰ ਅਤੇ ਸੀ ਈ ਓ ਸ਼੍ਰੀ ਰਵੀ ਸਿੰਘ ਆਹਲੂਵਾਲੀਆ ਨੇ ਕਿਹਾ ਬਾਰਾਂਦਰੀ ਗਾਰਡਨ ਸਿਰਫ਼ ਇੱਕ ਵਿਰਾਸਤੀ ਸਥਾਨ ਨਹੀਂ ਇਹ ਇੱਕ ਜੀਵੰਤ ਪਰਿਆਵਰਣਕ ਤੰਤਰ ਹੈ ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਪ੍ਰਕਿਰਤੀ ਅਤੇ ਇਤਿਹਾਸ ਕਿੰਨੇ ਗਹਿਰੇ ਤੌਰ 'ਤੇ ਜੁੜੇ ਹੋਏ ਹਨ। ਇਸ ਨੇਚਰ ਵਾਕ ਰਾਹੀਂ ਅਸੀਂ ਨਾਗਰਿਕਾਂ—ਖ਼ਾਸ ਕਰਕੇ ਨੌਜਵਾਨਾਂ—ਨੂੰ ਇਹ ਸਮਝਾਉਣਾ ਚਾਹੁੰਦੇ ਹਾਂ ਕਿ ਹਰੇ-ਭਰੇ ਖੇਤਰਾਂ ਦੀ ਰੱਖਿਆ ਕੋਈ ਵਿਕਲਪ ਨਹੀਂ, ਸਗੋਂ ਜ਼ਿੰਮੇਵਾਰੀ ਹੈ।

# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਸਿਹਤ ਬੀਮਾ ਯੋਜਨਾ ਦੀ ਸਮੀਖਿਆ




**ਪਟਿਆਲਾ, 21 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਜਾਇਜ਼ਾ ਲੈਣ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵਾਰਡ ਨੰ. 32, 33 ਅਤੇ 41 ਵਿੱਚ ਪਹੁੰਚੇ । ਅਜੀਤਪਾਲ ਸਿੰਘ ਕੋਹਲੀ ਨੇ ਲਾਭਪਾਤਰੀਆਂ ਨਾਲ ਗੱਲਬਾਤ ਕਰਦੇ ਹੋਏ ਯੋਜਨਾ ਦੇ ਫਾਇਦਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਰਜਿਸਟ੍ਰੇਸ਼ਨ ਕਾਰਜ ਨੂੰ ਤੇਜ਼ ਅਤੇ ਸੁਚਾਰੂ ਢੰਗ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਯੋਗ ਪਰਿਵਾਰ ਦਾ ਰਜਿਸਟ੍ਰੇਸ਼ਨ ਕਰਵਾਉਣਾ ਸਰਕਾਰ ਦੀ ਪਹਿਲ ਹੈ ਤਾਂ ਜੋ ਲੋਕਾਂ ਨੂੰ ਇਲਾਜ ਦੌਰਾਨ ਆਰਥਿਕ ਬੋਝ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਅਤੇ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਕਈ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਯੋਜਨਾ ਰਾਹੀਂ ਹਜ਼ਾਰਾਂ ਪਰਿਵਾਰਾਂ ਨੂੰ ਲਾਭ ਮਿਲੇਗਾ। ਵਿਧਾਇਕ ਨੇ ਸਥਾਨਕ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜਿਹੜੇ ਵੀ ਯੋਗ ਹਨ, ਉਹ ਤੁਰੰਤ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਤਾਂ ਜੋ ਸਰਕਾਰ ਦੀ ਇਸ ਲੋਕ-ਭਲਾਈ ਸਕੀਮ ਦਾ ਪੂਰਾ ਲਾਭ ਲਿਆ ਜਾ ਸਕੇ।

# ਚੇਅਰਮੈਨ ਤੇਜਿੰਦਰ ਮਹਿਤਾ ਅਤੇ ਡੀਸੀ ਦਰਮਿਆਨ ਰਸਮੀ ਮੁਲਾਕਾਤ



**ਪਟਿਆਲਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨਾਲ ਰਸਮੀ ਮੁਲਾਕਾਤ ਕੀਤੀ। ਇਸ ਮੌਕੇ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ, ਚੱਲ ਰਹੀਆਂ ਯੋਜਨਾਵਾਂ ਦੀ ਪ੍ਰਗਤੀ ਅਤੇ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਮੁਲਾਕਾਤ ਦੌਰਾਨ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਸੜਕਾਂ ਦੀ ਮੁਰੰਮਤ, ਪੀਣ ਵਾਲੇ ਪਾਣੀ ਦੀ ਸੁਵਿਧਾ, ਸਿਹਤ ਅਤੇ ਸਿੱਖਿਆ ਖੇਤਰ ਦੇ ਸੁਧਾਰ ਤੋਂ ਇਲਾਵਾ ਵਾਤਾਵਰਣ ਸੁਰੱਖਿਆ 'ਤੇ ਖ਼ਾਸ ਜ਼ੋਰ ਦਿੱਤਾ ਗਿਆ। ਹਰਿਆਲੀ ਵਧਾਉਣ, ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪ੍ਰਦੂਸ਼ਣ ਰੋਕਥਾਮ ਲਈ ਸਾਂਝੇ ਉਪਰਾਲਿਆਂ 'ਤੇ ਵੀ ਚਰਚਾ ਕੀਤੀ ਗਈ।

ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਹੁਨਰ ਵਿਕਾਸ ਕਾਰਜਕ੍ਰਮਾਂ ਨੂੰ ਮਜ਼ਬੂਤ ਬਣਾਉਣ ਅਤੇ ਉਦਯੋਗਿਕ ਨਿਵੇਸ਼ ਨੂੰ ਉਤਸ਼ਾਹਿਤ ਕਰਨ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ। ਚੇਅਰਮੈਨ ਸ਼੍ਰੀ ਮਹਿਤਾ ਨੇ ਕਿਹਾ ਕਿ ਸਰਕਾਰੀ ਸਕੀਮਾਂ ਦਾ ਪ੍ਰਭਾਵਸ਼ਾਲੀ ਲਾਗੂਕਰਨ ਯਕੀਨੀ ਬਣਾਇਆ ਜਾਵੇ ਤਾਂ ਜੋ ਯੋਜਨਾਵਾਂ ਦਾ ਲਾਭ ਸਮੇਂ ਸਿਰ ਹੱਕਦਾਰਾਂ ਤੱਕ ਪਹੁੰਚ ਸਕੇ।

ਡਿਪਟੀ ਕਮਿਸ਼ਨਰ ਸ੍ਰੀ ਵਾਲੀਆ ਨੇ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵੱਲੋਂ ਸਰਕਾਰੀ ਯੋਜਨਾਵਾਂ ਨੂੰ ਸੁਚੱਜੇ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਲੋਕ-ਹਿੱਤ ਨੂੰ ਸਭ ਤੋਂ ਉੱਪਰ ਰੱਖਿਆ ਜਾਵੇਗਾ।

ਚੇਅਰਮੈਨ ਸ੍ਰੀ ਮਹਿਤਾ ਅਤੇ ਡੀਸੀ ਸ੍ਰੀ ਵਾਲੀਆ ਨੇ ਜ਼ਿਲ੍ਹੇ ਦੀ ਤਰੱਕੀ ਲਈ ਮਿਲਜੁਲ ਕੇ ਕੰਮ ਕਰਨ ਦਾ ਸੰਕਲਪ ਦੋਹਰਾਇਆ ਅਤੇ ਭਵਿੱਖ ਵਿੱਚ ਨਿਰੰਤਰ ਸਮੀਖਿਆ ਬੈਠਕਾਂ ਕਰਕੇ ਪ੍ਰਗਤੀ ਦੀ ਨਿਗਰਾਨੀ ਕਰਨ 'ਤੇ ਸਹਿਮਤੀ ਪ੍ਰਗਟਾਈ। ਇਸ ਮੌਕੇ ਤੇ ਸਮਾਜਿਕ ਚਿੰਤਕ ਅਮਨ ਅਰੋੜਾ, ਆਮ ਆਦਮੀ ਪਾਰਟੀ ਦੇ ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਿੰਦਰ ਫਰਾਂਸਵਾਲਾ, ਯੂਥ ਆਗੂ ਮਨਬੀਰ ਸਿੰਘ ਸ਼ੁਤਰਾਣਾ, ਸੁਰਿੰਦਰ ਸਿੰਘ ਨਿੱਕੂ, ਯੁਵਾ ਉੱਦਮੀ ਲਵਪ੍ਰੀਤ ਕਾਹਲੋਂ ਅਤੇ ਸੰਦੀਪ ਵਿਰਕ ਮੌਜੂਦ ਸਨ।

# ਸੀ.ਐਮ. ਦੀ ਯੋਗਸ਼ਾਲਾ ਤਹਿਤ ਨਸ਼ਾ ਛੁਡਾਊ ਕੇਂਦਰ ਵਿੱਚ ਯੋਗ ਕਲਾਸਾਂ ਆਯੋਜਿਤ

**ਮਲੇਰਕੋਟਲਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਦੁਆਰਾ ਸ਼ੁਰੂ ਕੀਤੀ ਗਈ ਸੀ.ਐਮ. ਦੀ ਯੋਗਸ਼ਾਲਾ ਮੁਹਿੰਮ ਤਹਿਤ ਸੂਬੇ ਦੇ ਹਰੇਕ ਜ਼ਿਲ੍ਹੇ ਵਿੱਚ ਨਿਯਮਿਤ ਤੌਰ 'ਤੇ ਯੋਗ ਕਲਾਸਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਸ ਪਹਿਲ ਦਾ ਉਦੇਸ਼ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਅਤੇ ਮਨ-ਤਨ ਦੀ ਤੰਦਰੁਸਤੀ ਨੂੰ ਮਜ਼ਬੂਤ ਕਰਨਾ ਹੈ।

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਵਿੱਚ ਕਰੀਬ 145 ਯੋਗ ਕਲਾਸਾਂ ਨਿਯਮਿਤ ਕਰਵਾਈਆਂ ਜਾ ਰਹੀਆਂ ਹਨ।

ਇਸੇ ਕੜੀ ਤਹਿਤ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵੱਲ ਇਕ ਅਹਿਮ ਕਦਮ ਚੁੱਕਦਿਆਂ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਵਿੱਚ ਵੀ ਯੋਗ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ।

ਸੀ.ਐਮ.ਦੀ ਯੋਗਸ਼ਾਲਾ ਮੁਹਿੰਮ ਦੀ ਜ਼ਿਲ੍ਹਾ ਕੋਆਰਡੀਨੇਟਰ ਮਲਕੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਯੋਗਾ ਕਲਾਸਾਂ ਵਿੱਚ ਮਾਹਿਰ ਟਰੇਨਰਾਂ ਵੱਲੋਂ ਨਸ਼ੇ ਦੀ ਦਲਦਲ ਵਿੱਚੇ ਫਸੇ ਲੋਕਾਂ ਨੂੰ ਕਸਰਤ, ਅੰਤਰਮੁਖੀ ਧਿਆਨ ਅਤੇ ਵੱਖ-ਵੱਖ ਯੋਗ ਆਸਨਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਯੋਗ ਅਭਿਆਸ ਨਾਲ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਾਨਸਿਕ ਸ਼ਾਂਤੀ, ਆਤਮ-ਵਿਸ਼ਵਾਸ ਅਤੇ ਸਕਾਰਾਤਮਕ ਸੋਚ ਵਿੱਚ ਵੀ ਵਾਧਾ ਹੁੰਦਾ ਹੈ ਇਸ ਲਈ ਇਹ ਮੁਹਿੰਮ ਨਸ਼ਾ ਪੀੜਤ ਨੂੰ ਨਸ਼ੇ ਦੀ ਲਤ ਚੋਂ ਬਾਹਰ ਆਉਣ ਅਤੇ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਵਿੱਚ ਲਾਭਕਾਰੀ ਸਾਬਤ ਹੋ ਰਹੀ ਹੈ।

ਜ਼ਿਲਾ ਕੋਆਰਡੀਨੇਟਰ ਨੇ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਸਿਰਫ ਸਿਹਤ ਪ੍ਰਤੀ ਜਾਗਰੂਕਤਾ ਮੁਹਿੰਮ ਨਹੀਂ, ਸਗੋਂ ਸਮਾਜਿਕ ਬਦਲਾਅ ਦੀ ਦਿਸ਼ਾ ਵਿੱਚ ਇਕ ਪ੍ਰਭਾਵਸ਼ਾਲੀ ਉਪਰਾਲਾ ਹੈ। ਉਨ੍ਹਾਂ ਆਮ ਜਨਤਾ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਜ਼ਿਲੇ ਵਿੱਚ ਵੱਖ-ਵੱਖ ਥਾਵਾਂ ਤੇ ਆਯੋਜਿਤ ਕੀਤੀਆਂ ਯੋਗ ਕਲਾਸਾਂ ਨਾਲ ਜੁੜ ਕੇ ਆਪਣੇ ਰੋਜਾਨਾ ਜੀਵਨ ਵਿੱਚ ਯੋਗ ਨੂੰ ਸ਼ਾਮਲ ਕਰਨ ਅਤੇ ਸਿਹਤਮੰਦ ਸਮਾਜ ਦੀ ਰਚਨਾ ਵਿੱਚ ਸਹਿਭਾਗੀ ਬਣਨ।

ਉਨ੍ਹਾਂ ਦੱਸਿਆ ਕਿ ਯੋਗ ਕਲਾਸਾਂ ਸਬੰਧੀ ਵਧੇਰੇ ਜਾਣਕਾਰੀ ਲਈ ਵਿਭਾਗ ਦੇ ਅਧਿਕਾਰੀ ਦੇ ਮੋਬਾਇਲ ਨੰਬਰ 62390- 45157 ਜਾਂ ਟੋਲ ਫਰੀ ਨੰਬਰ 78888- 40200 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਾਡਲ ਸਕੂਲ ਦੇ ਵਿਦਿਆਰਥਣਾਂ ਨੂੰ ਮਾਂਹਵਾਰੀ ਸਾਫ ਸਫਾਈ ਪ੍ਰਬੰਧਨ ਦੇ ਬਾਰੇ ਜਾਗਰੂਕ ਕੀਤਾ



**ਪਟਿਆਲਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੱਜ ਸਵੇਰ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਤਹਿਤ ਸਕੂਲ ਦੀ ਅਧਿਆਪਕਾ ਸ੍ਰੀਮਤੀ ਗੁਰਪ੍ਰੀਤ ਕੌਰ ਮੱਲ੍ਹੀ ਵੱਲੋਂ ਸਕੂਲ ਦੀਆਂ ਵਿਦਿਆਰਥਣਾਂ ਨੂੰ ਮਹਾਵਾਰੀ ਦੌਰਾਨ ਸਾਫ ਸਫਾਈ ਰੱਖਣ ਬਾਰੇ ਜਾਗਰੂਕਤਾ ਦੇ ਨਾਲ ਨਾਲ ਸਮਝਾਇਆ ਗਿਆ ਕਿ ਵਿੱਦਿਅਕ ਸੰਸਥਾਵਾਂ ਵਿੱਚ ਮਹਾਵਾਰੀ ਸਿਹਤ ਅਤੇ ਮਹਾਵਾਰੀ ਸਫਾਈ ਪ੍ਰਬੰਧਨ ਉਪਾਵਾਂ ਤੱਕ ਪਹੁੰਚ ਦਾ ਅਧਿਕਾਰ ਸੰਵਿਧਾਨ ਦੇ ਅਨੁਛੇਦ 21 ਦੇ ਤਹਿਤ ਜੀਵਨ ਅਤੇ ਸਨਮਾਨ ਦੇ ਮੌਲਿਕ ਮਾਨਸਿਕ ਅਧਿਕਾਰ ਦਾ ਹਿੱਸਾ ਹੈ। ਇਸ ਮੌਕੇ ਉਨ੍ਹਾਂ ਵੱਲੋਂ ਵਿਦਿਆਰਥਣਾਂ ਨੂੰ ਦੱਸਿਆ ਗਿਆ ਕਿ ਸਕੂਲ ਵੱਲੋਂ ਵਿਦਿਆਰਥਣਾਂ ਨੂੰ ਸੈਨੇਟਰੀ ਨੈਪਕਿੰਨ ਵੈਂਡਿੰਗ ਮਸ਼ੀਨ ਅਤੇ ਅਜਿਹੇ ਸਮੇਂ ਵਿੱਚ ਹੋਰ ਲੋੜੀਂਦੇ ਸਾਧਨ ਮੁਹੱਈਆ ਕਰਵਾਏ ਜਾਣੇ ਸਕੂਲ ਦੀ ਜਿੰਮੇਵਾਰੀ ਹੈ। ਇਸ ਮੌਕੇ ਅਧਿਆਪਕਾ ਵੱਲੋਂ ਇਹ ਵੀ ਸਮਝਾਇਆ ਗਿਆ ਕਿ ਅਜਿਹੇ ਸਮਾਨ ਦੀ ਲੋੜ ਪੈਣ ਤੇ ਵਿਦਿਅਰਥਣਾਂ ਵੱਲੋਂ ਕੋਈ ਸ਼ਰਮ ਜਾਂ ਝਿਜਕ ਨਾ ਰੱਖੀ ਜਾਵੇ । ਨਿਡਰ ਹੋਕੇ ਲੋੜ ਅਨੁਸਾਰ ਸਮਾਨ ਦੀ ਮੰਗ ਕਿਸੇ ਵੀ ਅਧਿਆਪਕਾ ਤੋਂ ਕਰ ਲਈ ਜਾਵੇ। ਇਸ ਮੌਕੇ ਸਕੂਲ ਦੀਆਂ ਸਾਰੀਆਂ ਅਧਿਆਪਕਾਵਾਂ ਮੌਜੂਦ ਸਨ।

# ਨਾਜਾਇਜ਼ ਕਬਜ਼ਿਆਂ ਅਤੇ ਟ੍ਰੈਫਿਕ ਜਾਮ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ



**ਫਗਵਾੜਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਟਰਨੈਸ਼ਨਲ ਹਿਊਮਨ ਰਾਈਟ ਨਿਆਂ ਪਰਿਸ਼ਦ ਸੰਸਥਾ ਵੱਲੋਂ ਅਨਿਲ ਭੱਲਾ ਦੀ ਅਗਵਾਈ ਹੇਠ ਸੀਨੀਅਰ ਸੁਪਰਿੰਟੈਂਡੈਂਟ ਮਾਧਵੀ ਸ਼ਰਮਾ ਨਾਲ ਸ਼ਹਿਰ ਵਿੱਚ ਹੋਏ ਨਾਜਾਇਜ਼ ਕਬਜ਼ਿਆਂ ਅਤੇ ਟ੍ਰੈਫਿਕ ਜਾਮ ਦੀ ਸਥਿਤੀ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਸੰਸਥਾ ਦੇ ਮੈਂਬਰਾਂ ਨੇ ਬੰਗਾ ਰੋਡ, ਹਰਗੋਵਿੰਦ ਨਗਰ, ਸਰਾਏ ਰੋਡ, ਸਿਨੇਮਾ ਰੋਡ ਅਤੇ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦੀ ਸਥਿਤੀ ਬਾਰੇ ਵੀ ਵਿਸਥਾਰ ਨਾਲ ਦੱਸਿਆ।ਇਸ ਦੌਰਾਨ ਮੈਡਮ ਐਸਪੀ ਨੇ ਸੰਸਥਾ ਵੱਲੋਂ ਰੱਖੀ ਹਰ ਗੱਲ ਨੂੰ ਬੜੀ ਧਿਆਨ ਨਾਲ ਸੁਣਿਆ ਅਤੇ ਇਸ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਵਾਅਦੇ ਅਨੁਸਾਰ ਐਸਪੀ ਮੈਡਮ ਮਾਧਵੀ ਸ਼ਰਮਾ ਨੇ ਤੁਰੰਤ ਕਾਰਵਾਈ ਕਰਦੇ ਹੋਏ ਐਕਸ਼ਨ ਲੈਣਾ ਸ਼ੁਰੂ ਕਰ ਦਿੱਤਾ।

ਮੈਡਮ ਐਸਪੀ ਮਾਧਵੀ ਸ਼ਰਮਾ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਜਾਮ ਤੋਂ ਨਿਜਾਤ ਪਾਉਣ ਲਈ ਪੁਲਿਸ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਕੇਐਲ ਗੋਗਨਾ, ਇੰਦਰਜੀਤ ਸ਼ਰਮਾ, ਹਰੀਸ਼ ਧੀਰ, ਰਾਕੇਸ਼ ਮਰਵਾਹਾ, ਚੇਤਨਾ ਜੋਸ਼ੀ, ਮੀਨਾ ਸ਼ਰਮਾ, ਆਸ਼ੀਸ਼ ਸ਼ਰਮਾ, ਅਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਵਿੱਚ ਲਗਾਤਾਰ ਬਿਜਲੀ ਕੱਟਾਂ ਕਾਰਣ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵਿੱਚ ਧੱਕਿਆ ਜਾ ਰਿਹਾ ਹੈ : ਇੰਜੀ. ਪਰਮਜੀਤ ਸਿੰਘ ਭਾਰਜ

**ਲੁਧਿਆਣਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰ ਟੂ ਸੇਵ ਹਿਊਮਨ ਰਾਈਟਸ ਦੇ ਪ੍ਰਧਾਨ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਵੱਲੋਂ ਪੰਜਾਬ ਵਿੱਚ ਲਗਾਤਾਰ ਅਤੇ ਬਿਨਾਂ ਸੂਚਨਾ ਦੇ ਲੱਗ ਰਹੇ ਬਿਜਲੀ ਕੱਟਾਂ ਦੇ ਗੰਭੀਰ ਮਸਲੇ ਸਬੰਧੀ ਪੰਜਾਬ ਦੇ ਰਾਜਪਾਲ ਨੂੰ ਮੈਮੋਰੈਂਡਮ ਸੌਂਪਿਆ ਗਿਆ। ਮੈਮੋਰੈਂਡਮ ਵਿੱਚ ਦਰਸਾਇਆ ਗਿਆ ਕਿ ਬਿਜਲੀ ਆਧੁਨਿਕ ਜੀਵਨ ਦੀ ਬੁਨਿਆਦੀ ਲੋੜ ਹੈ ਅਤੇ ਇਸ ਦੀ ਲਗਾਤਾਰ ਕਮੀ ਨਾਗਰਿਕਾਂ ਦੇ ਮੂਲ ਅਧਿਕਾਰਾਂ 'ਤੇ ਸਿੱਧਾ ਪ੍ਰਭਾਵ ਪਾਉਂਦੀ ਹੈ। ਜਦੋਂ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਬਿਜਲੀ ਪ੍ਰਚੁਰ ਮਾਤਰਾ ਵਿੱਚ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਦੂਜੇ ਪਾਸੇ ਲੋਕਾਂ ਨੂੰ ਘੰਟਿਆਂ ਹਨੇਰੇ ਵਿੱਚ ਰੱਖਣਾ ਪ੍ਰਸ਼ਾਸਨਿਕ ਗੰਭੀਰਤਾ 'ਤੇ ਸਵਾਲ ਖੜ੍ਹਾ ਕਰਦਾ ਹੈ।

ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਦੇ ਫਾਈਨਲ ਇਮਤਿਹਾਨ ਸ਼ੁਰੂ ਹੋ ਚੁੱਕੇ ਹਨ। ਲਗਾਤਾਰ ਬਿਜਲੀ ਕੱਟਾਂ ਕਾਰਨ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ ਜਿਸ ਨਾਲ ਉਨ੍ਹਾਂ ਤੇ ਮਾਨਸਿਕ ਤਣਾਅ ਵੱਧ ਰਿਹਾ ਹੈ। ਇਹ ਸਥਿਤੀ ਨੌਜਵਾਨ ਪੀੜ੍ਹੀ ਦੇ ਭਵਿੱਖ ਨਾਲ ਜੁੜਿਆ ਸੰਵੇਦਨਸ਼ੀਲ ਮਾਮਲਾ ਹੈ। ਇਸ ਤੋਂ ਇਲਾਵਾ ਛੋਟੇ ਉਦਯੋਗ, ਵਪਾਰੀ ਅਤੇ ਦਿਹਾੜੀਦਾਰ ਵਰਗ ਵੀ ਆਰਥਿਕ ਨੁਕਸਾਨ ਝੱਲ ਰਹੇ ਹਨ।

ਸੰਸਥਾ ਨੇ ਉਮੀਦ ਜਤਾਈ ਹੈ ਕਿ ਰਾਜਪਾਲ ਪੰਜਾਬ ਸੰਵਿਧਾਨਕ ਮਰਿਆਦਾਵਾਂ ਅੰਦਰ ਰਹਿੰਦਿਆਂ ਇਸ ਮਾਮਲੇ ਤੇ ਗੰਭੀਰਤਾ ਨਾਲ ਕਾਰਵਾਈ ਕਰਦੇ ਹੋਏ ਲੋਕਾਂ ਦੇ ਮੂਲ ਅਧਿਕਾਰਾਂ ਦੀ ਰੱਖਿਆ ਕਰਦੇ ਹੋਏ ਪੰਜਾਬ ਦੇ ਭਵਿੱਖ ਨੂੰ ਹਨੇਰੇ ਵਿੱਚ ਜਾਣ ਤੋਂ ਰੋਕਣ ਲਈ ਤਰੁੰਤ ਕਾਰਵਾਈ ਕਰਨਗੇ।

# ਸਿੰਗਲ ਟਰੈਕ 'ਗੋਲਡ ਦਾ ਸਿੱਕਾ' ਗੀਤ ਦਾ ਪੋਸਟਰ ਰਿਲੀਜ਼



**ਪਟਿਆਲਾ, 21 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਭਿਆਚਾਰ ਨੂੰ ਵੱਖ-ਵੱਖ ਵੰਨਗੀਆਂ ਰਾਹੀਂ ਪੇਸ਼ ਕੀਤਾ ਜਾਂਦਾ ਹੈ ਜਿਨ੍ਹਾਂ ਵਿਚੋਂ ਇੱਕ ਵੰਨਗੀ 'ਟੱਪੇ' ਹੁੰਦੇ ਹਨ। ਲੋਕ ਗਾਇਕ ਲੱਕੀ ਸਿੰਘ ਦੀ ਬੁਲੰਦ ਆਵਾਜ਼ ਰਾਹੀਂ ਗੀਤਕਾਰ ਸੁਖਵਿੰਦਰ ਆਹੀ ਦੀ ਕਲਮ ਤੋਂ ਲਿਖੇ ਗਏ ਟੱਪਿਆਂ ਦੇ ਸਿੰਗਲ ਟਰੈਕ ਦਾ ਪੋਸਟਰ ਜਾਰੀ ਕੀਤਾ ਗਿਆ। ਇਸ ਪੋਸਟਰ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਉਘੇ ਗੀਤਕਾਰ ਹਰੀਸ਼ ਹਰਫ, ਮੈਡਮ ਸੁਖਵਿੰਦਰ ਆਹੀ, ਐਡਵੋਕੇਟ ਸੁਖਮਿੰਦਰ ਸਿੰਘ ਬੌਬੀ, ਜਥੇਦਾਰ ਕਰਨ ਸਿੰਘ ਜੌਲੀ, ਹਰਮਿੰਦਰ ਸਿੰਘ ਢੀਂਡਸਾ, ਗੁਰਪ੍ਰੀਤ ਸਿੰਘ ਲਲੀਨਾ, ਹਰਪਾਲ ਸਿੰਘ ਹੜਾਨਾ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ। ਹਰਦੀਪ ਸਿੰਘ ਸਨੌਰ ਤੇ ਹਰੀਸ਼ ਹਰਫ ਨੇ ਸਾਂਝੇ ਰੂਪ ਵਿਚ ਗੱਲ ਕਰਦਿਆਂ ਕਿਹਾ ਕਿ ਗਾਇਕ ਲੱਕੀ ਸਿੰਘ ਨੇ ਇਨ੍ਹਾਂ ਟੱਪਿਆਂ ਰਾਹੀਂ ਪਿੰਡ ਦੇ ਰਹਿਣ-ਸਹਿਣ, ਰਿਸ਼ਤਿਆਂ ਦੀਆਂ ਭਾਵਨਾਵਾਂ ਤੇ ਸਭਿਆਚਾਰਕ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਜੋ ਕਿ ਸਰੋਤਿਆਂ ਨੂੰ ਪਸੰਦ ਆਉਣ ਵਾਲਾ ਗੀਤ ਹੈ। ਗਾਇਕ ਲੱਕੀ ਸਿੰਘ ਦੇ ਪਹਿਲਾਂ ਆਏ ਗੀਤ ਅਤੇ ਭਵਿੱਖ ਵਿਚ ਆਉਣ ਵਾਲੇ ਹੋਰ ਗੀਤਾਂ ਸੰਬੰਧੀ ਵੀ ਵਿਚਾਰ ਚਰਚਾ ਕੀਤੀ ਗਈ।

# ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਦਿੱਤੀਆਂ ਸ਼ਹੀਦੀਆਂ ਕਾਰਨ ਗੁਰਧਾਮ ਸਿੱਖ ਪੰਥ ਦੇ ਹੱਥਾਂ ਵਿਚ ਆਏ : ਪ੍ਰੋ ਬਡੂੰਗਰ

**ਪਟਿਆਲਾ, 21 ਫਰਵਰੀ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਨੇ ਨਨਕਾਣਾ ਸਾਹਿਬ ਸਾਕੇ ਦੌਰਾਨ ਆਪਣੀਆਂ ਕੀਮਤੀ ਜਾਨਾਂ ਦੇ ਕੇ ਸ਼ਹਾਦਤ ਦੇਣ ਵਾਲਿਆਂ ਨੂੰ ਸ਼ਰਧਾ ਸਤਿਕਾਰ ਭੇਂਟ ਕਰਦਿਆਂ ਕਿਹਾ ਕਿ ਗੁਰੂ ਘਰਾਂ 'ਤੇ ਕਾਬਜ਼ ਹੋਏ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣ ਲਈ ਸੰਘਰਸ਼ ਕੀਤਾ ਅਤੇ ਆਪਣੀਆਂ ਸ਼ਹਾਦਤਾਂ ਦੇ ਕੇ ਗੁਰਧਾਮਾਂ ਨੂੰ ਸਿੱਖ ਪੰਥ ਨੂੰ ਆਪਣੇ ਹੱਥਾਂ ਵਿਚ ਲਿਆ। ਪ੍ਰੋ. ਬਡੂੰਗਰ ਨੇ ਆਖਿਆ ਕਿ ਅੰਗਰੇਜ਼ਾਂ ਦੀ ਸ਼ਹਿ 'ਤੇ ਗੁਰਦੁਆਰਿਆਂ ਅੰਦਰ ਮਨਮਤ ਕਰਨ ਵਾਲੇ ਮਹੰਤਾਂ ਨੂੰ ਸਬਕ ਸਿਖਾਉਣ ਲਈ ਭਾਈ ਲਛਮਣ ਸਿੰਘ ਵਰਗਿਆਂ ਨੇ ਛੋਟੇ ਉਮਰ ਵਿਚ ਆਪਣੀ ਸ਼ਹਾਦਤ ਦਿੱਤੀ, ਜਿਸ ਨੂੰ ਕਦੇ ਵੀ ਅਣਡਿੱਠ ਕਰਕੇ ਨਹੀਂ ਵੇਖਿਆ ਜਾ ਸਕਦਾ। ਪ੍ਰੋ ਬਡੂੰਗਰ ਨੇ ਕਿਹਾ ਕਿ ਅੰਗਰੇਜ਼ ਸ਼ਾਸਕਾਂ ਦੀ ਸ਼ਹਿ 'ਤੇ ਮਹੰਤਾਂ ਦਾ ਜਬਰ ਵਧਣ ਲੱਗਿਆਂ, ਜਿਨ੍ਹਾਂ ਨੇ ਗੁਰੂ ਘਰ ਦੀਆਂ ਜਾਇਦਾਦਾਂ 'ਤੇ ਕਬਜ਼ਾ ਹੋਣ ਤੋਂ ਇਲਾਵਾ ਗੁਰੂ ਘਰ ਦੀਆਂ ਪੰਥਕ ਮਾਣ ਮਰਿਆਦਾ ਤੱਕ ਦਾ ਘਾਣ ਕੀਤਾ, ਜਿਸ ਦੀ ਸਿਖਰ ਹੋਣ ਲੱਗੀ, ਇਸ ਕਰਕੇ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਅੰਦਰ ਮਨਮਾਨੀਆਂ ਕਰਨੀਆਂ ਅਤੇ ਸੰਗਤਾਂ ਨੂੰ ਮਨਮਤ ਕਰਕੇ ਗੁਰੂ ਸਾਹਿਬ ਦੇ ਫ਼ਲਸਫ਼ੇ ਦੇ ਉਲਟ ਮਹੰਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨੂੰ ਲੱਥ ਪੱਥ ਕੀਤਾ । ਉਨ੍ਹਾਂ ਕਿਹਾ ਕਿ ਗੁਰਦੁਆਰਾ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਮਹੰਤਾਂ ਨੂੰ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਅਜਿਹਾ ਸੱਤਿਆਗ੍ਰਹਿ ਕੀਤਾ । ਪ੍ਰੋ. ਬਡੂੰਗਰ ਨੇ ਕਿਹਾ ਸ਼ਹੀਦੀਆਂ ਦੇ ਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੇ ਹੱਥ ਵਿਚ ਆਇਆ ਅਤੇ ਵੰਡ ਤੋਂ ਬਾਅਦ ਇਹ ਗੁਰਧਾਮ ਪਾਕਿਸਤਾਨ ਵਿਚ ਰਹਿ ਗਿਆ ਅਤੇ ਅਰਦਾਸ ਵਿਚ ਅੱਜ ਹਰ ਸਿੱਖ ਖੁੱਲ੍ਹੇ ਦਰਸ਼ਨ ਦੀਦਾਰ ਦੀ ਅਰਦਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਚਮੀ ਦਾ ਦਿਹਾੜਾ 22 ਫਰਵਰੀ ਨੂੰ ਆ ਰਿਹਾ, ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਵਿਖੇ ਮਨਾਇਆ ਜਾਣ ਵਾਲਾ ਪੰਚਮੀ ਦਾ ਦਿਹਾੜਾ ਨਨਕਾਣਾ ਸਾਹਿਬ ਦੇ ਸਾਕੇ ਨੂੰ ਸਮਰਪਿਤ ਹੋਵੇਗਾ।

# ਪੰਜਾਬ ਰੈਡ ਕਰਾਸ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਵੱਲੋਂ ਨੌਜਵਾਨਾਂ ਨੂੰ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕੀਤਾ ਜਾ ਰਿਹਾ ਜਾਗਰੂਕ : ਪਰਮਿੰਦਰ ਕੌਰ ਮਨਚੰਦਾ

**ਪਟਿਆਲਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**




ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਵਿਖੇ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ, ਪੰਜਾਬ ਸਾਕੇਤ ਹਸਪਤਾਲ ਪਟਿਆਲਾ ਵੱਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਸਾਬਕਾ ਆਈ ਏ ਐਸ ਅਧਿਕਾਰੀ ਦੀ ਸਰਪ੍ਰਸਤੀ ਅਤੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਦੇ ਐਸਟਿਟ ਡਾਇਰੈਕਟਰ -ਕਮ- ਪ੍ਰਿੰਸੀਪਲ ਹਰਬਿੰਦਰ ਸਿੰਘ ਦੇ ਸਹਿਯੋਗ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੋਰ ਚੀਮਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਵੱਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ ਤੇ ਡਾਕਟਰ ਕਿਰਨ,ਰੈਡ ਕਰਾਸ ਦੇ ਸਾਬਕਾ ਟ੍ਰੇਨਿੰਗ ਅਫ਼ਸਰ ਕਾਕਾ ਰਾਮ ਵਰਮਾ,ਟ੍ਰੇਨਿੰਗ ਅਫ਼ਸਰ ਸੁਖਵੰਤ ਸਿੰਘ,ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਉਪਕਾਰ ਸਿੰਘ, ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਦੇ ਕੌਂਸਲਰ ਅਮਰਜੀਤ ਕੌਰ, ਰਣਜੀਤ ਕੌਰ, ਜਸਪ੍ਰੀਤ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ , ਟ੍ਰੇਨਿੰਗ ਅਫ਼ਸਰ ਸੀਮਾ ਭੱਲਾ,ਟ੍ਰੇਨਿੰਗ ਅਫ਼ਸਰ ਮੇਜਰ ਸਿੰਘ, ਟ੍ਰੇਨਿੰਗ ਅਫ਼ਸਰ ਮੰਗਤ ਰਾਮ, ਟ੍ਰੇਨਿੰਗ ਅਫ਼ਸਰ ਹਰਜੋਤ ਸਿੰਘ, ਟ੍ਰੇਨਿੰਗ ਅਫ਼ਸਰ ਸਵਿੰਦਰ ਸਿੰਘ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਪੁਨਰਵਾਸ ਕੇਂਦਰ ਦੀ ਪ੍ਰੋਜੈਕਟ ਡਾਇਰੈਕਟਰ ਗਵਰਨਰ ਐਵਾਰਡੀ ਪਰਮਿੰਦਰ ਕੌਰ ਮਨਚੰਦਾ ਨੇ ਕਿਹਾ ਕਿ ਸਕੂਲੀ ਪੱਧਰ ਤੇ ਹੀ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੜੀਵਾਰ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾ ਜੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਵਿੱਚ ਪਬਲਿਕ ਅਤੇ ਨੌਜਵਾਨਾਂ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ , ਤਾਂ ਹੀ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕਾਂਗੇ। ਉਹਨਾਂ ਕਿਹਾ ਕਿ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ , ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਸਕੂਲਾਂ ਵਿੱਚ ਜਾਂ ਕੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਡਾਕਟਰ ਕਿਰਨ,ਕਾਕਾ ਰਾਮ ਵਰਮਾ,ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਵੀ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ।

# ਪੰਜਾਬ ਸਰਕਾਰ ਨੂੰ ਝਟਕਾ : ਹਾਈਕੋਰਟ ਨੇ ਪਾਵਰਕੌਮ ਦੀ ਸੰਪਤੀ ਤਬਦੀਲ ਕੀਤੇ ਜਾਣ ’ਤੇ ਲਾਈ ਰੋਕ

## ਬਡੂੰਗਰ ਸਾਈਟ ਸਮੇਤ ਸਾਰੀਆਂ ਸੰਪਤੀਆਂ ਦੇ ਤਬਾਦਲੇ ’ਤੇ ਸਟੇਅ; ਮੁਲਾਜ਼ਮਾਂ ਵਿੱਚ ਖ਼ੁਸ਼ੀ ਦੀ ਲਹਿਰ

**ਚੰਡੀਗੜ੍ਹ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਾਵਰਕੌਮ ਦੀ ਮਾਲਕੀ ਵਾਲੀ ਕਿਸੇ ਵੀ ਜਾਇਦਾਦ ਨੂੰ ਤਬਦੀਲ ਕਰਨ ’ਤੇ ਰੋਕ ਲਗਾ ਦਿੱਤੀ ਹੈ। ਹਾਈ ਕੋਰਟ ਦੇ ਇਸ ਫ਼ੈਸਲੇ ਨਾਲ ਪੰਜਾਬ ਸਰਕਾਰ ਦੀ ਸਰਕਾਰੀ ਜਾਇਦਾਦਾਂ ਨੂੰ ਵੇਚਣ ਦੀ ਮੁਹਿੰਮ ਨੂੰ ਝਟਕਾ ਲੱਗਿਆ ਹੈ ਜਦੋਂ ਕਿ ਪਾਵਰਕੌਮ ਦੀਆਂ ਮੁਲਾਜ਼ਮ ਧਿਰਾਂ ਨੇ ਇਸ ਫ਼ੈਸਲੇ ਨਾਲ ਰਾਹਤ ਮਹਿਸੂਸ ਕੀਤੀ ਹੈ।




ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਪਾਵਰਕੌਮ ਦੀਆਂ ਕੁੱਝ ਅਹਿਮ ਸੰਪਤੀਆਂ ਸ਼ਨਾਖ਼ਤ ਕੀਤੀਆਂ ਸਨ ਜਿਨ੍ਹਾਂ ਵਿੱਚੋਂ ਪਟਿਆਲਾ ਦੀ 50 ਏਕੜ ਦੀ ਬਡੂੰਗਰ ਸਾਈਟ ਨੂੰ ਪੁੱਡਾ ਨੂੰ ਤਬਦੀਲ ਵੀ ਕਰ ਦਿੱਤਾ ਗਿਆ ਸੀ।

ਹਾਈ ਕੋਰਟ ਦੇ ਸੀਨੀਅਰ ਵਕੀਲ ਬਲਤੇਜ ਸਿੰਘ ਸਿੱਧੂ ਵੱਲੋਂ ਪਾਵਰਕੌਮ ਦੀਆਂ ਸੰਪਤੀਆਂ ਵੇਚੇ ਜਾਣ ’ਤੇ ਰੋਕ ਲਗਾਉਣ ਲਈ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਦੀ ਅਗਲੀ ਸੁਣਵਾਈ 16 ਮਾਰਚ ਨੂੰ ਹੋਣੀ ਹੈ। ਹਾਈ ਕੋਰਟ ਨੇ ਇਸ ਪਟੀਸ਼ਨ ’ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ। ਹਫ਼ਤਾ ਪਹਿਲਾਂ ਰਾਜਬੀਰ ਸਿੰਘ ਤਰਫ਼ੋਂ ਅਰਜ਼ੀ ਦਾਇਰ ਕਰਕੇ ਅਦਾਲਤ ਦੇ ਤੁਰੰਤ ਦਾਖ਼ਲ ਦੀ ਮੰਗ ਕਰਦਿਆਂ ਤਰਕ ਪੇਸ਼ ਕੀਤਾ ਸੀ ਕਿ ਪਾਵਰਕੌਮ ਨੇ ਪਟੀਸ਼ਨ ਦੇ ਦੌਰਾਨ ਹੀ ਬਡੂੰਗਰ ਸਾਈਟ ਦੀ 50 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰ ਦਿੱਤੀ ਹੈ।

ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਿਵੀਜ਼ਨ ਬੈਂਚ ਨੇ ਅੱਜ ਅਰਜ਼ੀ ’ਤੇ ਸੁਣਵਾਈ ਦੌਰਾਨ ਪਾਵਰਕੌਮ ਦੀ ਮਲਕੀਅਤ ਵਾਲੀਆਂ ਸੰਪਤੀਆਂ ਨੂੰ ਤਬਦੀਲ ਕਰਨ ’ਤੇ ਰੋਕ ਲਗਾ ਦਿੱਤੀ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਤਰਫ਼ੋਂ ਸਭ ਤੋਂ ਵੱਧ ਸੰਪਤੀਆਂ ਦੀ ਸ਼ਨਾਖ਼ਤ ਪਾਵਰਕੌਮ ’ਚ ਕੀਤੀ ਗਈ ਸੀ ਜਿਸ ਤੋਂ ਕਰੀਬ 1500 ਕਰੋੜ ਦੀ ਆਮਦਨ ਦਾ ਅਨੁਮਾਨ ਲਾਇਆ ਗਿਆ ਸੀ। ਬਠਿੰਡਾ ਦੀ ਥਰਮਲ ਕਾਲੋਨੀ ਦੀ ਜ਼ਮੀਨ ਵੀ ਤਬਦੀਲ ਕੀਤੀ ਗਈ ਸੀ। ਬਡੂੰਗਰ ਸਾਈਟ ਨੂੰ ਪੁੱਡਾ ਨੂੰ ਤਬਦੀਲ ਕਰਨ ਵਾਰੇ ਕੁੱਝ ਦਿਨ ਪਹਿਲਾਂ ਹੀ ਪਾਵਰਕੌਮ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਪ੍ਰਵਾਨਗੀ ਦਿੱਤੀ ਸੀ। ਪਾਵਰਕੌਮ ਦੀ ਪੀ ਐੱਸ ਈ ਬੀ ਇੰਜੀਨੀਅਰਜ਼ ਐਸੋਸੀਏਸ਼ਨ ਅਤੇ ਮੁਲਾਜ਼ਮ ਧਿਰਾਂ ਵੱਲੋਂ ਸੰਪਤੀਆਂ ਨੂੰ ਵੇਚੇ ਜਾਣ ਦੇ ਵਿਰੋਧ ’ਚ ਸੰਘਰਸ਼ ਵੀ ਸ਼ੁਰੂ ਕੀਤਾ ਹੋਇਆ ਸੀ। ਦੂਸਰੀ ਤਰਫ਼ ਪੰਜਾਬ ਸਰਕਾਰ ਇਨ੍ਹਾਂ ਜਾਇਦਾਦਾਂ ਨੂੰ ਮਾਰਕੀਟ ’ਚ ਵੇਚ ਕੇ ਆਮਦਨ ਦੇ ਵਸੀਲੇ ਜੁਟਾਉਣਾ ਚਾਹੁੰਦੀ ਸੀ।

ਹਾਈਕੋਰਟ ’ਚ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਵੱਲ ਪਾਵਰਕੌਮ ਦਾ ਬਿਜਲੀ ਸਬਸਿਡੀ ਦਾ ਬਕਾਇਆ 10 ਹਜ਼ਾਰ ਕਰੋੜ ਤੋਂ ਵੱਧ ਗਿਆ ਹੈ ਅਤੇ ਸਰਕਾਰੀ ਵਿਭਾਗਾਂ ਵੱਲ ਕਰੀਬ 2582 ਕਰੋੜ ਦੇ ਬਿੱਲਾਂ ਦੇ ਬਕਾਏ ਵੀ ਖੜ੍ਹੇ ਹਨ। ਪਟੀਸ਼ਨ ’ਚ ਪਾਵਰਕੌਮ ਦੇ ਵਿੱਤੀ ਸੰਕਟ ਦਾ ਹਵਾਲਾ ਦਿੱਤਾ ਗਿਆ ਸੀ। ਸੀਨੀਅਰ ਐਡਵੋਕੇਟ ਬਲਤੇਜ ਸਿੰਘ ਸਿੱਧੂ ਨੇ ਪੁਸ਼ਟੀ ਕੀਤੀ ਕਿ ਹਾਈ ਕੋਰਟ ਨੇ ਅੱਜ ਪਾਵਰਕੌਮ ਦੀਆਂ ਜਾਇਦਾਦਾਂ ਨੂੰ ਤਬਦੀਲ ਕੀਤੇ ਜਾਣ ’ਤੇ ਰੋਕ ਲਗਾ ਦਿੱਤੀ ਹੈ।

# ਪ੍ਰਧਾਨ ਮੰਤਰੀ ਵੱਲੋਂ AI ਅਤੇ ਡੀਪਟੈੱਕ ਸਟਾਰਟਅੱਪਸ ਦੇ ਸੀਈਓਜ਼ ਨਾਲ ਵਿਸ਼ੇਸ਼ ਚਰਚਾ



**ਨਵੀਂ ਦਿੱਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਏਆਈ (19) ਅਤੇ ਡੀਪਟੈੱਕ ਸਟਾਰਟਅੱਪਸ ਦੇ ਸੀਈਓਜ਼ ਨਾਲ ਖੇਤੀਬਾੜੀ,ਵਾਤਾਵਰਣ ਸੁਰੱਖਿਆ ਅਤੇ ਮਾਤ ਭਾਸ਼ਾ ਵਿੱਚ ਉੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਰਗੇ ਵੱਖ-ਵੱਖ ਖੇਤਰਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਦੀ ਵਰਤੋਂ ਕਰਨ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਨਾਲ ਇੱਕ ਗੋਲਮੇਜ਼ ਮੀਟਿੰਗ ਵਿੱਚ 16 ਏਆਈ ਅਤੇ ਡੀਪਟੈੱਕ ਸਟਾਰਟਅੱਪਸ ਦੇ ਸੀਈਓਜ਼ ਅਤੇ ਸੰਸਥਾਪਕਾਂ ਨੇ ਆਪਣੇ ਵਿਚਾਰ ਅਤੇ ਕੰਮ ਪੇਸ਼ ਕੀਤੇ। ਪ੍ਰਧਾਨ ਮੰਤਰੀ ਦਫ਼ਤਰ ਦੇ ਇੱਕ ਬਿਆਨ ਅਨੁਸਾਰ ਮੋਦੀ ਨੇ ਮਜ਼ਬੂਤ ਡੇਟਾ ਗਵਰਨੈਂਸ ਦੀ ਲੋੜ ’ਤੇ ਜ਼ੋਰ ਦਿੱਤਾ,ਗਲਤ ਜਾਣਕਾਰੀ ਵਿਰੁੱਧ ਚੇਤਾਵਨੀ ਅਤੇ ਭਾਰਤ ਦੀਆਂ ਜ਼ਰੂਰਤਾਂ ਦੇ ਅਨੁਸਾਰ ਤਿਆਰ ਕੀਤੇ ਹੱਲ ਵਿਕਸਿਤ ਕਰਨ ਦੀ ਅਪੀਲ ਕੀਤੀ। ਯੂਪੀਆਈ ) ਨੂੰ ਸਧਾਰਨ ਅਤੇ ਸਕੇਲੇਬਲ ਡਿਜੀਟਲ ਨਵੀਨਤਾ ਦੇ ਮਾਡਲ ਵਜੋਂ ਦਰਸਾਉਂਦੇ ਹੋਏ,ਉਨ੍ਹਾਂ ਨੇ ਭਾਰਤੀ ਕੰਪਨੀਆਂ ਵਿੱਚ ਵਿਸ਼ਵਾਸ ਪ੍ਰਗਟਾਇਆ ਅਤੇ ਘਰੇਲੂ ਉਤਪਾਦਾਂ ਵਿੱਚ ਭਰੋਸਾ ਕਰਨ ਲਈ ਉਤਸ਼ਾਹਿਤ ਕੀਤਾ।

ਪ੍ਰਧਾਨ ਮੰਤਰੀ ਨੇ ਖੇਤੀਬਾੜੀ ਅਤੇ ਵਾਤਾਵਰਣ ਸੁਰੱਖਿਆ ਵਰਗੇ ਵੱਖ-ਵੱਖ ਖੇਤਰਾਂ ਵਿੱਚ ਏਆਈ ਤਕਨਾਲੋਜੀ ਦੀ ਵਰਤੋਂ ਕਰਨ ਦੀ ਸੰਭਾਵਨਾ ’ਤੇ ਚਰਚਾ ਕੀਤੀ,ਜਿਸ ਵਿੱਚ ਮਿੱਟੀ ਦੀ ਸਿਹਤ ਦੀ ਰੱਖਿਆ ਲਈ ਫਸਲਾਂ ਦੀ ਉਤਪਾਦਕਤਾ ਅਤੇ ਖਾਦ ਦੀ ਵਰਤੋਂ ਦੀ ਨਿਗਰਾਨੀ ਸ਼ਾਮਲ ਹੈ।

ਭਾਗੀਦਾਰਾਂ ਨੇ ’ਇੰਡੀਆ ਏਆਈ ਇਮਪੈਕਟ ਸਮਿਟ’ ਦੀ ਵੀ ਸ਼ਲਾਘਾ ਕੀਤੀ ਅਤੇ ਇਸ ਨੂੰ ਏਆਈ ਦੇ ਆਲੇ-ਦੁਆਲੇ ਗਲੋਬਲ ਗੱਲਬਾਤ ਨੂੰ ਰੂਪ ਦੇਣ ਵਿੱਚ ਦੇਸ਼ ਦੇ ਵਧਦੇ ਕੱਦ ਦਾ ਪ੍ਰਤੀਬਿੰਬ ਦੱਸਿਆ। ਮੀਟਿੰਗ ਦੌਰਾਨ ਪ੍ਰਮੁੱਖ ਸਕੱਤਰ ਪੀ ਕੇ ਮਿਸ਼ਰਾ, ਪ੍ਰਮੁੱਖ ਸਕੱਤਰ-2 ਸ਼ਕਤੀਕਾਂਤ ਦਾਸ ਅਤੇ ਰਾਜ ਮੰਤਰੀ ਜਿਤਿਨ ਪ੍ਰਸਾਦ ਵੀ ਮੌਜੂਦ ਸਨ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਅਪ੍ਰੈਲ ਤੋਂ ਲਾਗੂ ਹੋਣ ਦੀ ਸੰਭਾਵਨਾ: ਗੋਇਲ

## ਭਾਰਤ-ਅਮਰੀਕਾ ਵਪਾਰ ਸਮਝੌਤੇ ’ਤੇ ਜਲਦ ਲੱਗੇਗੀ ਮੋਹਰ

**ਨਵੀਂ ਦਿੱਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਵਪਾਰ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਸ਼ੁੱਕਰਵਾਰ ਨੂੰ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਅੰਤਰਿਮ ਵਪਾਰ ਸਮਝੌਤੇ ’ਤੇ ਮਾਰਚ ਵਿੱਚ ਦਸਤਖ਼ਤ ਹੋਣ ਦੀ ਪੂਰੀ ਸੰਭਾਵਨਾ ਹੈ, ਜਿਸ ਤੋਂ ਬਾਅਦ ਇਹ ਅਪਰੈਲ ਵਿੱਚ ਲਾਗੂ ਹੋ ਸਕਦਾ ਹੈ।

ਉਨ੍ਹਾਂ ਇਹ ਵੀ ਸਾਂਝਾ ਕੀਤਾ ਕਿ ਭਾਰਤ ਦੇ ਬ੍ਰਿਟੇਨ ਅਤੇ ਓਮਾਨ ਨਾਲ ਮੁਕਤ ਵਪਾਰ ਸਮਝੌਤੇ (6“1) ਵੀ ਅਪਰੈਲ ਤੋਂ ਅਮਲ ਵਿੱਚ ਆਉਣ ਦੀ ਉਮੀਦ ਹੈ, ਜਦੋਂ ਕਿ ਨਿਊਜ਼ੀਲੈਂਡ ਨਾਲ ਅਜਿਹਾ ਸਮਝੌਤਾ ਸਤੰਬਰ ਤੱਕ ਸਿਰੇ ਚੜ੍ਹ ਸਕਦਾ ਹੈ।

ਇਸ ਦਿਸ਼ਾ ਵਿੱਚ ਕਾਰਵਾਈ ਤੇਜ਼ ਕਰਦਿਆਂ, ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਵਿਚਕਾਰ ਕਾਨੂੰਨੀ ਮਸੌਦੇ ਨੂੰ ਅੰਤਿਮ ਰੂਪ ਦੇਣ ਲਈ 23 ਫਰਵਰੀ ਤੋਂ ਅਮਰੀਕਾ ਵਿੱਚ ਤਿੰਨ ਦਿਨਾਂ ਅਹਿਮ ਬੈਠਕ ਸ਼ੁਰੂ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਭਾਰਤ ਅਤੇ ਅਮਰੀਕਾ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਇਸ ਅੰਤਰਿਮ ਵਪਾਰ ਸਮਝੌਤੇ ਦੀ ਰੂਪਰੇਖਾ ਤਿਆਰ ਕਰ ਲਈ ਗਈ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਨੂੰ ਨਵੀਂ ਉਚਾਈ ’ਤੇ ਲੈ ਕੇ ਜਾਵੇਗਾ।

ਉੱਧਰ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸ਼ੁੱਕਰਵਾਰ ਨੂੰ ਵੱਡਾ ਐਲਾਨ ਕਰਦਿਆਂ ਦੱਸਿਆ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਗਲੇ ਕੁਝ ਮਹੀਨਿਆਂ ਵਿੱਚ ਭਾਰਤ ਦਾ ਦੌਰਾ ਕਰਨਗੇ। ਨਵੀਂ ਦਿੱਲੀ ਵਿੱਚ ਏਆਈ ਇਮਪੈਕਟ ਸਮਿਟ ਦੌਰਾਨ ਗੱਲਬਾਤ ਕਰਦਿਆਂ ਗੋਰ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਆਪਣੇ ਦੁਵੱਲੇ ਸਬੰਧਾਂ ਨੂੰ ਇੱਕ ਨਵੇਂ ਮੁਕਾਮ ’ਤੇ ਲੈ ਕੇ ਜਾ ਰਹੇ ਹਨ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਦੋਵਾਂ ਦੇਸ਼ਾਂ ਵਿਚਾਲੇ ਬਹੁ-ਪ੍ਰਤੀਖਿਆਤ ਵਪਾਰਕ ਸਮਝੌਤੇ ’ਤੇ ਬਹੁਤ ਜਲਦ ਦਸਤਖ਼ਤ ਕੀਤੇ ਜਾਣਗੇ, ਜੋ ਕਿ ਆਰਥਿਕ ਸਬੰਧਾਂ ਲਈ ਮੀਲ ਦਾ ਪੱਥਰ ਸਾਬਤ ਹੋਵੇਗਾ।

# ਟਰੰਪ ਵੱਲੋਂ ਭਾਰਤ-ਪਾਕਿ ਟਕਰਾਅ ਰੋਕਣ ਦਾ ਮੁੜ ਦਾਅਵਾ

## ‘ਉਹ ਲੜ ਰਹੇ ਸਨ, 11 ਜੈੱਟ ਡੇਗ ਦਿੱਤੇ ਗਏ ਸਨ, ਬਹੁਤ ਮਹਿੰਗੇ ਜੈੱਟ’

**ਨਿਊਯਾਰਕ/ਵਾਸ਼ਿੰਗਟਨ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਨੂੰ ਧਮਕੀ ਦਿੱਤੀ ਸੀ ਕਿ ਜੇ ਉਨ੍ਹਾਂ ਨੇ ਟਕਰਾਅ ਨਾ ਰੋਕਿਆ ਤਾਂ ਉਹ ਦੋਵਾਂ ’ਤੇ 200 ਫੀਸਦੀ ਟੈਕਸ ਲਗਾ ਦੇਣਗੇ। ਉਨ੍ਹਾਂ ਨੇ ਇਸ ਦਾਅਵੇ ਨੂੰ ਮੁੜ ਦੁਹਰਾਇਆ ਕਿ ਉਨ੍ਹਾਂ ਨੇ ਦੋਵਾਂ ਪ੍ਰਮਾਣੂ ਹਥਿਆਰਾਂ ਨਾਲ ਲੈਸ ਗੁਆਂਢੀ ਦੇਸ਼ਾਂ ਵਿਚਾਲੇ ਜੰਗ ਰੋਕੀ ਸੀ। ਵਾਸ਼ਿੰਗਟਨ ਵਿੱਚ ’ਬੋਰਡ ਆਫ਼ ਪੀਸ’ ਦੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਇਹ ਦਾਅਵਾ ਦੁਹਰਾਇਆ ਕਿ ਉਨ੍ਹਾਂ ਨੇ ਵ੍ਹਾਈਟ ਹਾਊਸ ਵਿੱਚ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਦੇ ਅੰਦਰ ਅੱਠ ਜੰਗਾਂ ਨੂੰ ਰੋਕਿਆ ਹੈ। ਭਾਰਤ ਨੇ ਲਗਾਤਾਰ ਕਿਸੇ ਵੀ ਤੀਜੀ ਧਿਰ ਦੀ ਦਖ਼ਲਅੰਦਾਜ਼ੀ ਤੋਂ ਇਨਕਾਰ ਕੀਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਟਰੰਪ ਦੀ ਅਗਵਾਈ ਵਾਲੀ ਸੰਸਥਾ ਵਿੱਚ ਸ਼ਾਮਲ ਹੋਣ ਵਾਲੇ ਹੋਰ ਦੇਸ਼ਾਂ ਦੇ ਨੇਤਾਵਾਂ ਦੇ ਨਾਲ ਇਸ ਸਮਾਗਮ ਵਿੱਚ ਹਿੱਸਾ ਲਿਆ।



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਉਨ੍ਹਾਂ ਸੰਘਰਸ਼ਾਂ ਦੀ ਸੂਚੀ ਦਿੱਤੀ ਜਿਨ੍ਹਾਂ ਨੂੰ ਖਤਮ ਕਰਨ ਵਿੱਚ ਉਨ੍ਹਾਂ ਨੇ ਮਦਦ ਕੀਤੀ ਅਤੇ ਦੇਸ਼ਾਂ ਦੇ ਨਾਮ ਲੈਂਦੇ ਹੋਏ ਉਨ੍ਹਾਂ ਦੇ ਨੇਤਾਵਾਂ ਨੂੰ ਖੜ੍ਹੇ ਹੋਣ ਲਈ ਕਿਹਾ। ਟਰੰਪ ਨੇ ਸ਼ਰੀਫ ਨੂੰ ਖੜ੍ਹੇ ਹੋਣ ਲਈ ਕਿਹਾ ਅਤੇ ਫਿਰ ਕਿਹਾ,÷ਮੈਂ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਨਾਲ ਗੱਲ ਕੀਤੀ ਹੈ। ਉਹ ਉਤਸ਼ਾਹਿਤ ਹਨ। ਉਹ ਇਸ ਸਮੇਂ ਸਾਨੂੰ ਦੇਖ ਰਹੇ ਹਨ।÷ ਟਰੰਪ ਨੇ ਕਿਹਾ,÷ਪਾਕਿਸਤਾਨ ਅਤੇ ਭਾਰਤ। ਇਹ ਇੱਕ ਵੱਡਾ ਮਾਮਲਾ ਸੀ। ਮੈਨੂੰ ਲੱਗਦਾ ਹੈ ਕਿ ਤੁਹਾਨੂੰ ਅਸਲ ਵਿੱਚ ਖੜ੍ਹੇ ਹੋਣਾ ਚਾਹੀਦਾ ਹੈ,ਕਿਰਪਾ ਕਰਕੇ ਸਿਰਫ਼ ਇੱਕ ਸਕਿੰਟ ਲਈ ਖੜ੍ਹੇ ਹੋਵੋ।

# ਯੂਥ ਕਾਂਗਰਸ ਵੱਲੋਂ ਏਆਈ ਸੰਮੇਲਨ ਵਿੱਚ ਨਾਅਰੇਬਾਜ਼ੀ; ਪੁਲਿਸ ਨੇ10 ਵਰਕਰਾਂ ਦੇ ਇੱਕ ਸਮੂਹ ਨੂੰ ਹਿਰਾਸਤ ਵਿੱਚ ਲੈ ਲਿਆ

**ਨਵੀਂ ਦਿੱਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਅਨ ਯੂਥ ਕਾਂਗਰਸ ਦੇ ਵਰਕਰਾਂ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਗਲੋਬਲ ਏਆਈ (19) ਸੰਮੇਲਨ ਦੌਰਾਨ ਨਾਅਰੇਬਾਜ਼ੀ ਕੀਤੀ, ਜਿਸ ਨਾਲ ਭਾਰਤ ਮੰਡਪਮ ਵਿਖੇ ਹੋ ਰਹੇ ਇੱਕ ਉੱਚ ਪੱਧਰੀ ਅੰਤਰਰਾਸ਼ਟਰੀ ਸਮਾਗਮ ਵਿੱਚ ਵਿਘਨ ਪਾਉਣ ਨੂੰ ਲੈ ਕੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਯੂਥ ਕਾਂਗਰਸ ਦੇ ਵਰਕਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਪਹਿਨੀਆਂ ਹੋਈਆਂ ਸਨ ਅਤੇ ਉਹ ਸਮਾਗਮ ਵਾਲੀ ਥਾਂ ’ਤੇ "PM is compromised" (ਪ੍ਰਧਾਨ ਮੰਤਰੀ ਸਮਝੌਤਾਬੱਧ ਹਨ) ਦੇ ਨਾਅਰੇ ਲਗਾ ਰਹੇ ਸਨ। ਇਸ ਪ੍ਰਦਰਸ਼ਨ ਨੇ ਸੰਮੇਲਨ ਦੀ ਕਾਰਵਾਈ ਵਿੱਚ ਥੋੜ੍ਹੀ ਦੇਰ ਲਈ ਵਿਘਨ ਪਾਇਆ, ਜਿਸ ਵਿੱਚ ਨੀਤੀ ਘੜਨ ਵਾਲੇ, ਉਦਯੋਗਿਕ ਆਗੂ ਅਤੇ ਵਿਸ਼ਵ ਭਰ ਦੇ ਪ੍ਰਤੀਭਾਗੀ ਸ਼ਾਮਲ ਸਨ। ਵਿਰੋਧੀ ਧਿਰ ਦੇ ਯੂਥ ਵਿੰਗ ਦੀ ਇਸ ਕਾਰਵਾਈ ਨੇ ਸਿਆਸੀ ਸੰਦੇਸ਼ ਨੂੰ ਸਿੱਧਾ ਉਸ ਮੰਚ ’ਤੇ ਪਹੁੰਚਾ ਦਿੱਤਾ ਜਿਸ ਨੂੰ ਸਰਕਾਰ ਭਾਰਤ ਦੀਆਂ ਤਕਨੀਕੀ ਇੱਛਾਵਾਂ ਦੇ ਪ੍ਰਤੀਕ ਵਜੋਂ ਪੇਸ਼ ਕਰ ਰਹੀ ਹੈ।




ਭਾਜਪਾ ਨੇ ਇਸ ਵਿਰੋਧ ਪ੍ਰਦਰਸ਼ਨ ਦੀ ਆਲੋਚਨਾ ਕਰਦਿਆਂ ਕਾਂਗਰਸ ’ਤੇ ਭਾਰਤ ਦੇ ਵਿਸ਼ਵਵਿਆਪੀ ਅਕਸ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਪਾਰਟੀ ਦੇ ਬੁਲਾਰੇ ਸੀ ਆਰ ਕੇਸਵਨ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਦਾ ਵਿਵਹਾਰ ਗੈਰ-ਵਾਜਬ ਹੈ ਅਤੇ ਦੋਸ਼ ਲਾਇਆ ਕਿ ਇਹ ਦੇਸ਼ ਨੂੰ ਕਮਜ਼ੋਰ ਕਰਨ ਦੇ ਉਦੇਸ਼ ਨਾਲ ਕੀਤੇ ਜਾਣ ਵਾਲੇ ਵਿਵਹਾਰ ਦੇ ਪੈਟਰਨ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਨੂੰ ਜਨਤਾ, ਖਾਸ ਕਰਕੇ ਨੌਜਵਾਨ ਨਾਗਰਿਕ ਨਹੀਂ ਭੁੱਲਣਗੇ। ਭਾਜਪਾ ਆਗੂ ਅਮਿਤ ਮਾਲਵੀਆ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਇਸ ਘਟਨਾ ਨੂੰ ਸ਼ਰਮਨਾਕ ਕਰਾਰ ਦਿੱਤਾ।

ਇਸ ਦੌਰਾਨ ਏਆਈ ਇਮਪੈਕਟ ਸੰਮੇਲਨ ਸਥਾਨ ’ਤੇ ਇੱਕ ਪ੍ਰਦਰਸ਼ਨੀ ਹਾਲ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਨਾਅਰੇ ਲਗਾਉਣ ਕਾਰਨ ਇੰਡੀਆ ਯੂਥ ਕਾਂਗਰਸ (ਆਈਵਾਈਸੀ) ਦੇ 10 ਵਰਕਰਾਂ ਦੇ ਇੱਕ ਸਮੂਹ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਕਾਂਗਰਸ ਮੈਂਬਰਾਂ ਨੂੰ ਤਿਲਕ ਮਾਰਗ ਪੁਲੀਸ ਸਟੇਸ਼ਨ ਲਿਜਾਇਆ ਗਿਆ। ਪੁਲੀਸ ਨੇ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਬਲਜਿੰਦਰ ਸਿੰਘ ਚੌਂਦਾ ਨੇ ਪੰਜਾਬ ਐਸ.ਸੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸੰਭਾਲਿਆ ਕਾਰਜਭਾਰ



**ਚੰਡੀਗੜ੍ਹ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਨੁਸੂਚਿਤ ਜਾਤੀਆਂ ਅਤੇ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਬਲਜਿੰਦਰ ਸਿੰਘ ਚੌਂਦਾ ਨੇ ਅੱਜ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਅਤੇ ਪੇਂਡੂ ਵਿਕਾਸ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦੀ ਹਾਜ਼ਰੀ ਵਿੱਚ ਸਰਕਾਰੀ ਤੌਰ ’ਤੇ ਆਪਣਾ ਕਾਰਜਭਾਰ ਸੰਭਾਲ ਲਿਆ। ਇਸ ਮੌਕੇ ਕੈਬਨਿਟ ਮੰਤਰੀਆਂ ਵੱਲੋਂ ਨਵ-ਨਿਯੁਕਤ ਚੇਅਰਮੈਨ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਅਤੇ ਪੇਂਡੂ ਵਿਕਾਸ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਦਿਵਿਆਂਗ ਵਿਅਕਤੀਆਂ ਦੇ ਆਰਥਿਕ ਅਤੇ ਸਮਾਜਿਕ ਸਸ਼ਕਤੀਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਐਸ.ਸੀ ਵਰਗ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ, ਆਸਾਨ ਲੋਨ ਸਹੂਲਤਾਂ ਅਤੇ ਕਰਜ਼ਾ ਮਾਫ਼ੀ ਵਰਗੇ ਇਤਿਹਾਸਕ ਫੈਸਲੇ ਇਹ ਸਾਬਤ ਕਰਦੇ ਹਨ ਕਿ ਸਰਕਾਰ ਦਾ ਮੁੱਖ ਉਦੇਸ਼ ਹਰ ਯੋਗ ਲਾਭਪਾਤਰੀ ਤੱਕ ਸਰਕਾਰੀ ਮਦਦ ਪਹੁੰਚਾਉਣਾ ਹੈ।

ਉਨ੍ਹਾਂ ਹੋਰ ਕਿਹਾ ਕਿ ਨਵ-ਨਿਯੁਕਤ ਚੇਅਰਮੈਨ ਦੀ ਅਗਵਾਈ ਹੇਠ ਕਾਰਪੋਰੇਸ਼ਨ ਐਸ.ਸੀ ਵਰਗ ਅਤੇ ਦਿਵਿਆਂਗ ਵਿਅਕਤੀਆਂ ਨੂੰ ਆਤਮ ਨਿਰਭਰ ਬਣਾਉਣ ਵਿੱਚ ਅਹਿਮ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਏਗੀ।

# ਪੰਜਾਬ ਬੋਰਡ ਪ੍ਰੀਖਿਆ: 8ਵੀਂ ਦੇ ਵਿਗਿਆਨ ਦੇ ਪ੍ਰਸ਼ਨ ਪੱਤਰ ’ਚੋਂ ਸਵਾਲ ਗਾਇਬ

## ਵਿਦਿਆਰਥੀ ਚਿੰਤਤ, ਪੀ ਐੱਸ ਈ ਬੀ ਅਧਿਕਾਰੀਆਂ ਨੇ ਉੱਚ ਪੱਧਰੀ ਮੀਟਿੰਗ ਸੱਦੀ

**ਮੁਹਾਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸ਼ੁੱਕਰਵਾਰ ਨੂੰ ਲਈ ਗਈ ਅੱਠਵੀਂ ਜਮਾਤ ਦੀ ਵਿਗਿਆਨ ਦੀ ਪ੍ਰੀਖਿਆ ਵਿੱਚ ਬੈਠੇ ਵਿਦਿਆਰਥੀਆਂ ਨੇ ਦੱਸਿਆ ਕਿ ਪੰਜਾਬੀ ਮਾਧਿਅਮ ਵਾਲੇ ਪ੍ਰਸ਼ਨ ਪੱਤਰ ਦੇ ਇੱਕ ਸੈੱਟ ਵਿੱਚੋਂ ਪੰਜ-ਪੰਜ ਅੰਕਾਂ ਵਾਲੇ ਤਿੰਨ ਸਵਾਲ ਗਾਇਬ ਸਨ। ਇਸ ਕਾਰਨ ਸੂਬੇ ਦੇ ਕਈ ਪ੍ਰੀਖਿਆ ਕੇਂਦਰਾਂ ਵਿੱਚ ਵਿਦਿਆਰਥੀਆਂ ਵਿੱਚ ਭੰਬਲਭੂਸਾ ਅਤੇ ਚਿੰਤਾ ਪੈਦਾ ਹੋ ਗਈ।

ਜ਼ਿਆਦਾਤਰ ਪ੍ਰੀਖਿਆ ਕੇਂਦਰਾਂ ਵਿੱਚ ਨਿਗਰਾਨੀ ਕਰ ਰਹੇ ਅਧਿਆਪਕਾਂ ਨੂੰ ਪੂਰਾ ਪ੍ਰਸ਼ਨ ਪੱਤਰ ਪੜ੍ਹਨ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਇਸ ਗਲਤੀ ਬਾਰੇ ਸੂਚਿਤ ਕੀਤਾ ਗਿਆ। ਅੰਮ੍ਰਿਤਸਰ ਅਤੇ ਬਠਿੰਡਾ ਵਿੱਚ ਤਾਇਨਾਤ ਇੱਕ ਨਿਗਰਾਨ ਨੇ ਦੱਸਿਆ, ਪ੍ਰਸ਼ਨ ਪੱਤਰ ਕੁੱਲ 80 ਅੰਕਾਂ ਦਾ ਹੁੰਦਾ ਹੈ, ਜਿਸ ਵਿੱਚ ਇੱਕ, ਦੋ ਜਾਂ ਤਿੰਨ ਅੰਕਾਂ ਵਾਲੇ ਛੋਟੇ ਸਵਾਲ ਅਤੇ ਪੰਜ ਅੰਕਾਂ ਵਾਲੇ ਤਿੰਨ ਸਵਾਲ ਹੁੰਦੇ ਹਨ। ਪੰਜਾਬੀ ਸੈੱਟ ਵਿੱਚੋਂ ਪੰਜ ਅੰਕਾਂ ਵਾਲੇ ਇਹ ਤਿੰਨੋਂ ਸਵਾਲ ਗਾਇਬ ਸਨ।ਇਸਦਾ ਮਤਲਬ ਹੈ ਕਿ ਵਿਦਿਆਰਥੀ 15 ਅੰਕਾਂ ਦਾ ਪੇਪਰ ਹੱਲ ਨਹੀਂ ਕਰ ਸਕੇ।÷

ਬਠਿੰਡਾ ਵਿਦਿਆਰਥੀਆਂ ਨੇ ਦੱਸਿਆ ਕਿ ਅਨੁਵਾਦ ਨਾ ਹੋਣ ਕਾਰਨ ਉਹਨਾਂ ਨੂੰ ਪ੍ਰਸ਼ਨਾਂ ਨੂੰ ਸਮਝਣ ਵਿੱਚ ਵਧੇਰੇ ਸਮਾਂ ਲੱਗਾ, ਜਿਸ ਨਾਲ ਉਹ ਖੱਜਲ-ਖੁਆਰ ਹੋਏ। ਕੁਝ ਪ੍ਰੀਖਿਆ ਕੇਂਦਰਾਂ ‘ਤੇ ਨਿਗਰਾਨ ਅਧਿਕਾਰੀਆਂ ਵੱਲੋਂ ਮੌਕੇ ‘ਤੇ ਹੀ ਅੰਗਰੇਜ਼ੀ/ਹਿੰਦੀ ਵਿੱਚ ਦਿੱਤੇ ਪ੍ਰਸ਼ਨਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਕੇ ਵਿਦਿਆਰਥੀਆਂ ਨੂੰ ਨੋਟ ਕਰਵਾਇਆ ਗਿਆ। ਇਸ ਵੱਡੀ ਗਲਤੀ ਨੇ ਵਿਦਿਆਰਥੀਆਂ ਵਿੱਚ ਚਿੰਤਾ ਪੈਦਾ ਕਰ ਦਿੱਤੀ, ਜਿਸ ਕਾਰਨ ਅਧਿਆਪਕਾਂ ਅਤੇ ਕੇਂਦਰ ਮੁਖੀਆਂ ਨੇ ਤੁਰੰਤ ਮਾਮਲੇ ਦੀ ਰਿਪੋਰਟ ਕੀਤੀ ਅਤੇ ਕਾਰਵਾਈ ਕੀਤੀ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬੁਲਾਰੇ ਨੇ ਇਸ ਮੁੱਦੇ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਚੇਅਰਮੈਨ ਪੀ.ਐਸ.ਈ.ਬੀ. ਵੱਲੋਂ ਇਸ ਮਾਮਲੇ ’ਤੇ ਮੀਟਿੰਗ ਬੁਲਾਈ ਜਾ ਰਹੀ ਹੈ ਅਤੇ ਸਾਰੇ ਕੇਂਦਰ ਮੁਖੀਆਂ ਨੂੰ ਤੁਰੰਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਅੰਗਰੇਜ਼ੀ ਜਾਂ ਹਿੰਦੀ ਮਾਧਿਅਮ ਵਾਲੇ ਪ੍ਰਸ਼ਨ ਪੱਤਰਾਂ ਦੇ ਸੈੱਟਾਂ ਵਿੱਚੋਂ ਇਨ੍ਹਾਂ ਸਵਾਲਾਂ ਦਾ ਅਨੁਵਾਦ ਕਰਕੇ ਵਿਦਿਆਰਥੀਆਂ ਨੂੰ ਦਿੱਤਾ ਜਾਵੇ।

# ਹਰਮੀਤ ਸਿੰਘ ਕਾਲਕਾ ਵੱਲੋਂ ਵਿਕਰਮਜੀਤ ਸਿੰਘ ਸਾਹਨੀ ਨੂੰ ਜਨਮਦਿਨ ਤੇ ਵਧਾਈਆਂ

**ਨਵੀਂ ਦਿੱਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਜੀ ਨੇ ਰਾਜ ਸਭਾ ਮੈਂਬਰ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਨੂੰ ਉਨ੍ਹਾਂ ਦੇ ਜਨਮਦਿਨ ਮੌਕੇ ਤਹਿ ਦਿਲੋਂ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।

ਆਪਣੇ ਵਧਾਈ ਸੰਦੇਸ਼ ਵਿੱਚ ਸਰਦਾਰ ਕਾਲਕਾ ਜੀ ਨੇ ਕਿਹਾ ਕਿ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਨੇ ਸਮਾਜਿਕ ਸੇਵਾ, ਰਾਸ਼ਟਰੀ ਏਕਤਾ ਅਤੇ ਮਨੁੱਖਤਾ ਦੀ ਭਲਾਈ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਨਿਸ਼ਕਾਮ ਸੇਵਾ ਭਾਵਨਾ ਅਤੇ ਸਰਗਰਮ ਸਮਾਜ ਲਈ ਪ੍ਰੇਰਣਾਸਰੋਤ ਹੈ। ਉਨ੍ਹਾਂ ਅਰਦਾਸ ਕੀਤੀ ਕਿ ਵਾਹਿਗੁਰੂ ਜੀ ਸ੍ਰੀ ਸਾਹਨੀ ਨੂੰ ਚੰਗੀ ਸਿਹਤ, ਲੰਮੀ ਉਮਰ ਅਤੇ ਅਟੱਲ ਹੌਸਲੇ ਦੀ ਦਾਤ ਬਖ਼ਸ਼ਣ, ਤਾਂ ਜੋ ਉਹ ਅੱਗੇ ਵੀ ਦੇਸ਼ ਅਤੇ ਸਿੱਖ ਕੌਮ ਦੀ ਲਗਾਤਾਰ ਸੇਵਾ ਕਰਦੇ ਰਹਿਣ। ਸਰਦਾਰ ਕਾਲਕਾ ਨੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਆਪਣੀ ਦੂਰਅੰਦੇਸ਼ੀ ਸੋਚ ਅਤੇ ਸਮਰਪਿਤ ਅਗਵਾਈ ਰਾਹੀਂ ਸਮਾਜਿਕ ਅਤੇ ਰਾਸ਼ਟਰੀ ਪੱਧਰ ‘ਤੇ ਨਵੇਂ ਮਾਪਦੰਡ ਸਥਾਪਿਤ ਕਰਦੇ ਰਹਿਣਗੇ।

# ਮੋਹਾਲੀ ਨਗਰ ਨਿਗਮ ਚੋਣਾਂ ਤੈਅ ਸਮੇਂ ਅਨੁਸਾਰ ਹੀ ਹੋਣਗੀਆਂ : ਕੁਲਵੰਤ ਸਿੰਘ




**ਮੁਹਾਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਮੋਹਾਲੀ ਕੁਲਵੰਤ ਸਿੰਘ ਹੋਰਾਂ ਵੱਲੋਂ ਮੋਹਾਲੀ ਹਲਕੇ ਤੋਂ 5ਵੀਂ ਬੱਸ -ਤੀਰਥ ਬੱਸ ਯਾਤਰਾ ਯੋਜਨਾ ਦੇ ਤਹਿਤ ਰਵਾਨਾ ਕੀਤੀ ਗਈ, ਇਸ ਬੱਸ ਨੂੰ ਹਰੀ ਝੰਡੀ ਦੇਣ ਦੇ ਲਈ ਵਿਧਾਇਕ ਕੁਲਵੰਤ ਸਿੰਘ -ਮਟੌਰ ਵਿਖੇ ਪਹੁੰਚੇ, ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਬਸ ਯੋਜਨਾ ਦੇ ਤਹਿਤ ਅੱਜ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਸ਼ਰਧਾਲੂਆਂ ਦੀ 5ਵੀਂ ਬੱਸ ਰਵਾਨਾ ਕੀਤੀ ਗਈ ਹੈ। ਅਤੇ ਇਸ ਨੂੰ ਲੈ ਕੇ ਸ਼ਰਧਾਲੂਆਂ ਦੇ ਵਿੱਚ ਵਿੱਚ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਵੇਖਣ ਨੂੰ ਮਿਲਿਆ, ਜਿਸ ਦੇ ਚਲਦਿਆਂ ਉਹਨਾਂ ਨੂੰ ਬੇਹਦ ਸਕੂਨ ਅਤੇ ਤਸੱਲੀ ਦਾ ਅਹਿਸਾਸ ਹੋ ਰਿਹਾ ਹੈ ,ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਹੋਰਾਂ ਦੱਸਿਆ ਕਿ ਅੰਮ੍ਰਿਤਸਰ ਕਿਉਂਕਿ ਸਭਨਾ ਧਰਮਾਂ ਦੇ ਕੇਂਦਰੀ ਸਥਾਨ ਵਜੋਂ ਗਿਣਿਆ ਜਾਂਦਾ ਹੈ ਅਤੇ ਇਹ ਸ਼ਰਧਾਲੂਆਂ ਦਾ ਜੱਥਾ ਦਰਬਾਰ ਸਾਹਿਬ, ਦੁਰਗਿਆਨਾ ਮੰਦਰ, ਰਾਮ ਤੀਰਥ ,ਵਾਲਮੀਕੀ ਮੰਦਰ , ਜਲਿਆਂਵਾਲਾ ਬਾਗ ਹੁੰਦਾ ਹੋਇਆ ਬਹਗਾ ਬਾਰਡਰ ਜਾਵੇਗਾ, ਇਹਨਾਂ ਸ਼ਰਧਾਲੂਆਂ ਦੇ ਆਉਣ- ਜਾਣ ਅਤੇ ਰਿਹਾਇਸ਼ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਲੋੜੀਂਦਾ ਅਤੇ ਢੁਕਵਾਂ ਪ੍ਰਬੰਧ ਕੀਤਾ ਗਿਆ, ਉਹਨਾਂ ਕਿਹਾ ਕਿ ਜਿੱਥੇ ਦਰਬਾਰ ਸਾਹਿਬ ਅਤੇ ਦੁਰਗਿਆਨਾ ਮੰਦਰ ਧਾਰਮਿਕ ਆਸਥਾ ਦੇ ਕੇਂਦਰ ਹਨ, ਉੱਥੇ ਜਲਿਆਂਵਾਲਾ ਬਾਗ ਪਹੁੰਚ ਕੇ ਸਭਨਾਂ ਨੂੰ ਇੱਥੋਂ ਦੀ ਕੁਰਬਾਨੀ ਭਰਿਆ ਇਤਿਹਾਸ ਯਾਦ ਆਉਂਦਾ ਹੈ। ਉਹਨਾਂ ਕਿਹਾ ਕਿ ਸ਼ਰਧਾਲੂਆਂ ਵੱਲੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਵੀ ਅਜਿਹੀ ਯਾਤਰਾ ਯੋਜਨਾ ਦੀ ਸ਼ੁਰੂਆਤ ਕਰਨ ਦੀ ਗੱਲ ਆਖੀ ਗਈ ਹੈ, ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੇ ਨਾਲ ਗੱਲ ਕੀਤੀ ਗਈ ਹੈ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਸ ਯੋਜਨਾ ਨੂੰ ਵੀ ਸ਼ੁਰੂ ਕੀਤਾ ਜਾ ਸਕਦਾ ਹੈ,ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਮੋਹਾਲੀ ਕਾਰਪੋਰੇਸ਼ਨ ਚੋਣਾਂ ਸਬੰਧੀ ਸਪਸ਼ਟ ਕਿਹਾ ਕਿ ਚੋਣਾਂ ਤੈਅ ਸਮੇਂ ਸੀਮਾ ਦੇ ਅੰਦਰ ਹੀ ਹੋਣਗੀਆਂ, ਸਬੰਧਤ ਵਿਭਾਗ ਵੱਲੋਂ ਮਾਨਯੋਗ ਅਦਾਲਤ ਵਿੱਚ ਆਪਣਾ ਪੱਖ ਰੱਖ ਦਿੱਤਾ ਗਿਆ ਹੈ ਅਤੇ ਚੋਣਾਂ ਇੱਕ ਲੋਕਤੰਤਰ ਪ੍ਰਕਿਰਿਆ ਹੈ, ਚੋਣਾਂ ਹੋਣੀਆਂ ਤੈਅ ਹਨ। ਇਸ ਮੌਕੇ ਤੇ ਸਾਬਕਾ ਕੌਂਸਲਰ ਫੂਲਰਾਜ ਸਿੰਘ -ਹਲਕਾ ਕੋਆਰਡੀਨੇਟਰ, ਸਾਬਕਾ ਕੌਂਸਲਰ- ਹਰਪਾਲ ਸਿੰਘ ਚੰਨਾ , ਜਸਪਾਲ ਸਿੰਘ, ਰਣਦੀਪ ਸਿੰਘ, ਤਰਲੋਚਨ ਸਿੰਘ ਮਟੌਰ, ਮਨਦੀਪ ਸਿੰਘ ਮਟੌਰ, ਸੁਰਿੰਦਰ ਸਿੰਘ ਸਿੰਦਾ,ਅਕਬਿੰਦਰ ਸਿੰਘ ਗੋਸਲ,ਜਤਿੰਦਰ ਸਿੰਘ ਪੰਮਾ, ਵੀ ਹਾਜ਼ਰ ਸਨ।

# ਲੁਧਿਆਣਾ ਦੀਆਂ ਜੇਲ੍ਹਾਂ ਦਾ ਵਿਧਾਨ ਸਭਾ ਕਮੇਟੀ ਵੱਲੋਂ ਨਿਰੀਖਣ, ਕੈਦੀਆਂ ਦੀ ਮਾਫ਼ੀ ਮਾਮਲਾ



**ਲੁਧਿਆਣਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਨੇ ਲੁਧਿਆਣਾ ਦੀ ਕੇਂਦਰੀ, ਬੋਰਸਟਲ ਅਤੇ ਜਨਾਨਾ ਜੇਲ੍ਹਾਂ ਦਾ ਵਿਆਪਕ ਨਿਰੀਖਣ ਕਰਕੇ ਕੈਦੀਆਂ ਅਤੇ ਵਿਚਾਰ ਅਧੀਨ ਕੈਦੀਆਂ ਲਈ ਉਪਲਬਧ ਸਹੂਲਤਾਂ ਦਾ ਜਾਇਜ਼ਾ ਲਿਆ।

ਕਮੇਟੀ ਦੀ ਅਗਵਾਈ ਜਗਰਾਉਂ ਤੋਂ ਵਿਧਾਇਕ ਸਰਵਜੀਤ ਕੌਰ ਮਾਣੂੰਕੇ ਨੇ ਕੀਤੀ। ਕਮੇਟੀ ਨੇ ਜੇਲ੍ਹ ਦੀਆਂ ਬੈਰਕਾਂ, ਰਸੋਈ, ਸਫਾਈ, ਹਸਪਤਾਲ ਅਤੇ ਕਿੱਤਾਮੁਖੀ ਇਕਾਈਆਂ ਦਾ ਨਿਰੀਖਣ ਕਰਦਿਆਂ ਪ੍ਰਸ਼ਾਸਨ ਨੂੰ ਪ੍ਰਕਿਰਿਆਵਾਂ ਸੁਚਾਰੂ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ। ਕੈਦੀਆਂ ਵੱਲੋਂ ਮਾਫ਼ੀ ਸਬੰਧੀ ਉਠਾਈ ਮੰਗ ਬਾਰੇ ਸਭਾਪਤੀ ਨੇ ਭਰੋਸਾ ਦਿੱਤਾ ਕਿ ਇਹ ਮਾਮਲਾ ਮੁੱਖ ਮੰਤਰੀ Bhagwant Singh Mann ਤੱਕ ਪਹੁੰਚਾਇਆ ਜਾਵੇਗਾ।

ਕਮੇਟੀ ਨੇ ਜਨਾਨਾ ਜੇਲ੍ਹ ਦਾ ਦੌਰਾ ਕਰਕੇ ਬੰਦੀ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਦਿੱਤੀ। ਕਮੇਟੀ ਨੇ ਕੈਦੀਆਂ ਦੀ ਸਿਹਤ, ਸਫਾਈ ਅਤੇ ਹੁਨਰ ਵਿਕਾਸ ਸਬੰਧੀ ਪ੍ਰਬੰਧਾਂ ‘ਤੇ ਸੰਤੁਸ਼ਟੀ ਜਤਾਉਂਦਿਆਂ ਜ਼ਰੂਰੀ ਸੁਧਾਰਾਂ ‘ਤੇ ਜ਼ੋਰ ਦਿੱਤਾ।

# ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੋਏ ਨਤਮਸਤਕ

**ਨਵੀਂ ਦਿੱਲੀ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਧਰਮ ਦੀ ਆਤਮਿਕ ਮਹਾਨਤਾ ਅਤੇ ਸੰਸਾਰ ਭਰ ਵਿੱਚ ਸਿੱਖ ਧਰਮ ਦੀ ਪਵਿੱਤਰ ਪਛਾਣ ਦੇ ਸਤਿਕਾਰ ਵਜੋਂ, ਫਰਾਂਸ ਦੇ ਰਾਸ਼ਟਰਪਤੀ ਸ੍ਰੀ ਇਮੈਨੂਅਲ ਮੈਕਰੋ ਨੇ ਅੱਜ ਇਤਿਹਾਸਕ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਸ਼ਰਧਾ ਭਾਵ ਨਾਲ ਨਤਮਸਤਕ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਜੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰਪਤੀ ਇਮੈਨੂਅਲ ਮੈਕਰੋ ਨੇ ਬੜੀ ਨਿਮਰਤਾ, ਅਦਬ ਅਤੇ ਆਦਰ ਸਹਿਤ ਗੁਰੂ ਘਰ ਵਿੱਚ ਮੱਥਾ ਟੇਕਿਆ। ਉਸ ਵੇਲੇ ਦਰਬਾਰ ਸਾਹਿਬ ਵਿੱਚ ਕੀਰਤਨੀ ਜੱਥਿਆਂ ਵੱਲੋਂ ਗੁਰੂ ਕੀ ਇਲਾਹੀ ਬਾਣੀ ਦਾ ਰਸਭਿੰਨਾ ਅਤੇ ਆਤਮਿਕ ਕੀਰਤਨ ਜਾਰੀ ਸੀ, ਜਿਸ ਦੀ ਪਵਿੱਤਰ ਧੁਨ ਨੇ ਮਾਹੌਲ ਨੂੰ ਹੋਰ ਵੀ ਅਲੌਕਿਕ ਬਣਾ ਦਿੱਤਾ। ਸਰਦਾਰ ਕਾਲਕਾ ਨੇ ਕੁਝ ਸ਼ਰਾਰਤੀ ਲੋਕਾਂ ਵੱਲੋਂ ਕੀਤੇ ਜਾ ਰਹੇ ਗਲਤ ਪ੍ਰਚਾਰ ਨੂੰ ਨਿਰਾਧਾਰ ਕਰਾਰ ਦਿੰਦਿਆਂ ਸਪਸ਼ਟ ਕੀਤਾ ਕਿ ਕਿਸੇ ਵੀ ਵਿਸ਼ੇਸ਼ ਮਹਿਮਾਨ ਦੀ ਆਮਦ ਦੌਰਾਨ ਸੰਗਤਾਂ ਦੀ ਆਵਾਜਾਈ ਨੂੰ ਪ੍ਰਭਾਵਿਤ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ ਅਤੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸੰਗਤਾਂ ਨੂੰ ਦਰਸ਼ਨਾਂ ਵਿੱਚ ਕੋਈ ਵੀ ਮੁਸ਼ਕਲ ਨਾ ਆਵੇ।

ਉਨ੍ਹਾਂ ਸੰਗਤਾਂ ਦੇ ਸਹਿਯੋਗ ਅਤੇ ਸਮਝਦਾਰੀ ਲਈ ਧੰਨਵਾਦ ਪ੍ਰਗਟ ਕਰਦਿਆਂ ਭਰੋਸਾ ਦਵਾਇਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਵੇਲੇ ਸੰਗਤਾਂ ਦੀ ਸੇਵਾ ਅਤੇ ਸਹੂਲਤ ਲਈ ਵਚਨਬੱਧ ਹੈ। ਸਰਦਾਰ ਕਾਲਕਾ ਨੇ ਕਿਹਾ ਕਿ ਗੁਰੂ ਘਰ ਦੀ ਮਰਯਾਦਾ, ਅਨੁਸ਼ਾਸਨ ਅਤੇ ਸੰਗਤਾਂ ਦੀ ਸਹੂਲਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਭ ਤੋਂ ਉੱਚੀ ਤਰਜੀਹ ਹੈ ਅਤੇ ਇਸ ਮਾਮਲੇ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਘਰ ਦੇ ਅਕਸ ਨੂੰ ਢਾਹ ਲਾਉਣ ਵਾਲੇ ਅਜਿਹੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਇਹ ਪਵਿੱਤਰ ਦੌਰਾ ਨਾ ਸਿਰਫ਼ ਸਿੱਖ ਕੌਮ ਲਈ ਗੌਰਵ ਦਾ ਪਲ ਸੀ, ਸਗੋਂ ਭਾਰਤ ਅਤੇ ਫਰਾਂਸ ਦੇ ਦੋਸਤਾਨਾ ਸੰਬੰਧਾਂ ਵਿੱਚ ਵੀ ਆਤਮਿਕ ਨੇੜਤਾ ਦਾ ਪ੍ਰਤੀਕ ਹੈ

# ਸਦਾ ਯਾਦ ਰਹਿਣਗੇ ਸੰਦੀਪ ਗਿਲ੍ਹੋਤਰਾ; ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸੰਦੀਪ ਗਿਲ੍ਹੋਤਰਾ ਨਮਿਤ ਅੰਤਿਮ ਅਰਦਾਸ ਅੱਜ

**ਸੁਨਾਮ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫ਼ਜ਼ਿਲਕਾ ਸਮੇਤ ਸਮੁੱਚੇ ਪੰਜਾਬ ਦੇ ਪ੍ਰਸਿੱਧ ਉਦਯੋਗਪਤੀ, ਸਮਾਜਸੇਵੀ ਅਤੇ ਪ੍ਰਕਿਰਤੀ ਪ੍ਰੇਮੀ ਸ੍ਰੀ ਸੰਦੀਪ ਗਿਲ੍ਹੋਤਰਾ, ਜੋ ਕਿ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਸਹੁਰਾ ਸਨ, 12 ਫਰਵਰੀ 2026, ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਹਰ ਪਾਸੇ ਸੋਗ ਦੀ ਲਹਿਰ ਦੌੜ ਗਈ ਹੈ ਤੇ ਉਹਨਾਂ ਨਮਿਤ ਅੰਤਿਮ ਅਰਦਾਸ/ ਰਸਮ ਕਿਰਿਆ, ਐਮ ਆਰ ਵੁਡਸ ਗੋਲਡ, ਫਾਜ਼ਿਲਕਾ ਵਿਖੇ 22 ਫਰਵਰੀ 2026 ਨੂੰ ਹੋਵੇਗੀ।

ਸ੍ਰੀ ਗਿਲ੍ਹੋਤਰਾ ਦਾ ਜਨਮ 6 ਮਾਰਚ 1956 ਨੂੰ ਪ੍ਰਸਿੱਧ ਭੂਮਿਪਤੀ ਸੇਠ ਰਾਜਾ ਰਾਮ ਨਾਗਪਾਲ ਅਤੇ ਸ੍ਰੀਮਤੀ ਕ੍ਰਿਸ਼ਨਾ ਰਾਣੀ ਦੇ ਘਰ ਹੋਇਆ। ਉਨ੍ਹਾਂ ਨੂੰ ਉਨ੍ਹਾਂ ਦੇ ਨਾਨਾ ਅਤੇ ਖੇਤਰ ਦੇ ਮਾਣਯੋਗ ਵਿਅਕਤੀ ਸੇਠ ਮੁੰਸ਼ੀ ਰਾਮ ਗਿਲ੍ਹੋਤਰਾ ਨੇ ਗੋਦ ਲਿਆ। ਸੇਠ ਮੁੰਸ਼ੀ ਰਾਮ ਗਿਲ੍ਹੋਤਰਾ ਆਪਣੇ ਸਮੇਂ ਵਿੱਚ ਨਗਰ ਕੌਂਸਲ ਫਾਜ਼ਿਲਕਾ ਦੇ ਪ੍ਰਧਾਨ ਅਤੇ ਮਾਰਕੀਟ ਕਮੇਟੀ ਫਾਜ਼ਿਲਕਾ ਦੇ ਚੇਅਰਮੈਨ ਰਹੇ ਅਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਉਨ੍ਹਾਂ ਦਾ ਵਿਸ਼ੇਸ਼ ਮਾਣ-ਸਤਿਕਾਰ ਸੀ।

ਸ੍ਰੀ ਸੰਦੀਪ ਗਿਲ੍ਹੋਤਰਾ ਨੇ ਗ੍ਰੈਜੂਏਸ਼ਨ ਤਕ ਸਿੱਖਿਆ ਪ੍ਰਾਪਤ ਕਰਕੇ ਆਪਣੇ ਉੱਚ ਪਰਿਵਾਰਕ ਸੰਸਕਾਰਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਅਮਲ ਕੀਤਾ। ਮੁਕਤਸਰ ਦੇ ਮਾਣਯੋਗ ਸੇਤੀਆ ਪਰਿਵਾਰ ਦੀ ਪੁੱਤਰੀ ਸ੍ਰੀਮਤੀ ਰੰਜਨਾ ਗਿਲ੍ਹੋਤਰਾ ਨਾਲ ਉਨ੍ਹਾਂ ਦਾ ਵਿਵਾਹ ਹੋਇਆ। ਸ੍ਰੀਮਤੀ ਰੰਜਨਾ ਗਿਲ੍ਹੋਤਰਾ ਨੇ ਇਕ ਆਦਰਸ਼ ਜੀਵਨ ਸਾਥੀ ਵਜੋਂ ਹਰ ਮੋੜ ‘ਤੇ ਉਨ੍ਹਾਂ ਦਾ ਸਾਥ ਨਿਭਾਇਆ। ਉਨ੍ਹਾਂ ਦੇ ਘਰ ਪੁੱਤਰ ਕਰਨ ਗਿਲ੍ਹੋਤਰਾ ਅਤੇ ਧੀ ਸਬੀਨਾ ਦੇ ਰੂਪ ਵਿੱਚ ਖੁਸ਼ੀਆਂ ਆਈਆਂ। ਸ੍ਰੀ ਗਿਲ੍ਹੋਤਰਾ ਦੀ ਧੀ ਸਬੀਨਾ ਨਾਲ ਹੀ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਸ਼ਾਦੀ ਹੋਈ।

ਸ੍ਰੀ ਗਿਲ੍ਹੋਤਰਾ ਜੀ ਦੂਰਅੰਦੇਸ਼ੀ ਸੋਚ ਵਾਲੇ ਉਦਯੋਗਪਤੀ ਸਨ। ਫਾਜ਼ਿਲਕਾ ਜ਼ਿਲ੍ਹੇ ਦੇ ਸਭ ਤੋਂ ਵੱਡੇ ਕਲੋਨਾਈਜ਼ਰਾਂ ਵਿੱਚੋਂ ਇੱਕ ਵਜੋਂ ਉਨ੍ਹਾਂ ਨੇ ਕਾਟਨ, ਚਾਵਲ, ਤੇਲ ਉਦਯੋਗ, ਕੋਲਡ ਸਟੋਰ, ਫੋਕਲ ਪਾਇੰਟ, ਸਿਨੇਮਾ, ਸੋਲਰ ਪ੍ਰੋਜੈਕਟ ਅਤੇ ਮੈਰਿਜ ਪੈਲੇਸ ਸਮੇਤ ਕਈ ਖੇਤਰਾਂ ਵਿੱਚ ‘ਐਮ ਆਰ ਗਰੁੱਪ’ ਦੇ ਬੈਨਰ ਹੇਠ ਵਪਾਰਕ ਵਿਸਥਾਰ ਕੀਤਾ। ਉਨ੍ਹਾਂ ਨੇ ਸ਼ਹਿਰ ਵਿੱਚ ਚਾਰ ਵੱਡੀਆਂ ਤੇ ਸ਼ਾਨਦਾਰ ਕਲੋਨੀਆਂ ਦਾ ਨਿਰਮਾਣ ਕਰਵਾ ਕੇ ਸੈਂਕੜਿਆਂ ਲੋਕਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ।

ਉਨ੍ਹਾਂ ਦਾ ਯੋਗਦਾਨ ਸਿਰਫ਼ ਵਪਾਰ ਤੱਕ ਸੀਮਿਤ ਨਹੀਂ ਸੀ। ਉਹ ਪ੍ਰਕਿਰਤੀ ਪ੍ਰੇਮੀ ਵੀ ਸਨ ਅਤੇ ਫਾਜ਼ਿਲਕਾ ਨੂੰ ਹਰਾ-ਭਰਾ ਬਣਾਉਣ ਲਈ ਹਜ਼ਾਰਾਂ ਪੌਦੇ ਲਗਵਾਏ। ਉਨ੍ਹਾਂ ਦੀ ਇਹ ਸੇਵਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਰਹੇਗੀ। ਸਰਹੱਦੀ ਪਿੰਡ ਰਾਣਾ ਨਾਲ ਉਨ੍ਹਾਂ ਦਾ ਖਾਸ ਲਗਾਵ ਸੀ। ਪਿੰਡ ਦੇ ਵਿਕਾਸ ਲਈ ਉਨ੍ਹਾਂ ਨੇ ਕਈ ਉਪਰਾਲੇ ਕੀਤੇ ਅਤੇ ਸੇਠ ਮੁੰਸ਼ੀ ਰਾਮ ਗਿਲ੍ਹੋਤਰਾ ਸਰਵਹਿਤਕਾਰੀ ਸਕੂਲ ਦੀ ਸਥਾਪਨਾ ਕਰਕੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਵੀ ਉਹ ਸਰਗਰਮ ਰਹੇ।

## ਸੰਪਾਦਕੀ

# ਕੋਡ ਤੋਂ ਕ੍ਰਾਂਤੀ ਤੱਕ ਭਾਰਤੀ ਤਕਨੀਕ ਦਾ ਸਫ਼ਰ

ਭਾਰਤ ਵਿੱਚ 16 ਤੋਂ 20 ਫਰਵਰੀ ਤੱਕ ਹੋ ਰਹੇ ਆਲਮੀ 'ਏ ਆਈ ਸੰਮੇਲਨ 2026' ਵਿੱਚ ਦੁਨੀਆ ਦੇ ਤਿੰਨ ਹਜ਼ਾਰ ਤੋਂ ਜ਼ਿਆਦਾ ਮਾਹਿਰ, ਤਕਨੀਕ ਦੇ ਜਾਣਕਾਰ ਅਤੇ ਸੱਤਰ ਤੋਂ ਵੱਧ ਦੇਸ਼ਾਂ ਦੇ ਰਾਸ਼ਟਰਪਤੀ ਤੇ ਮੰਤਰੀ ਅਤੇ ਦੁਨੀਆ ਭਰ ਦੇ ਤਕਨੀਕੀ ਦਿੱਗਜ ਇਸ ਆਲਮੀ ਸੰਮੇਲਨ ਵਿੱਚ ਇਕੱਠੇ ਹੋ ਰਹੇ ਹਨ। ਭਾਰਤ ਦੀ ਅਗਵਾਈ ਵਿੱਚ ਵਿਸ਼ਵ ਪੱਧਰੀ ਨਵੀਂ ਤਕਨੀਕੀ ਕ੍ਰਾਂਤੀ ਤਹਿਤ ਇਹ ਸੰਮੇਲਨ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਇੰਡੀਆ ਏਆਈ ਇੰਪੈਕਟ ਸਮਿੱਟ 2026 ਨਾਂ ਨਾਲ 16 ਫਰਵਰੀ ਨੂੰ ਸ਼ੁਰੂ ਹੋ ਚੁੱਕਾ ਹੈ। ਇਹ ਦੁਨੀਆ ਦੇ ਇਸ ਖਿੱਤੇ ਵਿੱਚ ਪਹਿਲੀ ਵਾਰ ਆਯੋਜਿਤ ਅਜਿਹਾ ਵੱਡਾ ਕੌਮਾਂਤਰੀ ਏ ਆਈ (ਸੰਮੇਲਨ ਹੈ। ਫਰਾਂਸ ਵਿੱਚ ਹੋਏ ਏ ਆਈ ਐਕਸ਼ਨ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦਾ ਐਲਾਨ ਕੀਤਾ ਸੀ। ਇਹ ਸੰਮੇਲਨ ਨਾ ਸਿਰਫ਼ ਭਾਰਤ ਦੀ ਏ ਆਈ ਖੇਤਰ ਵਿੱਚ ਵਧ ਰਹੀ ਸ਼ਮੂਲੀਅਤ ਨੂੰ ਦਰਸਾਉਂਦਾ ਹੈ, ਸਗੋਂ ਪੂਰੀ ਦੁਨੀਆ ਨੂੰ 'ਕੋਡ ਤੋਂ ਕ੍ਰਾਂਤੀ' ਵੱਲ ਲਿਜਾਣ ਵਾਲੇ ਭਾਰਤੀ ਮਾਡਲ ਨੂੰ ਵਿਸ਼ਵ ਪੱਧਰ 'ਤੇ ਪੇਸ਼ ਕਰਨ ਦਾ ਵੱਡਾ ਯਤਨ ਹੈ। ਇਸ ਸੰਮੇਲਨ ਦਾ ਵਿਜ਼ਨ ਬਹੁਤ ਸਪੱਸ਼ਟ ਅਤੇ ਪ੍ਰੇਰਨਾਦਾਇਕ ਹੈ: ਲੋਕਾਂ ਲਈ, ਧਰਤੀ ਲਈ ਅਤੇ ਵਿਕਾਸ ਲਈ ਇਹ ਤਿੰਨ ਸੂਤਰ ਏ ਆਈ ਨੂੰ ਮਨੁੱਖ ਕੇਂਦਰਿਤ, ਵਾਤਾਵਰਨ ਅਨੁਕੂਲ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਵਿਕਾਸ ਵਾਲੀ ਬਣਾਉਣ ਦਾ ਵਾਅਦਾ ਕਰਦੇ ਹਨ। ਇਸ ਨੂੰ 'ਸਰਵਜਨ ਹਿਤਾਏ ਸਰਵਜਨ ਸੁਖਾਏ' (ਸਾਰਿਆਂ ਦੇ ਭਲੇ ਲਈ, ਸਾਰਿਆਂ ਦੇ ਸੁਖ ਲਈ) ਵੀ ਆਖਿਆ ਗਿਆ ਹੈ। ਇਹ ਭਾਰਤੀ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਵਾਉਣ ਵਾਲੀ ਗੱਲ ਹੈ, ਜੋ ਏ ਆਈ ਨੂੰ ਸਿਰਫ਼ ਤਕਨੀਕ ਨਹੀਂ ਸਗੋਂ ਮਨੁੱਖਤਾ ਦੇ ਭਲੇ ਲਈ ਇੱਕ ਸੰਦੇਸ਼ ਦਰਸਾਉਂਦੀ ਹੈ। ਇਹ ਸੰਮੇਲਨ ਵਿਸ਼ਵ ਨੂੰ ਦੱਸ ਰਿਹਾ ਹੈ ਕਿ ਏ ਆਈ ਸਿਰਫ਼ ਅਮੀਰ ਦੇਸ਼ਾਂ ਲਈ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਹੈ। ਇਸ ਤੋਂ ਪਹਿਲਾਂ ਯੂ ਕੇ ਦੇ ਬਕਿੰਘਮਸ਼ਾਇਰ ਦੇ ਬਲੈਚਲੇ ਪਾਰਕ (2023), ਦੱਖਣੀ ਕੋਰੀਆ 'ਚ ਸਿਓਲ (2024) ਅਤੇ ਫਰਾਂਸ 'ਚ ਪੈਰਿਸ ਦੇ ਗ੍ਰੈਂਡ ਪੈਲੇ (2025) 'ਚ ਏ ਆਈ ਤਕਨੀਕ ਸਬੰਧੀ ਅਜਿਹੇ ਵੱਡੇ ਸੰਮੇਲਨ ਹੋਏ ਹਨ। ਭਾਰਤ ਵਿੱਚ ਚੱਲ ਰਹੇ ਸੰਮੇਲਨ ਵਿੱਚ ਚਰਚਾ ਏ ਆਈ ਤਕਨੀਕ ਵਰਤਦਿਆਂ 'ਸੇਫਟੀ' ਅਤੇ 'ਐਕਸ਼ਨ' ਤੋਂ ਅੱਗੇ ਵਧ ਕੇ ਇੰਪੈਕਟ ਯਾਨੀ ਪ੍ਰਭਾਵ 'ਤੇ ਪਹੁੰਚ ਗਈ ਹੈ। ਦਰਅਸਲ, ਤਕਨੀਕ ਨੂੰ ਮਨੁੱਖੀ ਭਲਾਈ ਨਾਲ ਜੋੜ ਕੇ ਹੀ ਅਸਲੀ ਤਰੱਕੀ ਹੋ ਸਕਦੀ ਹੈ। ਭਾਰਤ ਦੇ ਇਸ ਨਜ਼ਰੀਏ ਦਾ ਉਦੇਸ਼ ਆਲਮੀ ਉੱਤਰ ਅਤੇ ਦੱਖਣ ਦਰਮਿਆਨ ਫ਼ਰਕ ਨੂੰ ਘਟਾਉਣਾ ਹੈ ਅਤੇ ਭਾਸ਼ਾਈ ਬੰਦਿਸ਼ਾਂ ਉਲੰਘ, ਗ਼ਰੀਬ ਇਲਾਕਿਆਂ ਤੱਕ ਪਹੁੰਚਾ ਤੇ ਸਾਰਿਆਂ ਲਈ ਉਪਲਬਧ ਬਣਾ ਕੇ ਇਹ ਏ ਆਈ ਨੂੰ ਜਮਹੂਰੀਕ੍ਰਿਤ ਕਰਨ ਦਾ ਸੁਨੇਹਾ ਦਿੰਦਾ ਹੈ। ਭਾਰਤ ਮੰਡਪਮ ਵਿੱਚ ਚੱਲ ਰਿਹਾ ਸੰਮੇਲਨ ਬੜਾ ਵਿਸ਼ਾਲ ਹੈ। ਓਪਨ ਏ ਆਈ ਦਾ ਸੈਮ ਆਲਟਮੈਨ, ਅਲਫਾਬੈੱਟ (ਗੂਗਲ) ਦਾ ਸੁੰਦਰ ਪਿਚਾਈ, ਐਂਥਰੋਪਿਕ ਦਾ ਡਾਰੀਓ ਅਮਾਡੇਈ ਅਤੇ ਮਾਈਕਰੋਸੌਫਟ ਦਾ ਬਰੈਡ ਸਮਿੱਥ ਵਰਗੇ ਦਿੱਗਜ ਵੀ ਇਸ ਸੰਮੇਲਨ ਦਾ ਹਿੱਸਾ ਹਨ। ਲਗਭਗ 100 ਦੇਸ਼ਾਂ ਦੇ ਨੁਮਾਇੰਦੇ, 300 ਤੋਂ ਵੱਧ ਐਕਸਹਿਬਿਟਰਸ (ਭਾਰਤ ਅਤੇ 30 ਤੋਂ ਵੱਧ ਵਿਦੇਸ਼ੀ), 10 ਤੋਂ ਜ਼ਿਆਦਾ ਥੀਮੈਟਿਕ ਪੈਵਿਲੀਅਨ (ਆਸਟਰੇਲੀਆ, ਜਾਪਾਨ, ਰੂਸ, ਯੂਕੇ, ਫਰਾਂਸ, ਜਰਮਨੀ, ਇਟਲੀ, ਨੈਦਰਲੈਂਡਜ਼, ਸਵਿਟਜ਼ਰਲੈਂਡ, ਸਰਬੀਆ, ਇਸਤੋਨੀਆ, ਤਾਜਿਕਸਤਾਨ ਅਤੇ ਅਫ਼ਰੀਕਾ ਸਮੇਤ), 500 ਤੋਂ ਵੱਧ ਸੈਸ਼ਨਾਂ (ਕੁੱਲ 700 ਤੋਂ ਵੱਧ ਈਵੈਂਟਸ) ਅਤੇ 2.5 ਲੱਖ ਤੋਂ ਵੱਧ ਦਰਸ਼ਕਾਂ ਵਾਲਾ ਇਹ ਇੱਕ ਬਹੁਤ ਵਿਆਪਕ ਮੰਚ ਹੈ। ਇਸ ਦਾ ਸਥਾਨ ਮੁੱਖ ਤੌਰ 'ਤੇ ਭਾਰਤ ਮੰਡਪਮ ਹੈ, ਜਿੱਥੇ ਏ ਆਈ ਇੰਪੈਕਟ ਐਕਸਪੋ ਵੀ ਲੱਗ ਰਿਹਾ ਹੈ ਅਤੇ ਹੋਰ ਸੈਸ਼ਨ ਸੁਸ਼ਮਾ ਸਵਰਾਜ ਭਵਨ ਵਿੱਚ ਵੀ ਹੋ ਰਹੇ ਹਨ। ਇੰਡੀਆ ਏ ਆਈ ਮਿਸ਼ਨ ਅਧੀਨ ਸਰਕਾਰ ਨੇ 10,372 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਮੁੱਖ ਪ੍ਰਾਪਤੀਆਂ ਵਿੱਚ 38,000 ਤੋਂ ਵੱਧ ਜੀ ਪੀ ਯੂਜ਼ (ਗ੍ਰਾਫਿਕ ਪ੍ਰੋਸੈਸਿੰਗ ਯੂਨਿਟਸ) ਨੂੰ ਸਾਂਝੇ ਕੰਪਿਊਟ ਐਕਸੈਸ ਲਈ ਔਨਬੋਰਡ ਕੀਤਾ ਗਿਆ ਹੈ। ਮੂਲ ਉਦੇਸ਼ 10,000 ਜੀ ਪੀ ਯੂਜ਼ ਲਗਾਉਣ ਦਾ ਸੀ, ਪਰ ਹੁਣ ਇਹ ਬਹੁਤ ਵਧ ਗਿਆ ਹੈ ਅਤੇ ਇਸ 'ਚ ਹੋਰ ਵਾਧਾ ਕਰਨ ਦੀ ਯੋਜਨਾ ਹੈ। ਏਆਈਕੋਸ਼ ਮੰਚ 'ਤੇ 9,500 ਤੋਂ ਵੱਧ ਡੇਟਾਸੈੱਟਸ ਅਤੇ 273 ਸੈਕਟੋਰਲ ਮਾਡਲਜ਼ ਹੋਸਟ ਹੋ ਰਹੇ ਹਨ। ਬਾਰਾਂ ਭਾਰਤੀ ਫਾਊਂਡੇਸ਼ਨ ਮਾਡਲ ਵਿਕਸਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਸਰਵਮ ਏਆਈ, ਸੌਕੇਟ ਏਆਈ ਲੈਬਜ਼, ਭਾਰਤਜੈੱਨ (ਆਈ ਆਈ ਟੀ, ਬੰਬਈ), ਟੈੱਕ ਮਹਿੰਦਰਾ, ਫਰੈਕਟਲ, ਅਵਤਾਰ ਏਆਈ ਆਦਿ ਸ਼ਾਮਿਲ ਹਨ। ਨੈਸ਼ਨਲ ਸੁਪਰਕੰਪਿਊਟਿੰਗ ਮਿਸ਼ਨ ਅਧੀਨ 40 ਤੋਂ ਵੱਧ ਪੇਟਾਫਲੌਪ ਸਿਸਟਮਜ਼ ਓਪਰੇਸ਼ਨਲ ਹਨ, ਜਿਨ੍ਹਾਂ ਵਿੱਚ ਐਰਾਵਤ ਅਤੇ ਪਰਮ ਸਿੱਧੀ-ਏ ਆਈ ਸ਼ਾਮਿਲ ਹਨ। ਏ ਆਈ ਸਟਾਰਟਅੱਪਸ ਦੀ ਗਿਣਤੀ ਹਜ਼ਾਰਾਂ ਵਿੱਚ ਹੈ ਅਤੇ ਭਾਰਤ ਦੀ ਡਿਜੀਟਲ ਆਰਥਿਕਤਾ 2025-26 ਵਿੱਚ 1 ਟ੍ਰਿਲੀਅਨ ਡਾਲਰ ਤੱਕ ਪਹੁੰਚਣ ਵਾਲੀ ਹੈ, ਜਿਸ ਵਿੱਚ ਏ ਆਈ ਦਾ ਯੋਗਦਾਨ 15-20 ਫ਼ੀਸਦੀ ਹੋ ਸਕਦਾ ਹੈ। ਸਾਲ 2035 ਤੱਕ ਏ ਆਈ ਖੇਤਰ ਵਿੱਚ ਜੀ ਡੀ ਪੀ ਯੋਗਦਾਨ ਵਧ ਕੇ 450-500 ਬਿਲੀਅਨ ਡਾਲਰ ਤੱਕ ਹੋ ਸਕਦਾ ਹੈ। ਭਾਸ਼ਿਣੀ ਵਰਗੇ ਟੂਲਜ਼ ਨਾਲ 22 ਅਧਿਕਾਰਕ ਭਾਸ਼ਾਵਾਂ ਵਿੱਚ ਏ ਆਈ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਸੰਮੇਲਨ ਵਿੱਚ ਸੱਤ ਚੱਕਰ ਵੀ ਹਨ: ਹਿਊਮਨ ਕੈਪੀਟਲ, ਇਨਕਲੂਜ਼ਨ ਫਾਰ ਸੋਸ਼ਲ ਐਂਪਾਵਰਮੈਂਟ, ਰੈਜ਼ੀਲੀਐਂਸ ਐਂਡ ਇਨੋਵੇਸ਼ਨ, ਸਾਇੰਟਿਫਿਕ ਕੋਆਪਰੇਸ਼ਨ, ਡੈਮੋਕ੍ਰੇਟਾਈਜ਼ਿੰਗ ਏਆਈ ਰਿਸੋਰਸਿਜ਼, ਏਆਈ ਫਾਰ ਇਕੋਨੋਮਿਕ ਡਿਵੈਲਪਮੈਂਟ ਐਂਡ ਸੋਸ਼ਲ ਗੁੱਡ, ਸੇਫ ਐਂਡ ਟਰੱਸਟਿਡ ਏਆਈ। ਏ ਆਈ ਦੀ ਕ੍ਰਾਂਤੀ ਕੋਡਿੰਗ ਤੋਂ ਸ਼ੁਰੂ ਹੋਈ, ਪਰ ਭਾਰਤ ਇਸ ਨੂੰ ਸਮਾਜਿਕ ਤਬਦੀਲੀ ਵੱਲ ਲਿਜਾਣ ਦਾ ਦਾਅਵਾ ਕਰ ਰਿਹਾ ਹੈ। ਸਿਹਤ ਸੰਭਾਲ ਖੇਤਰ ਵਿੱਚ ਗ਼ਰੀਬ ਇਲਾਕਿਆਂ ਵਿੱਚ ਡਾਕਟਰਾਂ ਦੀ ਕਮੀ ਪੂਰੀ ਕਰਨਾ, ਖੇਤੀ ਵਿੱਚ ਉਪਜ 20 ਤੋਂ 30 ਫ਼ੀਸਦੀ ਤੱਕ ਵਧਾਉਣਾ, ਸਿੱਖਿਆ ਵਿੱਚ ਕਰੋੜਾਂ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣਾ ਇਸ ਦਾ ਟੀਚਾ ਹੈ। ਇਹ ਭਵਿੱਖ ਵਿੱਚ ਭਾਰਤ ਦੇ ਏ ਆਈ ਨੂੰ ਆਲਮੀ ਪੱਧਰ 'ਤੇ ਵਰਤੀ ਜਾ ਸਕਣ ਦੇ ਯੋਗ ਬਣਾਏਗਾ। ਇਸ ਸੰਮੇਲਨ ਤੋਂ ਜਾਪਦਾ ਹੈ ਕਿ ਤਕਨੀਕ ਦੇ ਸਿਰ 'ਤੇ ਭਾਰਤ ਨੇ ਅੱਗੇ ਵਧਣ ਦਾ ਆਪਣਾ ਸਫ਼ਰ ਜਾਰੀ ਰੱਖਿਆ ਹੋਇਆ ਹੈ।

# ਲੋਕ ਗਾਇਕੀ ਤੇ ਪੌਪ ਸ਼ੋਅ ਦੀ ਸ਼ਾਮ ਦਾ ਅਨੰਦ ਮਾਨਣ ਪੁੱਜੇ ਵੱਡੀ ਗਿਣਤੀ ਪਟਿਆਲਵੀ



**ਪਟਿਆਲਾ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਪਟਿਆਲਾ ਵਿਰਾਸਤੀ ਮੇਲੇ ਦੇ ਛੇਵੇਂ ਦਿਨ ਦੀ ਲੋਕ ਗਾਇਕੀ ਤੇ ਪੌਪ ਸ਼ੋਅ ਵਾਲੀ ਸ਼ਾਮ ਇੱਥੇ ਪੋਲੋ ਗਰਾਊਂਡ ਵਿਖੇ ਆਪਣੀ ਸੱਭਿਆਚਾਰਕ ਤੇ ਸੂਫ਼ੀ ਗਾਇਕੀ ਨਾਲ ਉੱਘੇ ਗਾਇਕਾਂ ਮਾਣਕ ਅਲੀ, ਵਾਰਿਸ ਭਰਾਵਾਂ, ਕਮਲ ਹੀਰ ਅਤੇ ਮਨਮੋਹਨ ਵਾਰਿਸ ਨੇ ਆਪਣੀ ਗਾਇਕੀ ਨਾਲ ਇਸ ਵਿਰਾਸਤੀ ਉਤਸਵ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਇਸ ਮੌਕੇ ਵਾਰਿਸ ਭਰਾਵਾਂ ਵੱਲੋਂ ਗਾਏ ਗੀਤਾਂ 'ਤੇ ਦਰਸ਼ਕਾਂ ਨੇ ਖ਼ੂਬ ਭੰਗੜਾ ਪਾਇਆ ਤੇ ਤਾੜੀਆਂ ਵਜਾਈਆਂ।

ਮਨਮੋਹਨ ਵਾਰਿਸ ਨੇ, 'ਬੱਚਿਆਂ ਨੂੰ ਦੱਸਿਓ ਪੰਜਾਬ ਕਿਸ ਨੂੰ ਕਹਿੰਦੇ ਨੇ, ਖਾਧੀਆਂ ਖੁਰਾਕਾਂ ਕੰਮ ਆਉਣੀਆਂ, ਆਜਾ ਭਾਬੀ ਝੂਟ ਲੈ, ਨਹੀਂ..ਨਹੀਂ.. ਮੇਰਾ ਮਿੱਤਰ ਪਿਆਰਾ ਹੋਊਗਾ, ਦਿਲ ਉਡਜੂੰ ਉਡਜੂੰ ਕਰਦਾ' ਅਤੇ ਹੋਰ ਪ੍ਰਸਿੱਧ ਗੀਤ ਗਾਏ। ਜਦਕਿ ਕਮਲ ਹੀਰ ਨੇ 'ਕੰਮ ਕਿਸੇ ਦਾ ਰੁਕਦਾ ਨਹੀਂ, ਸਭ ਦਾ ਸਰ ਜਾਂਦਾ, 'ਬਚਪਨ, ਕੈਂਠਾ, ਤ੍ਰਿੰਜਣ, ਨਜ਼ਾਰੇ, ਜਾਰੀ ਜੰਗ ਰੱਖਿਓ, ਮੈਂ ਤਾਂ ਭਾਰ ਵਧਾ ਲਿਆ ਲੰਮਿਆਂ ਰੂਟਾਂ 'ਤੇ, ਸਾਨੂੰ ਚਿੱਟਿਆਂ ਟਰੱਕਾਂ ਚੋਂ, ਡਾਕਰ ਜਮੀਨ ਜਿਹੇ ਯਾਰ, ਗੱਭਰੂ ਨੂੰ ਜਿੰਦਗੀ, ਕਿਨ੍ਹੂੰ ਯਾਦ ਕਰ ਕਰ ਹੱਸਦੀ' ਆਦਿ ਸਮੇਤ ਹੋਰ ਕਈ ਮਸ਼ਹੂਰ ਗੀਤ ਵੀ ਦੋਵਾਂ ਭਰਾਵਾਂ ਨੇ ਰਲਕੇ ਅੰਮਾ ਜਾਏ.. ਤੁਰ ਤੋਂ ਮਿਲੇ ਸਹਾਰੇ, ਪਿਸਟਲ ਤਾਂ ਮਿਲਣ ਬਜਾਰੋਂ, ਸਿਰ ਦੇ ਤਾਜ ਵੀ ਗਾਏ।

ਇਸ ਮੌਕੇ ਮੇਅਰ ਕੁੰਦਨ ਗੋਗੀਆ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ, ਇੰਪਰੂਵਮੈਂਟ ਟਰੱਸਟ ਚੇਅਰਮੈਨ ਨਾਭਾ ਜੱਸੀ ਸੋਹੀਆਂ ਵਾਲਾ, ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਏ ਡੀ ਸੀ ਸਿਮਰਪ੍ਰੀਤ ਕੌਰ, ਨੋਡਲ ਅਫ਼ਸਰ ਐਸ.ਡੀ.ਐਮ ਹਰਜੋਤ ਕੌਰ ਮਾਵੀ ਨੇ ਲੋਕ ਗਾਇਕੀ ਦੀ ਇਸ ਖ਼ੂਬਸੂਰਤ ਸ਼ਾਮ ਦਾ ਆਨੰਦ ਮਾਣਿਆ ਅਤੇ ਕਮਲ ਹੀਰ, ਗਾਇਕ ਮਨਮੋਹਨ ਵਾਰਿਸ ਤੇ ਮਾਣਕ ਅਲੀ ਦਾ ਸਨਮਾਨ ਕੀਤਾ।

ਇਸ ਸਮੇਂ ਮੇਅਰ ਗੋਗੀਆ, ਚੇਅਰਮੈਨ ਮਹਿਤਾ ਤੇ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਕਰਵਾਇਆ ਗਿਆ ਪਟਿਆਲਾ ਹੈਰੀਟੇਜ ਮੇਲਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੀ ਵੱਡਮੁੱਲੀ ਵਿਰਾਸਤ, ਸੱਭਿਆਚਾਰ ਅਤੇ ਅਮੀਰ ਵਿਰਸੇ ਬਾਰੇ ਜਾਣਕਾਰੀ ਦੇਣ ਲਈ ਅਹਿਮ ਸਾਬਤ ਹੋਇਆ ਹੈ।

ਉਨ੍ਹਾਂ ਨੇ ਕਿਹਾ ਕਿ ਅਜਿਹੀ ਸਾਫ਼ ਸੁਥਰੀ ਗਾਇਕੀ ਸਾਨੂੰ ਸਾਡੀ ਵਿਰਾਸਤ ਨਾਲ ਜੋੜਦੀ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਸੰਗੀਤ ਰਾਹੀਂ ਆਪਣੇ ਜੀਵਨ ਨੂੰ ਉੱਚਾ ਤੇ ਸੱਚਾ ਰੱਖਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਵਿਰਾਸਤੀ ਮੇਲੇ ਕਰਵਾਉਣ ਲਈ ਵਧਾਈ ਵੀ ਦਿੱਤੀ।

ਪੰਜਾਬ ਸਰਕਾਰ ਦੇ ਸੱਭਿਆਚਾਰਕ ਤੇ ਸੈਰ ਸਪਾਟਾ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਜਾ ਰਹੇ ਰੋਜ਼ਾ ਪਟਿਆਲਾ ਹੈਰੀਟੇਜ ਫੈਸਟੀਵਲ-2026 ਦੀ ਛੇਵੇਂ ਦਿਨ ਦੀ ਪੌਪ ਗਾਇਕੀ ਦੀ ਇਸ ਸ਼ਾਮ ਵੇਲੇ ਖਚਾਖਚ ਭਰੇ ਪੋਲੋ ਗਰਾਊਂਡ ਵਿਚ ਇੱਕ ਵੱਖਰਾ ਹੀ ਮਾਹੌਲ ਸਿਰਜਦਿਆਂ ਵਾਰਿਸ ਭਰਾਵਾਂ ਨੇ ਸੱਭਿਆਚਾਰਕ ਤੇ ਸੂਫ਼ੀ ਗੀਤ ਤੇ ਦਰਸ਼ਕਾਂ ਦੀ ਮੰਗ ਮੁਤਾਬਕ ਆਪਣੇ ਗੀਤ ਗਾ ਕੇ ਖ਼ੂਬ ਰੰਗ ਬੰਨ੍ਹਦੇ ਹੋਏ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਮਨਮੋਹਨ ਵਾਰਿਸ ਤੇ ਕਮਲ ਹੀਰ ਨੇ ਇਸ ਵਿਰਾਸਤੀ ਉਤਸਵ ਨੂੰ ਕਰਵਾਉਣ 'ਤੇ ਪੰਜਾਬ ਸਰਕਾਰ ਨੂੰ ਵਧਾਈ ਦਿੱਤੀ।

ਵਾਰਿਸ ਭਰਾਵਾਂ ਨੇ ਸੁਨੇਹਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਇਹ ਵਿਰਾਸਤੀ ਮੇਲਾ ਇੱਕ ਬਹੁਤ ਚੰਗਾ ਉਪਰਾਲਾ ਹੈ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਪਾਤਰ ਹਨ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਚੰਗਾ ਸੁਣਨ ਅਤੇ ਚੰਗਾ ਦੇਖਣ ਤਾਂ ਕਿ ਗਾਇਕ ਤੇ ਫ਼ਿਲਮੀ ਸਿਤਾਰੇ ਵਧੀਆ ਪੇਸ਼ਕਾਰੀਆਂ ਦੇਣ ਤੇ ਨੌਜਵਾਨ ਪੀੜ੍ਹੀ ਨੂੰ ਕੁਝ ਚੰਗਾ ਸਿੱਖਣ ਨੂੰ ਮਿਲੇ। ਮੰਚ ਸੰਚਾਲਨ ਸੁਮਨ ਬੱਤਰਾ ਅਤੇ ਐਨ.ਜੈਡ.ਸੀ.ਸੀ. ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਨੇ ਬਾਖ਼ੂਬੀ ਕੀਤਾ।

ਸਮਾਰੋਹ ਦੌਰਾਨ ਸਭ ਤੋਂ ਪਹਿਲਾਂ ਮਾਣਕ ਅਲੀ 'ਬਿਸਮਿਲਾ, ਰੱਬਾ ਸੋਹਣਿਆਂ ਨੂੰ ਕੈਦ ਕਰਾ ਦੇ ਤੇਰਾ ਕਿਹੜਾ ਮੁੱਲ ਲੱਗਦਾ, ਦਸਤਾਰ, ਟੱਪੇ, ਮੁੱਲਾ ਯਾਰ ਮਨਾਵਣ ਦੇ ਤੇਰੀ ਲੱਗੀ ਤੂੰ ਨਿਭਾਅ ਸਾਨੂੰ ਅਪਣੀ ਨਿਭਾਵਣ ਦੇ, ਸ਼ਾਹ ਹੁਸੈਨ ਦੀ ਕਾਫ਼ੀ 'ਮਨ ਅਟਕਿਆ ਬੇਪਰਵਾਹ ਦੇ ਨਾਮ ਤੇ' ਆਦਿ ਸੂਫ਼ੀ ਲੋਕ ਗੀਤ ਗਾਏ। ਇਸ ਤੋਂ ਬਾਅਦ ਕਮਲ ਹੀਰ ਨੇ ਬਚਪਨ ਨਾਲ ਸ਼ੁਰੂਆਤ ਕਰਦਿਆਂ ਆਪਣੇ ਹਿੱਟ ਗੀਤਾਂ ਦੀ ਬੌਛਾਰ ਲਾਈ ਅਤੇ ਬਾਅਦ ਵਿੱਚ ਮਨਮੋਹਨ ਵਾਰਿਸ ਨੇ ਆਪਣੇ ਗੀਤਾਂ ਦੀ ਛਹਿਬਰ ਲਗਾਈ ਤੇ ਦੋਵਾਂ ਨੇ ਆਪਣੇ ਕੁਝ ਹਿੱਟ ਗੀਤ ਰਲਕੇ ਵੀ ਗਾਏ।

ਇਸ ਦੌਰਾਨ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਐਸ.ਐਸ.ਪੀ. ਵਰੁਣ ਸ਼ਰਮਾ, ਐਸ.ਪੀ ਪਲਵਿੰਦਰ ਸਿੰਘ ਚੀਮਾ, ਏ.ਡੀ.ਸੀ ਸਿਮਰਪ੍ਰੀਤ ਕੌਰ, ਐਸ.ਡੀ.ਐਮ ਹਰਜੋਤ ਕੌਰ ਮਾਵੀ, ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ ਡੀ ਐਮ ਰਿਚਾ ਗੋਇਲ, ਮੁੱਖ ਮੰਤਰੀ ਫੀਲਡ ਅਫਸਰ ਸਤੀਸ਼ ਚੰਦਰ, ਪੀਆਰਟੀਸੀ ਏਐਮਡੀ ਨਵਦੀਪ ਕੁਮਾਰ ਸਮੇਤ ਪਟਿਆਲਾ ਵਾਸੀ ਅਤੇ ਸੰਗੀਤ ਪ੍ਰੇਮੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਦੇਰ ਰਾਤ ਤੱਕ ਪੌਪ ਗਾਇਕੀ ਦਾ ਅਨੰਦ ਮਾਣਿਆ।

# ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਹੋਈ ਮਾਸਿਕ ਮੀਟਿੰਗ; ਹਰ ਮਹੀਨੇ ਸਮੇਂ ਸਿਰ ਪੈਨਸ਼ਨ ਪਾਉਣ ਦੀ ਕੀਤੀ ਮੰਗ



**ਪਟਿਆਲਾ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਾਸਿਕ ਮੀਟਿੰਗ ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦੇ ਵਾਈਸ ਚੇਅਰਮੈਨ ਬਚਿੱਤਰ ਸਿੰਘ ਅਤੇ ਭਗਵੰਤ ਸਿੰਘ ਕੰਗਣਵਾਲ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸਮੁੱਚੇ ਡਿਪੂਆਂ ਦੇ ਪੈਨਸ਼ਨਰਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਵੱਖ—ਵੱਖ ਡਿਪੂਆਂ ਦੇ ਬੁਲਾਰਿਆਂ ਨੇ ਵਿਚਾਰ ਪੇਸ਼ ਕਰਦਿਆਂ ਸਮੇਂ ਸਿਰ ਪੈਨਸ਼ਨ ਪਾਉਣ ਅਤੇ ਰਹਿੰਦੇ ਬਕਾਏ, ਜਿਵੇਂ ਕਿ ਮੈਡੀਕਲ ਬਿੱਲਾਂ ਦੇ ਬਕਾਏ, 2016 ਦੇ ਗਰੇਡਾਂ ਦੇ ਬਕਾਏ ਅਤੇ ਨਵੇਂ ਰਿਟਾਇਰੀਆਂ ਦੇ ਬਕਾਏ ਦੇਣ ਦੀ ਮੰਗ ਕੀਤੀ।

ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਆਪਣੇ ਭਾਸ਼ਣ ਵਿੱਚ ਸਰਕਾਰ ਦੀ, ਵਰਕਰ ਮਾਰੂ ਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਵਾਰ—ਵਾਰ ਕਹਿਣ ਅਤੇ ਧਰਨੇ ਦੇਣ ਦੇ ਬਾਵਜੂਦ ਸਰਕਾਰ ਸਾਡੇ ਬਕਾਇਆਂ ਪ੍ਰਤੀ ਮੋਨ ਧਾਰੀ ਬੈਠੀ ਹੈ। ਉਨ੍ਹਾਂ ਨੇ ਪਿਛਲੇ ਦਿਨੀ ਚੇਅਰਮੈਨ ਪੀ.ਆਰ.ਟੀ.ਸੀ. ਨਾਲ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਚੇਅਰਮੈਨ ਸਾਹਿਬ ਨੇ ਵਿਸ਼ਵਾਸ਼ ਦਿਵਾਇਆ ਹੈ ਕਿ ਅੱਗੇ ਲਈ ਪੈਨਸ਼ਨ ਸਮੇਂ ਸਿਰ ਪੈਂਦੀ ਰਹੇਗੀ ਅਤੇ ਮੈਡੀਕਲ ਬਿੱਲਾਂ ਦੀ ਅਤੇ 2016 ਦੇ ਪੇ-ਕਮਿਸ਼ਨ ਦੇ ਬਕਾਇਆਂ ਦੀ ਅਦਾਇਗੀ ਜਲਦੀ ਤੋਂ ਜਲਦੀ ਕੀਤੀ ਜਾਵੇਗੀ। ਚੇਅਰਮੈਨ ਪੀ.ਆਰ.ਟੀ.ਸੀ. ਨੇ ਕਿਹਾ ਕਿ ਪੀ.ਆਰ.ਟੀ.ਸੀ. ਵਿੱਚ 409 ਨਵੀਆਂ ਆਪਣੀਆਂ ਬੱਸਾਂ ਪਾਈਆਂ ਜਾ ਰਹੀਆਂ ਹਨ, 309 ਵੱਡੀਆਂ ਅਤੇ 100 ਮਿੰਨੀ ਬੱਸਾਂ ਅਤੇ 250 ਬੱਸਾਂ ਕਿਲੋਮੀਟਰ ਸਕੀਮ ਅਧੀਨ ਪਾਈਆਂ ਜਾ ਰਹੀਆਂ ਹਨ।

ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਆਪਣੇ ਸੰਬੋਧਨ ਵਿੱਚ ਬਕਾਇਆਂ ਦੀ ਤੁਰੰਤ ਅਦਾਇਗੀ ਦੀ ਮੰਗ ਕਰਦਿਆਂ ਕਿਹਾ ਕਿ ਮਾਸਿਕ ਪੈਨਸ਼ਨ ਦੀ ਹਰ ਮਹੀਨੇ ਦੀ 5 ਤਰੀਕ ਤੱਕ ਅਦਾਇਗੀ ਨਿਸ਼ਚਿਤ ਕੀਤੀ ਜਾਵੇ। ਉਨ੍ਹਾਂ ਨੇ, ਆਪਣੀਆਂ ਮੰਗਾਂ ਲਈ ਸੰਘਰਸ਼ ਕਰਦੇ ਠੇਕੇ ਦੇ ਆਧਾਰ 'ਤੇ ਰੱਖੇ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕਰਨ ਅਤੇ ਉਨ੍ਹਾਂ ਉੱਤੇ ਬਣਾਏ ਕੇਸ ਵਾਪਿਸ ਲੈਣ ਦੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀ.ਆਰ.ਟੀ.ਸੀ. ਵਾਸਤੇ ਇਸ ਦੇ ਖਰਚਿਆਂ ਮੁਤਾਬਿਕ ਸਲਾਨਾ ਬੱਜਟ ਵਿੱਚ ਲੋੜੀਂਦੇ ਫੰਡ ਰੱਖੇ ਜਾਣ ਤਾਂ ਕਿ ਦੇਣ ਦਾਰੀਆਂ ਦੀ ਅਦਾਇਗੀ ਸੌਖੀ ਹੋ ਸਕੇ ਅਤੇ ਅਦਾਰੇ ਦੀ ਦਸ਼ਾ ਸੁਧਰ ਸਕੇ। ਵਾਇਸ ਚੇਅਰਮੈਨ ਬਚਿੱਤਰ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਣ, ਵਿੱਚ ਜਥੇਬੰਦੀ ਦੀ ਮਜਬੂਤੀ 'ਤੇ ਜ਼ੋਰ ਦਿੱਤਾ, ਉਨ੍ਹਾਂ ਕਿਹਾ ਕਿ ਆਪਾਂ ਨੇ ਆਪਣੇ ਏਕੇ ਨਾਲ ਹੀ ਪਹਿਲਾਂ ਸਾਰੇ ਬਕਾਏ ਲਏ ਹਨ ਅਤੇ ਰਹਿੰਦੇ ਬਕਾਏ ਵੀ ਆਪਾਂ ਨੇ ਏਕੇ ਨਾਲ ਹੀ ਲੈਣੇ ਹਨ। ਉਨ੍ਹਾਂ ਨੇ ਕੇਂਦਰੀ ਬਾਡੀ ਨੂੰ ਮਜਬੂਤ ਰੱਖਣ 'ਤੇ ਜ਼ੋਰ ਦਿੱਤਾ। ਉਪਰੋਕਤ ਤੋਂ ਇਲਾਵਾ ਸਰਵ ਸ੍ਰੀ ਬਚਨ ਸਿੰਘ ਅਰੋੜਾ ਜਨਰਲ ਸਕੱਤਰ ਕੇਂਦਰੀ ਬਾਡੀ, ਹਰਭਜਨ ਸਿੰਘ ਚੰਡੀਗੜ੍ਹ ਡਿਪੂ, ਹਰਦੇਵ ਸਿੰਘ ਲੁਧਿਆਣਾ ਡਿਪੂ, ਤਰਸੇਮ ਸਿੰਘ ਸੈਣੀ ਕਪੂਰਥਲਾ, ਕਾਲਾ ਸਿੰਘ ਕੋਟਕਪੂਰਾ ਫਰੀਦਕੋਟ, ਜਰਨੈਲ ਸਿੰਘ ਪਟਿਆਲਾ, ਪ੍ਰੀਤਮ ਸਿੰਘ ਬਰਾੜ ਬਠਿੰਡਾ, ਹਾਕਮ ਸਿੰਘ ਬੁੱਢਲਾਡਾ, ਮਦਨ ਮੋਹਨ ਸ਼ਰਮਾ ਬਰਨਾਲਾ ਅਤੇ ਲਖਵੀਰ ਸਿੰਘ ਲੱਖੀ ਸੰਗਰੂਰ ਨੇ ਵੀ ਆਪਣੇ ਵਿਚਾਰ ਰੱਖੇ।

ਰੈਲੀ ਰੂਪੀ ਇਸ ਮੀਟਿੰਗ ਨੂੰ ਕਾਮਯਾਬ ਕਰਨ ਲਈ ਸਰਵ ਸ੍ਰੀ ਬਖਸ਼ੀਸ਼ ਸਿੰਘ ਦਫਤਰ ਸਕੱਤਰ, ਅਮੋਲਕ ਸਿੰਘ ਖਜਾਨਚੀ, ਮਹਿੰਦਰ ਸਿੰਘ ਸੋਹੀ, ਸੂਰਜ ਭਾਨ, ਰਮੇਸ਼ਵਰ ਦਾਸ, ਪ੍ਰਮਜੀਤ ਸਿੰਘ ਇੰਸਪੈਕਟਰ, ਸੰਤੋਸ਼ ਕ੍ਰਿਸ਼ਨ ਚਪੜ, ਘੋਲਾ ਸਿੰਘ ਡੰਡੋਆ, ਬਲਵੰਤ ਸਿੰਘ ਕੈਸ਼ੀਅਰ ਅਤੇ ਸ਼ਾਮ ਸੁੰਦਰ ਨੇ ਭਰਪੂਰ ਯੋਗਦਾਨ ਪਾਇਆ। ਸਟੇਜ਼ ਦੀ ਡਿਊਟੀ ਬਚਨ ਸਿੰਘ ਅਰੋੜਾ ਨੇ ਬਾਖ਼ੂਬੀ ਨਿਭਾਈ।

# ਮਾਨਸਿਕ ਸਿਹਤ ਸੇਵਾਵਾਂ ਲਈ ਟੈਲੀ-ਮਾਨਸ ਸਾਬਤ ਹੋ ਰਿਹਾ ਹੈ ਵਰਦਾਨ: ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਰੀਦਕੋਟ

**ਫਰੀਦਕੋਟ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਡਾ. ਚੰਦਰ ਸ਼ੇਖਰ ਕੱਕੜ ਸਿਵਲ ਸਰਜਨ ਫਰੀਦਕੋਟ ਨੇ ਦੱਸਿਆ ਕਿ ਮਾਨਸਿਕ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਆਮ ਲੋਕਾਂ ਦੀ ਮਾਨਸਿਕ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ 'ਟੈਲੀ-ਮਾਨਸ' (Tele-MANAS) ਪ੍ਰੋਜੈਕਟ ਇੱਕ ਕ੍ਰਾਂਤੀਕਾਰੀ ਕਦਮ ਸਾਬਤ ਹੋ ਰਿਹਾ ਹੈ। ਇਸ ਸਬੰਧੀ ਡਾ. ਚੰਦਰ ਸ਼ੇਖਰ ਕੱਕੜ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਇੱਕ ਟੋਲ-ਫ੍ਰੀ ਹੈਲਪਲਾਈਨ ਸੇਵਾ ਹੈ ਜੋ ਪੂਰੇ ਭਾਰਤ ਵਿੱਚ 24 ਘੰਟੇ ਮੁਫ਼ਤ ਮਾਨਸਿਕ ਸਿਹਤ ਸਲਾਹ ਪ੍ਰਦਾਨ ਕਰਦੀ ਹੈ। ਉਨ੍ਹਾਂ ਦੱਸਿਆ ਕਿ 'ਟੈਲੀ-ਮਾਨਸ ਪੰਜਾਬ' ਨੇ ਇਸ ਸਾਲ 35,000 ਤੋਂ ਵੱਧ ਕਾਲਾਂ ਪ੍ਰਾਪਤ ਕਰਕੇ ਇੱਕ ਵੱਡਾ ਮੀਲ ਪੱਥਰ ਸਥਾਪਿਤ ਕੀਤਾ ਹੈ। ਡਾ. ਕੱਕੜ ਅਨੁਸਾਰ ਇਹ ਸੇਵਾ ਪੰਜਾਬੀ ਸਮੇਤ 20 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ ਅਤੇ ਲੋੜਵੰਦ ਵਿਅਕਤੀ ਟੋਲ-ਫ੍ਰੀ ਨੰਬਰ 14416 ਜਾਂ 1800-89-14416 'ਤੇ ਕਾਲ ਕਰਕੇ ਕਿਸੇ ਵੀ ਸਮੇਂ ਮਾਹਿਰਾਂ ਦੀ ਰਾਏ ਲੈ ਸਕਦੇ ਹਨ।

ਡਿਪਟੀ ਮੈਡੀਕਲ ਕਮਿਸ਼ਨਰ ਫਰੀਦਕੋਟ ਡਾ. ਵਿਸ਼ਵਦੀਪ ਗੋਇਲ ਨੇ ਇਸ ਮੌਕੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਮਰੀਜ਼ ਦੀ ਨਿੱਜੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ ਤਾਂ ਜੋ ਕੋਈ ਵੀ ਵਿਅਕਤੀ ਬਿਨਾਂ ਕਿਸੇ ਝਿਜਕ ਦੇ ਸਹਾਇਤਾ ਪ੍ਰਾਪਤ ਕਰ ਸਕੇ। ਉਨ੍ਹਾਂ ਕਿਹਾ ਕਿ ਉਪਭੋਗਤਾ ਘਰ ਬੈਠੇ ਹੀ ਆਪਣੇ ਫੋਨ ਜਾਂ ਮੋਬਾਈਲ ਐਪ ਰਾਹੀਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਚਿੰਤਾ, ਪ੍ਰੀਖਿਆਵਾਂ ਦਾ ਤਣਾਅ, ਡਿਪਰੈਸ਼ਨ, ਵਿੱਤੀ ਮੁਸ਼ਕਲਾਂ ਅਤੇ ਪਰਿਵਾਰਕ ਮਸਲਿਆਂ ਬਾਰੇ ਪੇਸ਼ੇਵਰ ਸਲਾਹਕਾਰਾਂ, ਸਮਾਜ ਸੇਵਕਾਂ ਅਤੇ ਮਨੋਵਿਗਿਆਨੀਆਂ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ।

ਡਾ. ਗੋਇਲ ਨੇ ਅੱਗੇ ਜਾਣਕਾਰੀ ਦਿੱਤੀ ਕਿ ਟੈਲੀ-ਮਾਨਸ ਰਾਹੀਂ ਨਾ ਸਿਰਫ ਫੋਨ 'ਤੇ ਸਲਾਹ ਦਿੱਤੀ ਜਾਂਦੀ ਹੈ, ਬਲਕਿ ਲੋੜ ਪੈਣ 'ਤੇ ਵੀਡੀਓ ਕਾਲ ਰਾਹੀਂ ਦਵਾਈਆਂ ਬਾਰੇ ਜਾਣਕਾਰੀ ਅਤੇ ਗੰਭੀਰ ਮਾਮਲਿਆਂ ਵਿੱਚ ਵਿਅਕਤੀਗਤ ਤੌਰ 'ਤੇ ਮਾਹਿਰਾਂ ਨਾਲ ਮਿਲਾਉਣ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਂਦੀ ਹੈ।

ਸਿਹਤ ਵਿਭਾਗ ਫਰੀਦਕੋਟ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਮਾਨਸਿਕ ਸਿਹਤ ਨਾਲ ਜੁੜੀ ਕਿਸੇ ਵੀ ਸਮੱਸਿਆ ਨੂੰ ਛੁਪਾਉਣ ਦੀ ਬਜਾਏ ਇਸ ਮੁਫ਼ਤ ਸਰਕਾਰੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਤਾਂ ਜੋ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

# ਸਿੱਖਿਆ ਕ੍ਰਾਂਤੀ ਨੂੰ ਮਜ਼ਬੂਤੀ : 6 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ



**ਲੁਧਿਆਣਾ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 'ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਜਵਾਬਦੇਹੀ ਹੋਰ ਸਖ਼ਤ ਕਰਦਿਆਂ ਮਾਛੀਵਾੜਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਗੰਭੀਰ ਖਾਮੀਆਂ ਸਾਹਮਣੇ ਆਉਣ ਉਪਰੰਤ 6 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮਾਛੀਵਾੜਾ ਵਿੱਚ ਅਚਨਚੇਤ ਨਿਰੀਖਣ ਦੌਰਾਨ ਵਿਦਿਆਰਥੀਆਂ ਦੀ ਮੁੱਢਲੀ ਸਿੱਖਿਆ ਵਿੱਚ ਕਮਜ਼ੋਰੀਆਂ ਅਤੇ ਸਕੂਲ ਪ੍ਰਬੰਧਨ ਵਿੱਚ ਖਾਮੀਆਂ ਨੋਟ ਕੀਤੀਆਂ। ਇਸ ਤੋਂ ਬਾਅਦ ਬੀ.ਆਰ.ਸੀ., ਮੁੱਖ ਅਧਿਆਪਕ, ਇੱਕ ਐਸੋਸੀਏਟ ਅਧਿਆਪਕ, ਤਿੰਨ ਈ.ਟੀ.ਟੀ. ਅਧਿਆਪਕ ਅਤੇ ਇੱਕ ਆਈ.ਈ.ਏ.ਟੀ. ਅਧਿਆਪਕ ਨੂੰ ਨੋਟਿਸ ਜਾਰੀ ਕੀਤਾ ਗਿਆ।

ਸਿੱਖਿਆ ਮੰਤਰੀ ਨੇ ਕਿਹਾ ਕਿ ਸਿੱਖਿਆ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਡਿਊਟੀ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਅਪਣਾਈ ਜਾਵੇਗੀ। ਉਨ੍ਹਾਂ ਦੋਹਰਾਇਆ ਕਿ ਵਿਦਿਆਰਥੀਆਂ ਦੀ ਸਿੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਲਾਪਰਵਾਹੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ।

# ਹਰਬਰਿੰਦਰ ਸਿੰਘ ਕਤਲ ਮਾਮਲਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡੀਜੀਪੀ ਪੰਜਾਬ ਤੋਂ ਲਿਆ ਕਤਲ ਦਾ ਜਾਇਜ਼ਾ, ਕਿਹਾ ਅਧਿਕਾਰੀਆਂ ਦੀ ਜਵਾਬਦੇਹੀ ਕੀਤੀ ਜਾਵੇਗੀ ਤੈਅ

**ਤਰਨਤਾਰਨ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਰਬਰਿੰਦਰ ਸਿੰਘ ਦੇ ਕਤਲ ਦੀ ਜਾਂਚ ਦਾ ਨਿੱਜੀ ਤੌਰ 'ਤੇ ਜਾਇਜ਼ਾ ਲੈਣ ਪਿੱਛੋਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਫਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ, ਤਰਨ ਤਾਰਨ ਸੁਰੇਂਦਰ ਲਾਂਬਾ ਨੂੰ ਹਦਾਇਤ ਕੀਤੀ ਹੈ ਕਿ ਉਹ ਜਾਂਚ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਛੇਤੀ ਤੋਂ ਛੇਤੀ ਦੋਸ਼ੀਆਂ ਨੂੰ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾਵੇ।

ਜਾਣਕਾਰੀ ਅਨੁਸਾਰ ਪੀੜਤ ਹਰਬਰਿੰਦਰ ਸਿੰਘ ਨੂੰ, ਸਰਹਾਲੀ ਪੁਲਿਸ ਥਾਣੇ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਸਿੱਧੂ ਫਾਰਮ ਵਿਖੇ ਇੱਕ ਵਿਆਹ ਸਮਾਗਮ ਦੌਰਾਨ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ ਅਤੇ ਹਸਪਤਾਲ ਲਿਜਾਂਦੇ ਸਮੇਂ ਉਸਦੀ ਮੌਤ ਹੋ ਗਈ ਸੀ। ਮੌਕੇ 'ਤੇ ਮੌਜੂਦ ਇੱਕ ਹੋਰ ਵਿਅਕਤੀ ਨੇ ਹਮਲਾਵਰਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਗੋਲੀਬਾਰੀ ਦੌਰਾਨ ਉਸਦੀ ਲੱਤ 'ਤੇ ਗੋਲੀ ਲੱਗੀ ਅਤੇ ਉਹ ਇਸ ਸਮੇਂ ਜ਼ੇਰੇ-ਇਲਾਜ ਹੈ।

ਘਟਨਾ ਦੀ ਜਵਾਬਦੇਹੀ ਤੈਅ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਡੀ.ਐਸ.ਪੀ. ਪੱਟੀ, ਜਗਬੀਰ ਸਿੰਘ ਅਤੇ ਐਸ.ਐਚ.ਓ. ਸਰਹਾਲੀ , ਗੁਰਵਿੰਦਰ ਸਿੰਘ ਨੂੰ ਬਣਦੀ ਇਹਤਿਆਤੀ ਪੁਲਿਸ ਕਾਰਵਾਈ ਨਾ ਕਰਨ ਦੇ ਚਲਦਿਆਂ ਮੁਅੱਤਲ ਕਰ ਦਿੱਤਾ ਗਿਆ ਹੈ।

ਡੀਜੀਪੀ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ।

ਐਸ.ਐਸ.ਪੀ. ਸੁਰੇਂਦਰ ਲਾਂਬਾ ਨੇ ਅੱਗੇ ਦੱਸਿਆ ਕਿ ਹੁਣ ਤੱਕ ਕੀਤੀ ਗਈ ਜਾਂਚ ਦੇ ਆਧਾਰ 'ਤੇ ਇਸ ਮਾਮਲੇ ਵਿੱਚ ਧਮਕੀ ਜਾਂ ਜਬਰਨ ਵਸੂਲੀ ਆਦਿ ਨਾਲ ਸਬੰਧਤ ਕੋਈ ਵੀ ਪਹਿਲੂ ਸਾਹਮਣੇ ਨਹੀਂ ਆਇਆ। ਉਨ੍ਹਾਂ ਕਿਹਾ ਕਿ ਮੁੱਢਲੀ ਪੁੱਛਗਿੱਛ ਤੋਂ ਜਾਪਦਾ ਹੈ ਕਿ ਨਿੱਜੀ ਦੁਸ਼ਮਣੀ ਜਾਂ ਬਦਲਾਖ਼ੋਰੀ ਵਾਰਦਾਤ ਦਾ ਸੰਭਾਵੀ ਕਾਰਨ ਹੋ ਸਕਦੀ ਹੈ।

ਐਸ.ਐਸ.ਪੀ. ਨੇ ਪੁਸ਼ਟੀ ਕਰਦਿਆਂ ਕਿਹਾ ਕਿ ਮਾਮਲੇ ਦੀ ਵਿਗਿਆਨਕ ਅਤੇ ਤਕਨੀਕੀ ਢੰਗ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਅਧਿਕਾਰੀਆਂ ਦੀ ਨਿਗਰਾਨੀ ਹੇਠ ਸੀਸੀਟੀਵੀ ਵਿਸ਼ਲੇਸ਼ਣ ਲਈ ਚਾਰ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ। ਇਸ ਤੋਂ ਇਲਾਵਾ ਇੱਕ ਟੀਮ, ਐਫ.ਐਸ.ਐਲ. ਟੀਮ ਦੇ ਨਾਲ ਮੌਕਾ-ਏ-ਵਾਰਦਾਤ ਦੀ ਜਾਂਚ ਕਰ ਰਹੀ ਹੈ। ਐਸ.ਐਸ.ਪੀ. ਨੇ ਅੱਗੇ ਕਿਹਾ," ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਅਸੀਂ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਵਾਂਗੇ।'

# ਵੱਖ-ਵੱਖ ਥਾਵਾ ਤੋਂ ਬੱਸਾਂ ਨੂੰ ਕੀਤਾ ਗਿਆ ਰਵਾਨਾ



**ਬਠਿੰਡਾ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਵੱਲੋਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਸੁਪਨਾ ਸਾਕਾਰ ਹੋ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਮੌੜ ਤੋਂ ਵਿਧਾਇਕ ਸ੍ਰੀ ਸੁਖਵੀਰ ਸਿੰਘ ਮਾਈਸਰਖਾਨਾ ਵੱਲੋਂ ਪਿੰਡ ਰਾਮਪੁਰਾ ਤੋਂ ਸ਼ਰਧਾਲੂਆਂ ਨਾਲ ਭਰੀ ਬੱਸ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਬੱਸ ਨੂੰ ਰਵਾਨਾ ਕਰਨ ਮੌਕੇ ਕੀਤਾ।ਇਸ ਦੌਰਾਨ ਸ੍ਰੀ ਮਾਈਸਰਖਾਨਾ ਨੇ ਕਿਹਾ ਕਿ ਅਕਸਰ ਬਜ਼ੁਰਗ ਆਪਣੀ ਆਰਥਿਕ ਹਾਲਤ ਜਾਂ ਸਿਹਤ ਕਾਰਨ ਤੀਰਥ ਯਾਤਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਸਨ, ਪਰ ਇਸ ਯੋਜਨਾ ਨਾਲ ਉਨ੍ਹਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ ਜਾ ਰਹੇ ਹਨ। ਇਸ ਨਾਲ ਲੋਕਾਂ ਦੀ ਆਸਥਾ ਮਜ਼ਬੂਤ ਹੋ ਰਹੀ ਹੈ ਅਤੇ ਸਮਾਜ ਵਿੱਚ ਸਕਾਰਾਤਮਕ ਮਾਹੌਲ ਬਣ ਰਿਹਾ ਹੈ।

ਮੇਅਰ ਨਗਰ ਨਿਗਮ ਬਠਿੰਡਾ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਵਿਧਾਨ ਸਭਾ ਹਲਕਾ ਬਠਿੰਡਾ (ਦਿਹਾਤੀ) ਦੇ ਪਿੰਡ ਬੀੜ ਬਹਿਮਣ ਤੋਂ ਸ਼ਰਧਾਲੂਆਂ ਦੇ ਜਥੇ ਦੀ ਬੱਸ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਜ਼ੁਰਗਾਂ ਅਤੇ ਆਮ ਲੋਕਾਂ ਲਈ ਇੱਕ ਬਹੁਤ ਹੀ ਵਧੀਆ ਅਤੇ ਲਾਭਕਾਰੀ ਉਪਰਾਲਾ ਹੈ। ਇਸ ਯੋਜਨਾ ਤਹਿਤ ਬਜ਼ੁਰਗ, ਔਰਤਾਂ ਅਤੇ ਹੋਰ ਸ਼ਰਧਾਲੂਆਂ ਵਿੱਚ ਧਾਰਮਿਕ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਇਸ ਦੌਰਾਨ ਸ਼ਰਧਾਲੂਆਂ ਨੇ ਵੀ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੋਜਨਾ ਉਨ੍ਹਾਂ ਲਈ ਲਾਭਕਾਰੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੀਆਂ ਗਈਆਂ ਸ਼ਾਨਦਾਰ ਵਿਵਸਥਾਵਾਂ ਕਾਰਨ ਉਹ ਨਿਸ਼ਚਿੰਤ ਹੋ ਕੇ ਯਾਤਰਾ ਕਰ ਰਹੇ ਹਨ। ਸਮੂਹ ਸ਼ਰਧਾਲੂਆਂ ਨੇ ਸਰਕਾਰ ਦੇ ਇਸ ਉਪਰਾਲੇ ਦੀ ਖ਼ੂਬ ਤਾਰੀਫ ਵੀ ਕੀਤੀ।

ਇਸੇ ਤਰ੍ਹਾਂ ਹੀ ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ) ਦੇ ਭੱਟੀ ਰੋਡ, ਵਿਧਾਨ ਸਭਾ ਹਲਕਾ ਭੁੱਚੋ ਦੇ ਪਿੰਡ ਅਬਲੂ, ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੇ ਪਿੰਡ ਬੁਰਜ ਥਰੋੜ ਅਤੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਬੰਗੀ ਰੁੱਘੂ ਤੋਂ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧਾਰਮਿਕ ਸਥਾਨਾਂ ਲਈ ਬੱਸਾਂ ਰਵਾਨਾ ਕੀਤੀਆਂ ਗਈਆਂ।

# ਉਸਮਾਨ ਸ਼ਹੀਦ ਵਿਖੇ ਦੋ ਦਿਨਾਂ ਕਿਸਾਨ ਜਾਗਰੂਕਤਾ ਕੈਂਪ, ਗੰਨੇ ਦੀ ਉਤਪਾਦਕਤਾ ਵਧਾਉਣ 'ਤੇ ਜ਼ੋਰ

**ਹੁਸ਼ਿਆਰਪੁਰ, 21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਉੱਨਤ ਕ੍ਰਿਸ਼ੀ ਯੋਜਨਾ ਤਹਿਤ ਏ ਬੀ ਸ਼ੂਗਰ ਮਿੱਲ ਦੇ ਅਧੀਨ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਉਸਮਾਨ ਸ਼ਹੀਦ ਵਿਖੇ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਡਾ: ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਾ: ਮਨਧੀਰ ਸਿੰਘ ਪ੍ਰੋਜੈਕਟ ਅਫ਼ਸਰ ਜਲੰਧਰ ਪੰਜਾਬ ਦੀ ਯੋਗ ਅਗਵਾਈ ਹੇਠ ਦੋ ਰੋਜਾ ਕਿਸਾਨ ਜਾਗਰੂਕਤਾ ਕੈਂਪ/ ਟ੍ਰੇਨਿੰਗ ਲਗਾਈ ਗਈ। ਡਾ: ਗੁਰਚਰਨ ਸਿੰਘ ਸਹਾਇਕ ਗੰਨਾ ਵਿਕਾਸ ਅਫ਼ਸਰ ਜਲੰਧਰ, ਡਾ: ਗੁਲਜਾਰ ਸਿੰਘ ਸੰਘੇੜਾ ਡਾਇਰੈਕਟਰ ਗੰਨਾ ਖੋਜ ਕੇਂਦਰ ਕਪੂਰਥਲਾ, ਡਾ. ਰਕੇਸ਼ ਕੁਮਾਰ ਕੀਟ ਵਿਗਿਆਨੀ, ਡਾ: ਚਰਨਜੀਤ ਕੌਰ ਫ਼ਸਲ ਵਿਗਿਆਨੀ, ਡਾ: ਇੰਦਰਾ ਦੇਵੀ ਫਾਰਮ ਸਲਾਹਕਾਰ ਕੇਂਦਰ ਗੰਗੀਆਂ ਨੇ ਗੰਨੇ ਦੀਆਂ ਕਾਸ਼ਤਕਾਰਾਂ ਤਕਨੀਕਾਂ ,ਕੀੜੇ-ਮਕੌੜੇ ਦੀ ਰੋਕਥਾਮ , ਰੋਗ ਪ੍ਰਬੰਧਨ, ਗੰਨੇ ਦੀ ਅੰਤਰ-ਫਸਲੀ, ਕਿਸਾਨਾਂ ਦੀ ਭਲਾਈ ਲਈ ਵੱਖ-ਵੱਖ ਸਰਕਾਰੀ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ।



ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਗੁਰਚਰਨ ਸਿੰਘ ਨੇ ਕਿਹਾ ਕਿ ਕ੍ਰਿਸ਼ੀ ਉੱਨਤੀ ਯੋਜਨਾ ਦੇ ਤਹਿਤ ਕੇਂਦਰੀ ਪ੍ਰਯੋਜਿਤ ਰਾਸ਼ਟਰੀ ਖੁਰਾਕ ਸੁਰੱਖਿਆ ਅਤੇ ਪੋਸ਼ਣ ਮਿਸ਼ਨ ਤਹਿਤ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਵਧਾ ਕੇ ਆਮਦਨ ਵਧਾਉਣ ਲਈ ਪੰਜਾਬ ਵਿੱਚ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ ਤਾਂ ਜੋ ਗੰਨਾ ਕਾਸ਼ਤਕਾਰਾਂ ਦੀ ਆਰਥਿਕਤਾ ਮਜ਼ਬੂਤ ਕੀਤੀ ਜਾ ਸਕੇ। ਇਸ ਤੋਂ ਇਲਾਵਾ ਇਸ ਮਿਸ਼ਨ ਦਾ ਮਕਸਦ ਫਸਲ ਉਤਪਾਦਨ, ਤਕਨਾਲੋਜੀਆਂ ਅਤੇ ਬੀਜਾਂ ਲਈ ਸਹਾਇਤਾ ਪ੍ਰਦਾਨ ਕਰਕੇ ਅਨਾਜ ਉਤਪਾਦਨ ਨੂੰ ਵਧਾਉਣਾ, ਮਿੱਟੀ ਦੀ ਸਿਹਤ ਨੂੰ ਬਹਾਲ ਕਰਨਾ, ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਕਰਨਾ ਅਤੇ ਪੋਸ਼ਣ ਸੁਰੱਖਿਆ ਨੂੰ ਵਧਾਉਣਾ ਹੈ।ਕਣਕ , ਝੋਨਾ ਅਤੇ ਕਪਾਹ ਤੋਂ ਬਾਅਦ ਅਜਿਹੀ ਨਕਦੀ ਫ਼ਸਲ ਹੈ ਜੋ ਮੌਸਮ ਦੇ ਬੁਰੇ ਪ੍ਰਭਾਵਾਂ ਨੂੰ ਸਹਿ ਕੇ ਵੀ ਗੰਨਾ ਕਾਸ਼ਤਕਾਰਾਂ ਨੂੰ ਆਮਦਨ ਦੇ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ ਵਧਾਉਣ ਲਈ ਬਿਜਾਈ ਦੀ ਚੌੜੀ ਵਿੱਥ ਵਿਧੀ,ਅੰਤਰ ਫ਼ਸਲਾਂ ਅਤੇ ਮਲਚਿੰਗ ਤਕਨੀਕ ਵਰਤ ਕੇ ਪ੍ਰਦਰਸ਼ਨੀ ਪਲਾਟ ਅਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਡਾਕਟਰ ਯਸ਼ਪਾਲ ਖੇਤੀਬਾੜੀ ਅਫਸਰ ਟ੍ਰੇਨਿੰਗ ਹੁਸ਼ਿਆਰਪੁਰ ਵਲੋ ਕਿਹਾ ਕਿ ਪ੍ਰਤੀ ਹੈਕਟੇਅਰ ਗੰਨੇ ਦੀ ਉਤਪਾਦਕਤਾ ਵਧਾਉਣ ਨਾਲ ਗੰਨੇ ਦੀ ਫ਼ਸਲ ਦੀ ਖੇਤੀ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਰ ਵਧਾਉਣ ਦੇ ਮਕਸਦ ਲਈ ਗੰਨਾ ਕਾਸ਼ਤਕਾਰਾਂ ਨੂੰ ਚੌੜੀ ਵਿੱਥ ਵਿਧੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ,ਇਸ ਵਿਧੀ ਤਹਿਤ ਗੰਨੇ ਦੋ ਬਿਜਾਈ 4-5 ਫੁੱਟ ਦੂਰੀ ਦੀਆਂ ਲਾਈਨਾਂ ਤੇ ਗੰਨੇ ਦੀ ਬਿਜਾਈ ਇੱਕ ਜਾਂ ਦੋ ਖਾਲੀਆਂ ਵਿਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਵਿਧੀ ਨਾਲ ਬੀਜੀ ਗੰਨੇ ਦੀ ਫ਼ਸਲ ਦੇ ਬੂਟਿਆਂ ਨੂੰ ਵਧੇਰੇ ਰੌਸ਼ਨੀ ਅਤੇ ਹਵਾ ਮਿਲਦੀ ਹੈ ਜਿਸ ਨਾਲ ਫ਼ਸਲ ਘੱਟ ਡਿੱਗਣ ਕਾਰਨ ਪੈਦਾਵਾਰ ਵਿਚ ਵਾਧਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਗੰਨੇ ਦੀ ਅੱਸੂ ਦੀ ਬਿਜਾਈ ਵੇਲੇ ਖੇਤਾਂ ਵਿਚ ਝੋਨੇ ਦੀ ਪਰਾਲੀ ਖਿਲਾਰ ਕੇ ਪਾਣੀ ਅਤੇ ਖਾਦਾਂ ਦੀ ਬੱਚਤ ਕੀਤੀ ਜਾ ਸਕਦੀ ਹੈ। ਡਾਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਗੰਨੇ ਦੀ ਫ਼ਸਲ ਵਿਚ ਝੋਨੇ ਦੀ ਪਰਾਲੀ ਖਿਲਾਰਨ ਨਾਲ ਜਿੱਥੇ ਵਾਤਾਵਰਨ ਨੂੰ ਪ੍ਰਦੂਸ਼ਣ ਹੋਣ ਤੋਂ ਬਚਾਇਆ ਜਾ ਸਕੇਗਾ , ਉਥੇ ਸਰਦੀ ਅਤੇ ਗਰਮੀ ਤੋਂ ਫ਼ਸਲ ਨੂੰ ਬਚਾਅ ਹੋਣ ਕਾਰਨ ਪ੍ਰਤੀ ਹੈਕਟੇਅਰ ਪੈਦਾਵਾਰ ਵਿੱਚ ਵੀ ਵਾਧਾ ਹੋ ਸਕੇਗਾ। ਡਾਕਟਰ ਗੁਰਪ੍ਰਤਾਪ ਸਿੰਘ ਫ਼ਸਲ ਵਿਗਿਆਨੀ ਕੇ ਵੀ ਕੇ ਬਾਹੋਵਾਲ ਨੇ ਦੱਸਿਆ ਕਿ ਪਤਝੜ ਰੁੱਤ ਦੀ ਗੰਨੇ ਦੀ ਫ਼ਸਲ ਤੋਂ ਵਧੇਰੇ ਆਮਦਨ ਲੈਣ ਲਈ ਅੰਤਰ ਫ਼ਸਲਾਂ ਲੈਣੀਆਂ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅੰਤਰ ਫ਼ਸਲਾਂ ਜਿਵੇਂ ਕਣਕ, ਸਰੋਂ,ਸਬਜੀਆਂ ਅਤੇ ਦਾਲਾਂ ਦੀ ਕਾਸ਼ਤ ਕਰਕੇ ਘਰੇਲੂ ਅਤੇ ਬਾਜ਼ਾਰ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕੀਤਾ ਜਾ ਸਕਦਾ ਹੈ।

# ਪ੍ਰਸਿੱਧ ਫਿਲਮੀ ਐਕਟਰ ਰਾਣਾ ਰਣਬੀਰ ਦਾ ਨਾਟਕ ਬੰਦੇ ਬਣੋ ਬੰਦੇ ਜੈਤੋ ਵਿਖੇ ਅੱਜ

**ਜੈਤੋਂ,21 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬੀ ਫ਼ਿਲਮਾਂ ਦੇ ਪ੍ਰਸਿੱਧ ਫਿਲਮੀ ਐਕਟਰ, ਲੇਖਕ, ਡਾਇਰੈਕਟਰ, ਪ੍ਰੋਡਿਊਸਰ ਰਾਣਾ ਰਣਬੀਰ ਅਤੇ ਰਾਜਵੀਰ ਬੋਪਾਰਾਏ ਦਾ ਪ੍ਰਸਿੱਧ ਨਾਟਕ ਬੰਦੇ ਬਣੋ ਬੰਦੇ ਰੇਡੀਓ ਉਡਾਨ ਟੋਰਾਂਟੋ ਪ੍ਰਭ ਸੰਧੂ ਵਲੋਂ ਸਪਾਂਸਰ ਅਤੇ ਲੋਕ ਰੰਗ ਮੰਚ ਜੈਤੋ ਦੇ ਸਹਿਯੋਗ ਨਾਲ ਜੈਤੋ ਵਿਖੇ ਅੱਜ ਰਾਮ ਲੀਲਾ ਗਰਾਊਂਡ ਜੈਤੋ ਵਿਖੇ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਨਾਟਕ ਨੂੰ ਦੇਖਣ ਲਈ ਐਂਟਰੀ ਪਾਸ ਰਾਹੀਂ ਹੀ ਹੋਵੇਗੀ। ਪਾਸ ਰਾਣਾ ਰਣਬੀਰ ਦੇ ਫੇਸ ਬੁੱਕ ਪੇਜ ਤੇ ਪਾਏ ਫੋਨ ਨੰਬਰਾਂ ਤੇ ਅਤੇ ਨਰੇਸ਼ ਰੁਪਾਣਾ ਨਾਲ ਜਾਂ ਟੀਮ ਦੇ ਮੈਬਰਾਂ ਨਾਲ ਸੰਪਰਕ ਕਰਕੇ ਬੁਕਿੰਗ ਕਰਵਾ ਕੇ ਪ੍ਰਾਪਤ ਕੀਤੇ ਜਾ ਸਕਦੇ ਹਨ। ਬਹੁਤ ਹੀ ਵਧੀਆ ਪਰਿਵਾਰਕ ਨਾਟਕ ਹੈ। ਬੱਚਿਆਂ ਅਤੇ ਨੌਜਵਾਨਾਂ ਨੂੰ ਸੇਧ ਦੇਣ ਵਾਲਾ ਨਾਟਕ ਦਰਸ਼ਕਾਂ ਵੱਲੋਂ ਬਹੁਤ ਹੀ ਪਸੰਦ ਕੀਤਾ ਜਾ ਰਿਹਾ ਹੈ। ਜੈਤੋ ਵਿੱਚ ਇਸ ਤਰਾਂ ਦਾ ਵੱਡੇ ਪੱਧਰ ਦਾ ਨਾਟਕ ਪਹਿਲੀ ਵਾਰ ਹੋ ਰਿਹਾ ਹੈ । ਅਸੀਂ ਸਾਰੇ ਬਹੁਤ ਖੁਸ਼ਨਸੀਬ ਹਾਂ ਕਿ ਜਿਸ ਨਾਟਕ ਨੂੰ ਦੇਖਣ ਲਈ ਅਸੀਂ ਦੂਰ ਦੁਰਾਡੇ ਅਤੇ ਵਿਦੇਸ਼ਾਂ ਵਿੱਚ ਟਿਕਟਾਂ ਖਰੀਦ ਕੇ ਦੇਖਦੇ ਸੀ ਉਹੀ ਨਾਟਕ ਹੁਣ ਆਪਣੇ ਜੈਤੋ ਸ਼ਹਿਰ ਵਿਖੇ ਹੀ ਦੇਖਾਂਗੇ। ਇਲਾਕੇ ਦੇ ਸਾਰੇ ਸੱਜਣ ਇਸ ਨਾਟਕ ਨੂੰ ਦੇਖ ਕੇ ਜ਼ਰੂਰ ਲਾਭ ਉਠਾਓ। ਇਸ ਪ੍ਰੋਗਰਾਮ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਪਹੁੰਚਣਗੇ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਲੋਕ ਰੰਗ ਮੰਚ ਜੈਤੋ ਦੇ ਪ੍ਰਧਾਨ ਜਸਵਿੰਦਰ ਜੈਤੋ ਯੂ ਐੱਸ ਏ, ਜਨਰਲ ਸਕੱਤਰ ਨਰੇਸ਼ ਰੁਪਾਣਾ, ਜਸਵਿੰਦਰ ਸਿੰਘ ਯੂ ਐੱਸ ਏ, ਜਸਵਿੰਦਰ ਸਿੰਘ ਸਿੱਧੂ ਜੱਸਾ ਕੈਨੇਡੀਅਨ (ਕਾਸਮ ਭੱਟੀ), ਸੁਖਜਿੰਦਰ ਸਿੰਘ ਗਿੱਲ (ਸੁੱਖੀ ਗਿੱਲ) ਡਾਇਮੰਡ ਐਗਜੀਬਿਸ਼ਨ ਦੁਬਈ, ਰਿੰਕੂ ਮੁਹਾਰ (ਪਿੰਡ ਮੜਾਕ) ਪਰਥ ਆਸਟ੍ਰੇਲੀਆ, ਸ਼ੈਲੀ ਗਰਗ ਪ੍ਰਧਾਨ ਵਪਾਰ ਮੰਡਲ ਜੈਤੋ, ਲੇਖਕ ਪ੍ਰਮੋਦ ਧੀਰ ਆਦਿ ਆਪਣਾ ਭਰਪੂਰ ਸਹਿਯੋਗ ਦੇ ਰਹੇ ਹਨ ।

## ਪਟਿਆਲਾ ਵਿੱਚ ਡੇਅਰੀ ਫਾਰਮ ਦਾ ਸਾਂਝਾ ਦੌਰਾ, ਡੇਅਰੀਆ ਦੀ ਸ਼ਿਫਟਿੰਗ ਵੱਲ ਵੱਡਾ ਕਦਮ

# ਮੇਅਰ ਤੇ ਕਮਿਸ਼ਨਰ ਦੀ ਅਗਵਾਈ ਹੇਠ ਡੇਅਰੀ ਮਾਲਕਾਂ ਨਾਲ ਮੈਦਾਨੀ ਜਾਂਚ, ਬੁਨਿਆਦੀ ਸਹੂਲਤਾਂ ਦਾ ਲਿਆ ਜਾਇਜ਼ਾ



ਪਟਿਆਲਾ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆ ਨੂੰ ਨਗਰ ਨਿਗਮ ਦੀ ਹੱਦ ਤੋਂ ਬਾਹਰ ਨਿਰਧਾਰਿਤ ਡੈਰੀ ਪ੍ਰੋਜੈਕਟ ਸਾਈਟ 'ਤੇ ਸ਼ਿਫਟ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਨਗਰ ਨਿਗਮ ਪਟਿਆਲਾ ਵੱਲੋਂ ਇੱਕ ਮਹੱਤਵਪੂਰਨ ਮੈਦਾਨੀ ਦੌਰਾ ਕੀਤਾ ਗਿਆ। ਇਸ ਦੌਰੇ ਦੀ ਅਗਵਾਈ ਕੁੰਦਨ ਗੋਗੀਆ ਮੇਅਰ ਨਗਰ ਨਿਗਮ ਪਟਿਆਲਾ ਅਤੇ ਪਰਮਜੀਤ ਸਿੰਘ ਕਮਿਸ਼ਨਰ ਨਗਰ ਨਿਗਮ ਪਟਿਆਲਾ ਵੱਲੋਂ ਕੀਤੀ ਗਈ। ਇਸ ਮੌਕੇ ਡੇਅਰੀ ਮਾਲਕਾਂ ਦੀ ਵੱਡੀ ਗਿਣਤੀ ਵੀ ਹਾਜ਼ਰ ਰਹੀ, ਜਿਨ੍ਹਾਂ ਨੇ ਸਾਈਟ 'ਤੇ ਮੌਜੂਦ ਸਹੂਲਤਾਂ ਦਾ ਖੁਦ ਮੁਆਇਨਾ ਕੀਤਾ।

ਇਸ ਦੌਰਾਨ ਮੇਅਰ ਅਤੇ ਕਮਿਸ਼ਨਰ ਦੇ ਨਾਲ ਐਸ.ਸੀ. ਰਜਿੰਦਰ ਚੋਪੜਾ, ਐਸ.ਸੀ. ਜੇ.ਪੀ. ਸਿੰਘ, ਏਕਸਈਐਨ ਨਰਾਇਣ ਦਾਸ ਅਤੇ ਏਕਸਈਐਨ ਕੁਲਜਿੰਦਰ ਸਿੰਘ ਵੀ ਮੌਜੂਦ ਰਹੇ। ਨਗਰ ਨਿਗਮ ਦੇ ਅਧਿਕਾਰੀਆਂ ਨੇ ਡੇਅਰੀ ਮਾਲਕਾਂ ਨੂੰ ਸਾਈਟ 'ਤੇ ਤਿਆਰ ਕੀਤੀਆਂ ਜਾ ਰਹੀਆਂ ਬੁਨਿਆਦੀ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਡੇਅਰੀਆ ਦੀ ਵਿਵਸਥਿਤ ਸ਼ਿਫਟਿੰਗ ਨਾਲ ਸ਼ਹਿਰ ਦੀ ਸੁੱਚਤਾ ਵਿੱਚ ਸੁਧਾਰ ਆਵੇਗਾ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਵਿੱਚ ਕਮੀ ਹੋਵੇਗੀ। ਉਨ੍ਹਾਂ ਕਿਹਾ ਕਿ ਡੇਅਰੀਆ ਕਾਰਨ ਸੀਵਰੇਜ ਪ੍ਰਣਾਲੀ 'ਤੇ ਪੈ ਰਹੇ ਬੋਝ ਨੂੰ ਘਟਾਉਣ ਲਈ ਇਹ ਕਦਮ ਬਹੁਤ ਜ਼ਰੂਰੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਕਿਸੇ ਨੂੰ ਤਕਲੀਫ਼ ਪਹੁੰਚਾਉਣਾ ਨਹੀਂ, ਸਗੋਂ ਸ਼ਹਿਰ ਦੇ ਸਮੂਹਿਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਸੁਚੱਜੀ ਯੋਜਨਾ ਅਨੁਸਾਰ ਕੰਮ ਕਰਨਾ ਹੈ।

ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਡੇਅਰੀ ਪ੍ਰੋਜੈਕਟ ਸਾਈਟ 'ਤੇ ਪਾਣੀ, ਬਿਜਲੀ, ਸੜਕਾਂ, ਡਰੇਨੇਜ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਜੇਕਰ ਡੈਰੀ ਮਾਲਕਾਂ ਵੱਲੋਂ ਕਿਸੇ ਵੀ ਕਿਸਮ ਦੀ ਕਮੀ ਜਾਂ ਘਾਟ ਵੱਲ ਧਿਆਨ ਦਿਵਾਇਆ ਜਾਂਦਾ ਹੈ ਤਾਂ ਉਸਨੂੰ ਤੁਰੰਤ ਦੂਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਡੇਅਰੀ ਮਾਲਕਾਂ ਦੇ ਸਹਿਯੋਗ ਨਾਲ ਇਹ ਯੋਜਨਾ ਨਿਰਧਾਰਿਤ ਸਮੇਂ ਅੰਦਰ ਸਫਲਤਾਪੂਰਕ ਪੂਰੀ ਕੀਤੀ ਜਾਵੇਗੀ।

ਡੇਅਰੀਆ ਮਾਲਕਾਂ ਨੇ ਵੀ ਨਗਰ ਨਿਗਮ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਸਾਈਟ 'ਤੇ ਸਾਰੀਆਂ ਬੁਨਿਆਦੀ ਸਹੂਲਤਾਂ ਉਪਲਬਧ ਕਰਵਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਆਪਣੀਆਂ ਡੇਅਰੀਆ ਨਵੀਂ ਸਾਈਟ 'ਤੇ ਸ਼ਿਫਟ ਕਰਨ ਲਈ ਤਿਆਰ ਹਨ। ਉਨ੍ਹਾਂ ਨੇ ਆਸ ਜਤਾਈ ਕਿ ਨਗਰ ਨਿਗਮ ਅਤੇ ਡੈਰੀ ਮਾਲਕਾਂ ਦੇ ਆਪਸੀ ਸਹਿਯੋਗ ਨਾਲ ਇਹ ਪ੍ਰਕਿਰਿਆ ਬਿਨਾਂ ਕਿਸੇ ਰੁਕਾਵਟ ਦੇ ਪੂਰੀ ਹੋ ਜਾਵੇਗੀ। ਅੰਤ 'ਤੇ ਮੇਅਰ ਅਤੇ ਕਮਿਸ਼ਨਰ ਨੇ ਦੁਹਰਾਇਆ ਕਿ ਨਗਰ ਨਿਗਮ ਪਟਿਆਲਾ ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਸਿਹਤਮੰਦ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ। ਡੇਅਰੀਆ ਦੀ ਵਿਵਸਥਿਤ ਸ਼ਿਫਟਿੰਗ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਪਟਿਆਲਾ ਵਾਸੀਆਂ ਨੂੰ ਵੱਡਾ ਲਾਭ ਮਿਲੇਗਾ।

# ਪ੍ਰਦੂਸ਼ਣ ਕੰਟਰੋਲ ਬੋਰਡ ਦਾ ਇੰਜੀਨੀਅਰ 1.25 ਲੱਖ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ

ਚੰਡੀਗੜ੍ਹ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਇੱਕ ਵੱਡੀ ਕਾਰਵਾਈ ਵਿੱਚ, ਹਰਿਆਣਾ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਰੋਹਤਕ ਨੇ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ, ਸੈਕਟਰ 36, ਰੋਹਤਕ ਦੇ ਮਨਜੀਤ, 155-1 (ਉਮਰ 41) ਨੂੰ ?1,25,000 ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਦੋਸ਼ੀ ਸ੍ਰੀ ਚਤਰ ਸਿੰਘ ਦਾ ਪੁੱਤਰ ਹੈ, ਜੋ ਕਿ ਪਿੰਡ ਖਾਖਾਨਾ, ਜ਼ਿਲ੍ਹਾ ਝੱਜਰ ਦਾ ਰਹਿਣ ਵਾਲਾ ਹੈ। ਉਸਨੂੰ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ, ਸਨਸਿਟੀ, ਸੈਕਟਰ 36, ਰੋਹਤਕ ਵਿਖੇ ਇੱਕ ਜਾਲ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ।

ਇਸ ਸਬੰਧ ਵਿੱਚ, ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਰੋਹਤਕ ਨੇ ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 ਦੀ ਧਾਰਾ 7 ਦੇ ਤਹਿਤ ਐਫਆਈਆਰ ਨੰਬਰ 04 ਮਿਤੀ 18.02.2026 ਨੂੰ ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ, ਰੋਹਤਕ ਪੁਲਿਸ ਸਟੇਸ਼ਨ ਵਿਖੇ ਕੇਸ ਦਰਜ ਕੀਤਾ ਹੈ।

ਸ਼ਿਕਾਇਤਕਰਤਾ, ਜੋ ਕਿ ਦਿੱਲੀ ਦਾ ਰਹਿਣ ਵਾਲਾ ਹੈ, ਨੇ ਆਪਣੇ ਆਪ ਨੂੰ ਵਕੀਲ ਹੋਣ ਦਾ ਦਾਅਵਾ ਕੀਤਾ ਅਤੇ ਸਤੀਸ਼ ਅਗਰਵਾਲ ਦੁਆਰਾ ਚੂਲੀਆਣਾ, ਜ਼ਿਲ੍ਹਾ ਰੋਹਤਕ ਵਿੱਚ ਸਥਾਪਿਤ ਇੱਕ ਕੰਪਨੀ ਲਈ ਕਾਰੋਬਾਰ ਕਰਨ ਲਈ ਅਧਿਕਾਰਤ ਕੀਤਾ।

ਕੰਪਨੀ ਨੂੰ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ, ਰੋਹਤਕ ਦੇ ਖੇਤਰੀ ਦਫ਼ਤਰ ਤੋਂ ਸਾਲ 2026-27 ਲਈ ਸੰਚਾਲਨ ਲਈ ਸਹਿਮਤੀ ਸਰਟੀਫਿਕੇਟ ਪ੍ਰਾਪਤ ਕਰਨਾ ਸੀ। ਇਸ ਦੇ ਬਦਲੇ, ਦੋਸ਼ੀ, ਮਨਜੀਤ ਏਈਈ-1, ਨੇ ?150,000 ਦੀ ਰਿਸ਼ਵਤ ਦੀ ਮੰਗ ਕੀਤੀ, ਜਿਸਦਾ ਬਾਅਦ ਵਿੱਚ ?125,000 ਵਿੱਚ ਨਿਪਟਾਰਾ ਕਰ ਦਿੱਤਾ ਗਿਆ।

ਸ਼ਿਕਾਇਤ ਦੀ ਪੜਤਾਲ ਤੋਂ ਬਾਅਦ, ਸੀਡੀਸੀ/ਇੰਸਪੈਕਟਰ ਜਗਜੀਤ ਸਿੰਘ, ਨੰਬਰ 1241/ ਸੋਨੀਪਤ, ਸਟੇਟ ਵਿਜੀਲੈਂਸ ਐਂਡ ਐਂਟੀ ਕਰਪਸ਼ਨ ਬਿਊਰੋ, ਸਬ-ਸੈਂਟਰ ਸੋਨੀਪਤ ਦੀ ਅਗਵਾਈ ਹੇਠ ਇੱਕ ਛਾਪਾਮਾਰ ਟੀਮ ਬਣਾਈ ਗਈ। ਟੀਮ ਨੇ ਇੱਕ ਯੋਜਨਾਬੱਧ ਕਾਰਵਾਈ ਕੀਤੀ ਅਤੇ ਦੋਸ਼ੀ ਨੂੰ ?125,000 ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ।

ਡਾ. ਏ. ਐਸ. ਚਾਵਲਾ, ਡਾਇਰੈਕਟਰ, ਸਟੇਟ ਵਿਜੀਲੈਂਸ ਐਂਡ ਐਂਟੀ ਕਰਪਸ਼ਨ ਬਿਊਰੋ, ਹਰਿਆਣਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਬਿਊਰੋ ਦੀ ਜ਼ੀਰੋ-ਟੌਲਰੈਂਸ ਨੀਤੀ ਜਾਰੀ ਰਹੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਭ੍ਰਿਸ਼ਟ ਵਿਅਕਤੀ ਨੂੰ, ਭਾਵੇਂ ਉਹ ਕੋਈ ਵੀ ਹੋਵੇ, ਬਖਸ਼ਿਆ ਨਹੀਂ ਜਾਵੇਗਾ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਤੋਂ ਰਿਸ਼ਵਤ ਮੰਗਣ ਦੀ ਤੁਰੰਤ ਹਰਿਆਣਾ ਐਂਟੀ ਕਰਪਸ਼ਨ ਬਿਊਰੋ ਨੂੰ ਟੋਲ-ਫ੍ਰੀ ਨੰਬਰ 1800-180-2022 ਜਾਂ 1064 'ਤੇ ਰਿਪੋਰਟ ਕਰਨ।

# ਹਰਜੀਤ ਤੇ ਜਤਿੰਦਰ ਕੰਬੋਜ ਵਲੋਂ ਰੀਗਨ ਆਹਲੂਵਾਲੀਆ ਦਾ ਸਨਮਾਨ

## ਰੀਗਨ ਆਹਲੂਵਾਲੀਆ ਵਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ : ਕੰਬੋਜ



ਪਟਿਆਲਾ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਸੂਲਰ ਦੇ ਮਿਹਨਤੀ ਨੌਜਵਾਨ ਤੇ ਉਘੇ ਸਮਾਜ ਸੇਵੀ ਰੀਗਨ ਆਹਲੂਵਾਲੀਆ ਦਾ ਜਤਿੰਦਰ ਕੰਬੋਜ ਅਤੇ ਹਰਜੀਤ ਕੰਬੋਜ ਵਲੋਂ ਪਿੰਡ ਦੇ ਹੀ ਨੌਜਵਾਨਾਂ ਦੇ ਨਾਲ ਸਨਮਾਨ ਕੀਤਾ ਗਿਆ। ਰੀਗਨ ਆਹਲੂਵਾਲੀਆ ਨੂੰ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਭੇਟ ਕਰਦਿਆਂ ਜਤਿੰਦਰ ਕੰਬੋਜ ਅਤੇ ਹਰਜੀਤ ਕੰਬੋਜ ਨੇ ਕਿਹਾ ਕਿ ਰੀਗਨ ਆਹਲੂਵਾਲੀਆ ਵਲੋਂ ਪਿੰਡ ਵਿਚ ਬਹੁਤ ਹੀ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਉਹ ਪਿੰਡ ਦੇ ਵਿਕਾਸ ਲਈ ਬੇਹਦ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਪਿੰਡ ਵਿਚ ਕੋਈ ਵੀ ਧਾਰਮਿਕ ਦਿਹਾੜਾ ਹੋਵੇ ਜਾਂ ਹੋਰ ਕੋਈ ਕਾਰਜ ਉਹ ਹਮੇਸ਼ਾਂ ਵੱਧ-ਚੜ੍ਹ ਕੇ ਯੋਗਦਾਨ ਪਾਉਂਦੇ ਹਨ ਅਤੇ ਨਾਲ ਹੀ ਸ਼ਰਧਾ ਸਹਿਤ ਸੇਵਾ ਕਰਦੇ ਹਨ।

ਉਨ੍ਹਾਂ ਵਲੋਂ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ। ਜਤਿੰਦਰ ਕੰਬੋਜ ਨੇ ਕਿਹਾ ਕਿ ਰੀਗਨ ਆਹਲੂਵਾਲੀਆ ਵਰਗੇ ਮਿਹਨਤੀ ਨੌਜਵਾਨ ਦਾ ਉਤਸ਼ਾਹ ਵਧਾਉਣ ਲਈ ਬਣਦਾ ਸਨਮਾਨ ਜ਼ਰੂਰੀ ਹੈ। ਹਰਜੀਤ ਕੰਬੋਜ ਨੇ ਕਿਹਾ ਕਿ ਰੀਗਨ ਆਹਲੂਵਾਲੀਆ ਪਿੰਡ ਦੇ ਵਿਕਾਸ ਲਈ ਤਾਂ ਉਦਮ ਕਰ ਹੀ ਰਹੇ ਹਨ, ਸਗੋਂ ਉਹ ਗਰੀਬਾਂ ਤੇ ਲੋੜਵੰਦਾਂ ਦੀ ਵੀ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਨ ਅਤੇ ਸਮਾਜ ਸੇਵੀ ਕੰਮਾਂ ਵਿਚ ਯੋਗਦਾਨ ਪਾਉਣ ਲਈ ਹਮੇਸ਼ਾਂ ਤੱਤਪਰ ਰਹਿੰਦੇ ਹਨ। ਉਨ੍ਹਾਂ ਵਲੋਂ ਪਿੰਡ ਦੇ ਨੌਜਵਾਨਾਂ ਤੇ ਪਿੰਡ ਵਾਸੀਆਂ ਵਿਚ ਇਕਜੁੱਟਤਾ ਕਰਨ ਦਾ ਵੱਡਾ ਤੇ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ। ਅਜਿਹੇ ਨੌਜਵਾਨ 'ਤੇ ਪੂਰੇ ਪਿੰਡ ਨੂੰ ਮਾਣ ਹੋਣਾ ਚਾਹੀਦਾ ਹੈ। ਇਸ ਮੌਕੇ ਨਿਸ਼ਾਨ ਸਿੰਘ ਬੈਦਵਾਲ, ਹਰਜੀਤ ਕੰਬੋਜ, ਜਤਿੰਦਰ ਕੰਬੋਜ, ਬਿੱਲਾ ਪ੍ਰਧਾਨ, ਵਿਜੈ ਕੁਮਾਰ, ਬਹਾਦਰ ਸਿੰਘ, ਅਰਪਨ, ਮਾਨਸੀ, ਕਰਨ ਕੰਬੋਜ, ਗੁਰਪ੍ਰਤਾਪ ਕੰਬੋਜ ਅਤੇ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਗੁਰਚਰਨ ਸਿੰਘ ਨੇ ਕੈਬਨਿਟ ਮੰਤਰੀਆਂ ਦੀ ਹਾਜ਼ਰੀ ਵਿੱਚ ਪੈਸਕੋ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



ਚੰਡੀਗੜ੍ਹ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀਆਂ ਮੋਹਿੰਦਰ ਭਗਤ, ਲਾਲਜੀਤ ਸਿੰਘ ਭੁੱਲਰ, ਹਰਦੀਪ ਸਿੰਘ ਮੁੰਡੀਆਂ, ਤਰੁਨਪ੍ਰੀਤ ਸਿੰਘ ਸੌਂਦ ਅਤੇ ਡਾ. ਬਲਬੀਰ ਸਿੰਘ ਦੀ ਹਾਜ਼ਰੀ ਵਿੱਚ, ਮੇਜਰ (ਡਾ.) ਗੁਰਚਰਨ ਸਿੰਘ, ਸੇਵਾਮੁਕਤ ਨੇ ਅੱਜ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ।

ਇਸ ਮੌਕੇ ਕੈਬਨਿਟ ਮੰਤਰੀਆਂ ਨੇ ਮੇਜਰ (ਡਾ.) ਗੁਰਚਰਨ ਸਿੰਘ ਨੂੰ ਵਧਾਈ ਦਿੱਤੀ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਉਨ੍ਹਾਂ ਦਾ ਪ੍ਰਸ਼ਾਸਕੀ ਤਜਰਬਾ, ਅਨੁਸ਼ਾਸਿਤ ਪਿਛੋਕੜ ਅਤੇ ਸਾਬਕਾ ਫੌਜੀਆਂ ਦੀ ਭਲਾਈ ਪ੍ਰਤੀ ਵਚਨਬੱਧਤਾ ਨਾਲ ਕਾਰਪੋਰੇਸ਼ਨ ਦੇ ਕੰਮਕਾਜ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਸਾਬਕਾ ਫੌਜੀਆਂ ਦੇ ਰਾਸ਼ਟਰ ਪ੍ਰਤੀ ਵਡਮੁੱਲੇ ਯੋਗਦਾਨ ਨੂੰ ਸਤਿਕਾਰ ਦਿੰਦਿਆਂ ਪੰਜਾਬ ਸਰਕਾਰ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਮੁੜ ਵਸੇਬੇ ਲਈ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਉਨ੍ਹਾਂ ਵਿੱਚ ਭਰੋਸਾ ਦਿਖਾਉਣ ਲਈ ਧੰਨਵਾਦ ਕਰਦਿਆਂ ਮੇਜਰ (ਡਾ.) ਗੁਰਚਰਨ ਸਿੰਘ ਨੇ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੇ ਸਮਰਪਣ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਨੇ ਸੂਬੇ ਭਰ ਵਿੱਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਭਲਾਈ ਉਪਾਵਾਂ, ਰੁਜ਼ਗਾਰ ਮੌਕੇ ਅਤੇ ਸਹਾਇਤਾ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਭਾਰਤੀ ਫੌਜ ਵਿੱਚ 21 ਸਾਲ ਦੀ ਸੇਵਾ ਨਿਭਾਉਣ ਵਾਲੇ ਮੇਜਰ (ਡਾ.) ਗੁਰਚਰਨ ਸਿੰਘ, ਸੇਵਾਮੁਕਤ, ਇੱਕ ਤਜਰਬੇਕਾਰ ਸੈਨਿਕ ਹਨ, ਜੋ ਅੱਤਵਾਦ ਵਿਰੋਧੀ ਕਾਰਵਾਈਆਂ ਅਤੇ ਜੰਗਲ ਯੁੱਧ ਵਿੱਚ ਮਾਹਰ ਹਨ। ਉਨ੍ਹਾਂ ਨੇ ਕੰਪਨੀ ਕਮਾਂਡਰ ਅਤੇ ਸੈਕਿੰਡ-ਇਨ-ਕਮਾਂਡ ਸਮੇਤ ਮੁੱਖ ਲੀਡਰਸ਼ਿਪ ਭੂਮਿਕਾਵਾਂ ਨਿਭਾਈਆਂ ਹਨ ਅਤੇ ਉਨ੍ਹਾਂ ਨੂੰ ਵਿਆਪਕ ਪ੍ਰਸ਼ਾਸਕੀ ਅਤੇ ਕੰਮਕਾਜੀ ਅਨੁਭਵ ਹਾਸਲ ਹੈ। ਸੇਵਾਮੁਕਤੀ ਤੋਂ ਬਾਅਦ, ਉਹ ਸਮਾਜ ਭਲਾਈ ਅਤੇ ਸਾਬਕਾ ਸੈਨਿਕਾਂ ਦੀ ਸਹਾਇਤਾ ਦੇ ਉਦੇਸ਼ ਨਾਲ ਕੀਤੀਆਂ ਗਈਆਂ ਪਹਿਲਕਦਮੀਆਂ ਵਿੱਚ ਸਰਗਰਮੀ ਨਾਲ ਜੁੜੇ ਰਹੇ ਹਨ।

ਇਸ ਮੌਕੇ ਮੌਜੂਦ ਪਤਵੰਤਿਆਂ ਵਿੱਚ ਡੇਰਾਬੱਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਮਾਨਸਾ ਤੋਂ ਵਿਧਾਇਕ ਵਿਜੇ ਐਨ. ਸਿੰਗਲਾ, ਵਾਟਰ ਵਰਕਸ ਦੇ ਚੇਅਰਮੈਨ ਅਤੇ 'ਆਪ' ਦੇ ਸਕੱਤਰ ਐਸ.ਐਸ. ਆਹਲੂਵਾਲੀਆ, ਚੇਅਰਮੈਨ (ਪੰਜਾਬ ਐਗਰੋ) ਸ਼ਵਿੰਦਰ ਸਿੰਘ ਖਿੰਡਾ, ਸਨੌਰ ਦੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ, ਚੇਅਰਮੈਨ(ਯੋਜਨਾ ਬੋਰਡ) ਪ੍ਰਭਜੋਤ ਕੌਰ, ਚੇਅਰਮੈਨ( ਮਾਰਕੀਟ ਕਮੇਟੀ) ਮੋਹਾਲੀ, ਗੁਰਿੰਦਰ ਸਿੰਘ ਮਿੱਤਲ, ਕੌਂਸਲਰ( ਚੰਡੀਗੜ੍ਹ) ਦਮਨਪ੍ਰੀਤ ਸਿੰਘ ਬਾਦਲ, ਕੌਂਸਲਰ( ਚੰਡੀਗੜ੍ਹ) ਪ੍ਰੇਮ ਲਤਾ, ਕੌਂਸਲਰ, (ਚੰਡੀਗੜ੍ਹ) ਆਦਿ ਮੌਜੂਦ ਸਨ।

# ਪੀ. ਡਬਲਿਯੂ. ਡੀ./ਬੀ. ਐਂਡ ਆਰ. ਵੱਲੋਂ ਪੁਵਾਈ ਪੀ. ਸੀ. 3 ਮਹੀਨਿਆਂ 'ਚ ਹੀ ਸੜਕਾਂ ਤੋਂ ਖਿੱਲਰੀ

## ਲੋਕਾਂ ਨੇ ਕਾਲੇ ਰੰਗ ਦੀ 'ਖਿੱਲਰੀ ਬੱਜਰੀ' ਸਾਈਡ 'ਤੇ ਕੀਤੀ ਇਕੱਠੀ



ਪਟਿਆਲਾ, 21 ਫਰਵਰੀ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਪੀ. ਡਬਲਿਯੂ. ਡੀ./ ਬੀ. ਐਂਡ ਆਰ. ਵਿਭਾਗ ਵੱਲੋਂ ਪੁਰਾਣੀਆਂ ਸੜਕਾਂ 'ਤੇ ਪੀ.ਸੀ. ਪਾਉਣ ਦਾ ਕੰਮ ਟੈਂਡਰ ਪ੍ਰੀਕ੍ਰਿਆ ਰਾਹੀਂ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੀ. ਸੀ. ਦੀ ਗੁਣਵੱਤਾ ਚੈੱਕ ਕਰਨ ਲਈ ਆਮ ਆਦਮੀ ਪਾਰਟੀ ਦੀਆਂ ਬਣਾਈਆਂ ਚੈਕਿੰਗ ਟੀਮਾਂ ਕਿਤੇ ਦਿਖਾਈ ਨਹੀਂ ਦੇ ਰਹੀਆਂ ਅਤੇ ਦੂਜੇ ਪਾਸੇ ਸੜਕਾਂ 'ਤੇ ਪੈ ਰਹੀ ਪੀ. ਸੀ. ਦੀਆਂ ਪਰਤਾਂ ਕੁਝ ਸਮੇਂ ਬਾਅਦ ਹੀ ਖਿੱਲਰਦੀਆਂ ਦਿਖਾਈ ਦੇ ਰਹੀਆਂ ਹਨ। ਦੱਸਣਯੋਗ ਹੈ ਕਿ ਪੁਰਾਣੀਆਂ ਸੜਕਾਂ ਨੂੰ ਨਵੀਂ ਦਿੱਖ ਦੇਣ ਲਈ ਪਹਿਲਾਂ ਟੈਕ ਕੋਟ (ਪਤਲੀ ਲੁੱਕ ਦਾ ਛਿੜਕਾਓ) ਫਿਰ ਇਸ ਦੇ ਪ੍ਰੀ ਕਾਸਟ ਕੰਕਰੀਟ (ਪੀ. ਸੀ. ਸੀ.) ਫਿਰ ਇਸ 'ਤੇ ਸੀਲ੍ਹ ਕੋਟ ਪੇਵਰ ਨਾਲ ਲਗਾਇਆ ਜਾਂਦਾ ਹੈ ਤਾਂ ਜੋ ਸੜਕ ਸਰਕਾਰੀ ਮਾਪਦੰਡਾਂ 'ਤੇ ਖਰੀ ਉਤਰ ਸਕੇ ਅਤੇ ਆਮ ਲੋਕਾਂ ਦੀ ਵਰਤੋਂ ਲਈ ਤਿਆਰ ਹੁੰਦੀ ਹੈ। ਪਰ ਪੀ. ਸੀ. ਸੀ. ਪਾਉਣ ਲਈ ਤੈਅ ਮਾਤਰਾ ਵਿਚ ਲੁੱਕ ਅਤੇ ਬਜਰੀ ਦਾ ਸਹੀ ਮਿਕਸਚਰ ਨਾ ਹੋਣ ਕਾਰਨ ਸੜਕਾਂ ਜਲਦੀ ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਪਟਿਆਲਾ ਮਾਡਲ ਟਾਊਨ ਸਥਿਤ ਪੀ. ਐਸ. ਪੀ. ਸੀ. ਐਲ. ਦੀ ਪਾਵਰ ਕਲੋਨੀ ਅੰਦਰਲੀਆਂ ਪੁਰਾਣੀਆਂ ਸੜਕਾਂ ਨੂੰ ਨਵੀਂ ਦਿੱਖ ਦੇਣ ਲਈ ਪੀ. ਡਬਲਿਯੂ. ਡੀ./ਬੀ. ਐਂਡ ਆਰ. ਵੱਲੋਂ ਠੇਕੇਦਾਰ ਸੰਜੀਵ ਕੁਮਾਰ ਸਮਾਣਾ ਨੂੰ ਠੇਕਾ ਅਲਾਟ ਕੀਤਾ ਗਿਆ ਸੀ ਪਰ ਤਿੰਨ ਮਹੀਨੇ ਬੀਤਣ ਤੇ ਹੀ ਪਾਵਰ ਕਲੋਨੀ ਦੀਆਂ ਸੜਕਾਂ 'ਤੇ ਪਾਈ ਪੀ. ਸੀ. ਸੀ. ਖਿੱਲਰੀ ਪਈ ਹੈ। ਜਿਸ ਨੂੰ ਸਾਫ ਸਫਾਈ ਵਾਲਿਆਂ ਅਤੇ ਕਲੋਨੀ ਦੇ ਵਸਨੀਕਾਂ ਨੇ ਇਕੱਠੀ ਕਰਕੇ ਸੜਕਾਂ ਦੇ ਕਿਨਾਰੇ ਢੇਰੀਆਂ ਲਗਾ ਦਿੱਤੀਆਂ ਹਨ। ਜਿਸ ਕਾਰਨ ਸੜਕਾਂ 'ਤੇ ਮੁੜ ਤੋਂ ਖੱਡੇ ਚਮਕਣੇ ਸ਼ੁਰੂ ਹੋ ਗਏ ਹਨ, ਜਦੋਂਕਿ ਹਾਲੇ ਕੋਈ ਵੀ ਵੱਡੀ ਬਾਰਿਸ਼ ਲਗਾਤਾਰ ਨਹੀਂ ਹੋਈ ਕਿ ਜਿਸ ਕਰਕੇ ਪਾਣੀ ਖੜ੍ਹਨ ਨਾਲ ਸੜਕਾਂ ਟੁੱਟ ਜਾਣ। ਇਸ ਕੰਮ ਵਿਚ ਠੇਕੇਦਾਰ ਅਤੇ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਅਤੇ ਘਟੀਆ ਮਟੀਰੀਅਲ ਪਾਉਣ ਕਾਰਨ ਹੀ ਸੜਕਾਂ ਦਾ ਟੁੱਟਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਿਹਾ ਹੈ।

**ਟੁੱਟੀਆਂ ਸੜਕਾਂ ਦੀ ਹਾਲਤ ਸੰਬੰਧੀ ਉਚ ਅਧਿਕਾਰੀਆਂ ਨੂੰ ਲਿਖਿਆ: ਜੇ. ਈ.**

ਪੀ. ਡਬਲਿਯੂ. ਡੀ./ਬੀ. ਐਂਡ ਆਰ. ਵਿਭਾਗ ਦੇ ਜੇ. ਈ. ਵੀਰ ਭਾਨ ਨਾਲ ਕਰੀਬ ਤਿੰਨ ਮਹੀਨੇ ਪਹਿਲਾਂ ਹੀ ਪਾਵਰ ਕਲੋਨੀ ਵਿਚ ਪਈ ਪੀ. ਸੀ. ਸੀ. ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਹੈ। ਇਸ ਸੰਬੰਧੀ ਥਾਪਰ ਯੂਨੀਵਰਸਿਟੀ ਦੀ ਲੈਬਾਰਟਰੀ ਨੂੰ ਮਿਕਸਚਰ ਦੀ ਗੁਣਵੱਤਾ ਚੈੱਕ ਕਰਨ ਲਈ ਸੈਂਪਲ ਭੇਜਿਆ ਗਿਆ ਹੈ। ਜਿਸ ਦੀ ਰਿਪੋਰਟ ਆਉਣ 'ਤੇ ਹੀ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸੰਬੰਧੀ ਉਚ ਅਧਿਕਾਰੀਆਂ ਨੂੰ ਲਿਖਿਆ ਜਾ ਚੁੱਕਾ ਹੈ।

# ਵਿਜੀਲੈਂਸ ਬਿਊਰੋ ਨੇ ਨਾਇਬ ਕੋਰਟ ਨੂੰ 8000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ



ਚੰਡੀਗੜ੍ਹ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਉਪ ਮੰਡਲ ਮੈਜਿਸਟਰੇਟ ਕਪੂਰਥਲਾ ਦੀ ਅਦਾਲਤ ਵਿੱਚ ਤਾਇਨਾਤ ਨਾਇਬ ਕੋਰਟ ਰਜਿੰਦਰ ਸਿੰਘ ਨੂੰ 8000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ, ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਨੂੰ ਨਕੋਦਰ, ਜ਼ਿਲ੍ਹਾ ਜਲੰਧਰ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ @ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ, ਜੋ ਕਿ ਪੇਸ਼ੇ ਤੋਂ ਇੱਕ ਮਜ਼ਦੂਰ ਹੈ, ਨੇ ਦੱਸਿਆ ਕਿ ਉਸ ਨੂੰ ਅਤੇ ਉਸਦੇ ਦੋਸਤ ਜੋਬਨ ਨੂੰ ਪੁਲਿਸ ਨੇ ਬੀਐਨਐਸਐਸ ਦੀ ਧਾਰਾ 128 (ਪਹਿਲਾਂ ਸੀਆਰਪੀਸੀ ਦੀ ਧਾਰਾ 109 ਸੀ) ਤਹਿਤ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ ਅਤੇ ਐਸਡੀਐਮ ਕਪੂਰਥਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਸੀ। ਇਸ ਉਪਰੰਤ, ਸ਼ਿਕਾਇਤਕਰਤਾ ਨੂੰ ਜ਼ਮਾਨਤ @ਤੇ ਰਿਹਾਅ ਕਰ ਦਿੱਤਾ ਗਿਆ ਅਤੇ ਅਗਲੀ ਸੁਣਵਾਈ ਦੀ ਮਿਤੀ 18.02.2026 ਨਿਰਧਾਰਤ ਕੀਤੀ ਗਈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਨਾਇਬ ਕੋਰਟ ਰਜਿੰਦਰ ਸਿੰਘ ਉਸ ਨੂੰ ਵਾਰ-ਵਾਰ ਪਰੇਸ਼ਾਨ ਕਰਦਾ ਸੀ ਅਤੇ ਉਸ ਨੇ ਕੇਸ ਖਾਰਜ ਕਰਨ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਦੀ ਬੇਨਤੀ ਅਤੇ ਮੰਗੀ ਗਈ ਰਕਮ ਦਾ ਭੁਗਤਾਨ ਕਰਨ ਵਿੱਚ ਅਸਮਰੱਥਾ ਜ਼ਾਹਰ ਕਰਨ @ਤੇ, ਦੋਸ਼ੀ 8,000 ਰੁਪਏ ਰਿਸ਼ਵਤ ਲੈਣਾ ਮੰਨ ਗਿਆ। ਰਿਸ਼ਵਤ ਮੰਗਣ ਸਬੰਧੀ ਸਾਰੀ ਗੱਲਬਾਤ ਸ਼ਿਕਾਇਤਕਰਤਾ ਦੁਆਰਾ ਰਿਕਾਰਡ ਕਰ ਲਈ ਗਈ ਸੀ।

ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਯੂਨਿਟ, ਜਲੰਧਰ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਨਾਇਬ ਕੋਰਟ ਰਾਜਿੰਦਰ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 8000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ, ਉਕਤ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਕੇਂਦਰ ਸਰਕਾਰ ਅਪੋਲੋ ਹਸਪਤਾਲ ਦੇ ਡਾਕਟਰਾਂ ਵੱਲੋਂ ਦਿੱਤੀ ਸਲਾਹ ਵੱਲ ਧਿਆਨ ਦੇਵੇ: ਕੁਲਤਾਰ ਸਿੰਘ ਸੰਧਵਾਂ

ਚੰਡੀਗੜ੍ਹ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਅਪੋਲੋ ਹਸਪਤਾਲ ਦੇ ਮਾਹਰ ਡਾਕਟਰਾਂ ਵੱਲੋਂ ਦਿੱਤੀ ਗਈ ਸਲਾਹ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਭਾਰਤ ਦੇ ਕਿਸਾਨਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਮਰੀਕਾ ਨਾਲ ਕੀਤੇ ਵਪਾਰਕ ਸਮਝੌਤੇ ਨਾਲ ਭਾਰਤੀ ਕਿਸਾਨਾਂ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਪ੍ਰਮੁੱਖ ਮੁੱਦਿਆਂ ਪ੍ਰਤੀ ਉਦਾਸੀਨਤਾ ਨਾਲ ਪੇਸ਼ ਆ ਰਹੀ ਹੈ ਜੋ ਕਿ ਬਹੁਤ ਹੀ ਮੰਦਭਾਗਾ ਅਤੇ ਨਿੰਦਣਯੋਗ ਹੈ।

ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਭਾਰਤੀ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਅਸੀਂ ਇਸ ਵਪਾਰਕ ਸਮਝੌਤੇ ਵਿਰੁੱਧ ਆਵਾਜ਼ ਬੁਲੰਦ ਕਰਾਂਗੇ ਅਤੇ ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦਾ ਵਿਰੋਧ ਕਰਾਂਗੇ।

ਸ. ਸੰਧਵਾਂ ਨੇ ਇਸ ਗੱਲ @ਤੇ ਜ਼ੋਰ ਦਿੱਤਾ ਕਿ ਅਪੋਲੋ ਹਸਪਤਾਲ ਦੇ ਡਾਕਟਰਾਂ ਦੀ ਸਲਾਹ ਅਨੁਸਾਰ ਆਯਾਤ ਕੀਤੇ ਸੇਬ ਭਾਰਤੀ ਸੇਬਾਂ ਨਾਲੋਂ ਘੱਟ ਪੌਸ਼ਟਿਕ ਹੁੰਦੇ ਹਨ ਕਿਉਂਕਿ ਇਹ ਲੰਬੇ ਸਮੇਂ ਤੱਕ ਸਟੋਰ ਕਰਨ ਅਤੇ ਆਵਾਜਾਈ ਦੌਰਾਨ 40-85 ਫ਼ੀਸਦ ਪੌਸ਼ਟਿਕ ਤੱਤ, ਖਾਸ ਕਰਕੇ ਵਿਟਾਮਿਨ ਸੀ ਗੁਆ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸੇਬ ਦੇਖਣ ਨੂੰ ਚਮਕਦਾਰ ਹੁੰਦੇ ਹਨ ਪਰ ਇਹਨਾਂ ਦੀ ਗੁਣਵੱਤਾ ਘਟੀਆ ਦਰਜੇ ਦੀ ਹੁੰਦੀ ਹੈ। ਇਸ ਦੇ ਉਲਟ ਕਸ਼ਮੀਰੀ ਜਾਂ ਹਿਮਾਚਲੀ ਸੇਬ ਘੱਟ ਲਾਗਤ @ਤੇ ਬਿਹਤਰ ਸਿਹਤ ਲਾਭ ਪ੍ਰਦਾਨ ਕਰ ਰਹੇ ਹਨ।

# ਬਾਰਾਂਦਰੀ ਬਾਗ 'ਚ ਲੋਕਾਂ ਨੇ ਮਾਣਿਆ ਫਲਾਵਰ ਅਤੇ ਫੂਡ ਫੈਸਟੀਵਲ ਦਾ ਆਨੰਦ

## 20 ਫੂਡ ਸਟਾਲਾਂ ਅਤੇ 2000 ਫੁੱਲਾਂ ਦੀ ਪ੍ਰਦਰਸ਼ਨੀ ਨਾਲ ਮਹਿਕਿਆ ਪਟਿਆਲਾ ਦਾ ਬਾਰਾਂਦਰੀ ਬਾਗ





ਪਟਿਆਲਾ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਇਤਿਹਾਸਕ ਬਾਰਾਂਦਰੀ ਬਾਗ ਵਿੱਚ ਹੋਰਟੀਕਲਚਰ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਸਹਿਯੋਗ ਨਾਲ ਸਲਾਨਾ ਫੁੱਲਾਂ ਦੀ ਪ੍ਰਦਰਸ਼ਨੀ ਅਤੇ ਫੂਡ ਫੈਸਟੀਵਲ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਤੇ ਮੁੱਖ ਬੁਲਾਰੇ (ਮੀਡੀਆ ਐਡਵਾਈਜ਼ਰ) ਸ੍ਰੀ ਬਲਤੇਜ ਪੰਨੂ ਅਤੇ ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਹ ਫੈਸਟੀਵਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਪਟਿਆਲਵੀਆਂ ਨੇ ਵੱਧ ਚੜ੍ਹ ਕੇ ਹਿੱਸਾ ਲੈਂਦਿਆਂ ਸਮਾਗਮ ਨੂੰ ਕਾਮਯਾਬ ਬਣਾਇਆ।

ਸ੍ਰੀ ਬਲਤੇਜ ਪੰਨੂ ਨੇ ਪ੍ਰਦਰਸ਼ਨੀ ਦਾ ਉਦਘਾਟਨ ਕਰਦੇ ਹੋਏ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ ਅਤੇ ਬਾਗਬਾਨੀ ਪ੍ਰੇਮੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਓਹਨਾ ਕਿਹਾ ਕਿ ਪਟਿਆਲਾ ਬਾਗਾਂ ਤੇ ਰਾਗਾਂ ਦਾ ਸ਼ਹਿਰ ਹੈ ਅਤੇ ਇਸ ਦੀ ਵਿਰਾਸਤ ਸਾਡੀ ਸਾਂਝੀ ਜਾਇਦਾਦ ਹੈ।

ਉਨ੍ਹਾਂ ਅਪੀਲ ਕੀਤੀ ਕਿ ਹਰ ਵਿਅਕਤੀ ਆਪਣੀ ਜੁੰਮੇਵਾਰੀ ਸਮਝਦਿਆਂ ਇਸ ਹੈਰੀਟੇਜ ਨੂੰ ਬਚਾਉਣ ਵਿੱਚ ਯੋਗਦਾਨ ਪਾਏ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਸਵੇਰ ਦੀ ਸੈਰ ਲਈ ਬਾਗਾਂ ਵਿੱਚ ਆਉਣ ਅਤੇ ਸਾਫ਼-ਸੁਥਰਾ ਮਾਹੌਲ ਬਣਾਈ ਰੱਖਣ ਦੀ ਅਪੀਲ ਵੀ ਕੀਤੀ।

ਡਿਪਟੀ ਕਮਿਸ਼ਨਰ ਸ੍ਰੀ ਵਰਜੀਤ ਵਾਲੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹਿਰ ਦੀ ਹਰਿਆਵਲੀ ਅਤੇ ਵਿਰਾਸਤੀ ਸਥਾਨਾਂ ਦੀ ਸੰਭਾਲ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਾਲਾਨਾ ਫੈਸਟੀਵਲ ਨਾ ਸਿਰਫ਼ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ, ਸਗੋਂ ਸਥਾਨਕ ਕਲਾਕਾਰਾਂ ਅਤੇ ਵਪਾਰੀਆਂ ਨੂੰ ਵੀ ਮੰਚ ਪ੍ਰਦਾਨ ਕਰਦੇ ਹਨ।

ਫੈਸਟੀਵਲ ਦੇ ਨੋਡਲ ਅਫ਼ਸਰ ਜਸ਼ਨਪ੍ਰੀਤ ਕੌਰ ਗਿੱਲ ਨੇ ਸਮਾਗਮ ਦੀ ਸਫਲਤਾ ਲਈ ਸਾਰੇ ਵਿਭਾਗਾਂ, ਸਹਿਯੋਗੀਆਂ ਅਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਉਤਸ਼ਾਹ ਅਤੇ ਸਹਿਯੋਗ ਨਾਲ ਹੀ ਇਸ ਤਰ੍ਹਾਂ ਦੇ ਆਯੋਜਨ ਸੰਭਵ ਹੋ ਸਕਦੇ ਹਨ। ਹੋਰਟੀਕਲਚਰ ਵਿਭਾਗ ਦੇ ਡਿਪਟੀ ਡਾਇਰੈਕਟਰ ਹਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਫਲਾਵਰ ਸ਼ੋਅ ਦੌਰਾਨ ਕੱਟ ਫਲਾਵਰ, ਫਲਾਵਰ ਪੋਟਸ ਅਤੇ ਕੈਕਟਸ ਅਤੇ ਬੋਨਸਾਈ ਆਦਿ ਦੇ ਮੁਕਾਬਲੇ ਕਰਵਾਏ ਗਏ।

# ਕੁੰਦਨ ਗੋਗੀਆ ਵੱਲੋਂ ਨਵੀਆਂ ਬਣ ਰਹੀਆਂ ਸੜਕਾਂ ਦੀ ਅਚਾਨਕ ਚੈਕਿੰਗ



ਪਟਿਆਲਾ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋਂ ਸ਼ਹਿਰ ਵਿੱਚ ਬਣ ਰਹੀਆਂ ਨਵੀਆਂ ਸੜਕਾਂ ਅਤੇ ਹੋਰ ਵਿਕਾਸ ਕਾਰਜਾਂ ਦੀ ਅਚਾਨਕ ਚੈਕਿੰਗ ਕੀਤੀ ਗਈ। ਇਸ ਦੌਰਾਨ ਬਾਰਾਦਰੀ ਨੇੜੇ ਨਰਾਇਣ ਕਾਂਟੀਨੈਂਟਲ, ਨਾਭਾ ਗੇਟ ਨੇੜੇ ਕਿਰਪਾਲ ਡੈਅਰੀ ਕੋਲ ਅਤੇ ਅਲੀਪੁਰ ਵਾਰਡ ਨੰਬਰ 15 ਵਿੱਚ ਬਣ ਰਹੀਆਂ ਸੜਕਾਂ ਦਾ ਜਾਇਜ਼ਾ ਲੈਣ ਪਹੁੰਚੇ। ਮੇਅਰ ਨੇ ਮੌਕੇ 'ਤੇ ਮੌਜੂਦ ਨਗਰ ਨਿਗਮ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਤੋਂ ਕੰਮ ਸਬੰਧੀ ਜਾਣਕਾਰੀ ਲਈ ਅਤੇ ਕਾਗਜ਼ਾਂ ਮੁਤਾਬਕ ਹੋ ਰਹੇ ਕੰਮ ਦੀ ਗੁਣਵੱਤਾ ਦੀ ਜਾਂਚ ਕੀਤੀ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਹਰ ਵਿਕਾਸ ਕਾਰਜ ਦਸਤਾਵੇਜ਼ਾਂ ਵਿੱਚ ਦਰਸਾਏ ਮਾਪਦੰਡਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ।

ਚੈਕਿੰਗ ਦੌਰਾਨ ਮੇਅਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਮਜ਼ਬੂਤ, ਟਿਕਾਊ ਅਤੇ ਉੱਚ ਮਿਆਰ ਦੀਆਂ ਸੜਕਾਂ ਦੇਣਾ ਨਗਰ ਨਿਗਮ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਮਟੀਰੀਅਲ ਦੀ ਗੁਣਵੱਤਾ, ਮੋਟਾਈ ਅਤੇ ਫਿਨਿਸ਼ਿੰਗ 'ਤੇ ਖਾਸ ਧਿਆਨ ਦਿੱਤਾ ਜਾਵੇ।

ਉਨ੍ਹਾਂ ਠੇਕੇਦਾਰਾਂ ਨੂੰ ਵੀ ਚੇਤਾਵਨੀ ਦਿੱਤੀ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜੇ ਕਿਤੇ ਵੀ ਖਾਮੀ ਮਿਲੀ ਤਾਂ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਸ਼ਹਿਰ ਦੇ ਹਰ ਇਲਾਕੇ ਵਿੱਚ ਇਕਸਾਰ ਵਿਕਾਸ ਕਰਨਾ ਮੇਰਾ ਮੁੱਖ ਮਕਸਦ ਹੈ। ਲੋਕਾਂ ਦੇ ਟੈਕਸ ਦੇ ਪੈਸੇ ਨਾਲ ਹੋ ਰਹੇ ਹਰ ਕੰਮ ਦੀ ਗੁਣਵੱਤਾ ਯਕੀਨੀ ਬਣਾਈ ਜਾਵੇਗੀ। ਮੈਂ ਖੁਦ ਮੌਕੇ 'ਤੇ ਪਹੁੰਚ ਕੇ ਜਾਂਚ ਕਰਦਾ ਰਹਾਂਗਾ ਤਾਂ ਜੋ ਕਿਸੇ ਵੀ ਕਿਸਮ ਦੀ ਗੜਬੜ ਨਾ ਰਹੇ। ਉਹਨਾਂ ਵੱਲੋਂ ਚੈਕਿੰਗ ਦੌਰਾਨ ਸਭ ਕੁਝ ਸਹੀ ਪਾਇਆ ਗਿਆ। ਮੇਅਰ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਪਹਿਲ ਕਦਮੀ ਅਤੇ ਨਿਗਰਾਨੀ ਦੇ ਨਾਲ ਸ਼ਹਿਰ ਵਿੱਚ ਹੋ ਰਹੇ ਵਿਕਾਸ ਕਾਰਜ ਹੋਰ ਪਾਸਵਰਸ਼ੀ ਅਤੇ ਭਰੋਸੇਯੋਗ ਬਣਾਏ ਜਾਣਗੇ।

# ਪਟਿਆਲਾ ਦੇ ਪੁਰਾਣੇ ਬੱਸ ਅੱਡੇ ਦੀ ਨੁਹਾਰ ਬਦਲਣ ਦੀ ਤਜਵੀਜ਼ : ਚੇਅਰਮੈਨ ਹਰਪਾਲ ਜੁਨੇਜਾ

## ਚੇਅਰਮੈਨ ਜੁਨੇਜਾ ਵੱਲੋਂ ਨੇੜਲੇ ਕਾਰੋਬਾਰੀਆਂ ਦੇ ਕਾਰੋਬਾਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਪੁਰਾਣੇ ਬੱਸ ਅੱਡੇ ਦੀ ਨੁਹਾਰ ਬਦਲਣ ਲਈ ਵਿਚਾਰਾਂ



ਪਟਿਆਲਾ, 21 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੀ.ਆਰ.ਟੀ.ਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਵਿਖੇ ਆਉਣ-ਜਾਣ ਵਾਲੀਆਂ ਸਵਾਰੀਆਂ ਨੂੰ ਹੋਰ ਵਧੀਆ ਸਹੂਲਤ ਮੁਹੱਈਆ ਕਰਵਾਉਣ ਕਰਨ ਸਮੇਤ ਇਸਦੀ ਨੁਹਾਰ ਸੁਧਾਰਨ ਲਈ ਅਤੇ ਇਸ ਦੇ ਆਲੇ-ਦੁਆਲੇ ਦੇ ਕਾਰੋਬਾਰੀਆਂ ਦੇ ਕਾਰੋਬਾਰ ਨੂੰ ਧਿਆਨ ਵਿੱਚ ਰਖਦੇ ਹੋਏ, ਇਸ ਨੂੰ ਹੋਰ ਆਧੁਨਿਕ ਤੇ ਕਮਰਸ਼ੀਅਲ ਤੌਰ 'ਤੇ ਵਿਕਸਿਤ ਕਰਨ ਲਈ ਇਕ ਮੀਟਿੰਗ ਕੀਤੀ।

ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਇੱਥੇ ਪੁਰਾਣੇ ਬੱਸ ਸਟੈਂਡ ਵਿਖੇ ਅਰਨੈਸਟ ਐਂਡ ਯੰਗ ਕੰਪਨੀ, ਨਵੀਂ ਦਿੱਲੀ ਦੇ ਡਾਇਰੈਕਟਰ ਅਰੁਣ ਤੁਲੀ ਅਤੇ ਉਨ੍ਹਾਂ ਦੀ ਟੀਮ ਨਾਲ ਕੀਤੀ ਮੀਟਿੰਗ ਦੌਰਾਨ ਪਟਿਆਲਾ ਡਿਪੂ ਦੇ ਜਨਰਲ ਮੈਨੇਜਰ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਐਸ.ਡੀ.ਓ ਇੰਜ. ਗੁਰਦਾਨਿਸ਼ਵੀਰ ਸਿੰਘ, ਜੇ.ਈ ਇੰਜ. ਪ੍ਰਿਤਪਾਲ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

ਚੇਅਰਮੈਨ ਜੁਨੇਜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਵੱਲੋਂ ਪੀ.ਆਰ.ਟੀ.ਸੀ. ਤੇ ਪਨਬਸ ਦੇ 5 ਵੱਡੇ ਬੱਸ ਅੱਡਿਆਂ ਦੀ ਨੁਹਾਰ ਸੁਧਾਰਨ ਅਤੇ ਇਨ੍ਹਾਂ ਨੂੰ ਵਪਾਰਕ ਤੌਰ 'ਤੇ ਹੋਰ ਵਿਕਸਿਤ ਕਰਨ ਲਈ ਐਨ ਆਈ ਸੀ ਐਸ ਆਈ ਰਾਹੀਂ ਇੱਕ ਸਲਾਹਕਾਰ ਦੀਆਂ ਸੇਵਾਵਾਂ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤਹਿਤ ਪਟਿਆਲਾ ਦੇ ਪੁਰਾਣੇ ਬੱਸ ਅੱਡੇ ਦੀ ਵੀ ਨੁਹਾਰ ਬਦਲੀ ਜਾਵੇਗੀ।

ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਪੀ.ਆਰ.ਟੀ.ਸੀ. ਦੇ ਪੁਰਾਣੇ ਬੱਸ ਸਟੈਂਡ ਪਟਿਆਲਾ ਦਾ ਆਧੁਨਿਕੀਕਰਨ ਤੇ ਇਸ ਨੂੰ ਵਪਾਰਕ ਤੌਰ 'ਤੇ ਵਿਕਸਿਤ ਕਰਨਾ ਹੈ, ਜਿਸ ਦਾ ਭਵਿਖ ਵਿੱਚ ਪੀ.ਆਰ.ਟੀ.ਸੀ ਨੂੰ ਹੋਰ ਵਾਧੂ ਵਿੱਤੀ ਲਾਭ ਹੋਵੇਗਾ। ਇਸ ਮੌਕੇ ਅਰਨੈਸਟ ਐਂਡ ਯੰਗ ਕੰਪਨੀ ਵੱਲੋਂ ਤਿਆਰ ਤਜਵੀਜ ਨੂੰ ਘੋਖਣ ਉਪਰੰਤ ਚੇਅਰਮੈਨ ਨੇ ਕੰਪਨੀ ਦੇ ਅਧਿਕਾਰੀਆਂ ਨੂੰ ਸੁਝਾਅ ਵੀ ਦਿਤੇ।

ਇਸ ਦੌਰਾਨ ਚੇਅਰਮੈਨ ਹਰਪਾਲ ਜੁਨੇਜਾ ਨੇ ਪੁਰਾਣੇ ਬੱਸ ਸਟੈਂਡ ਵਿਖੇ ਸਵਾਰੀਆਂ ਨਾਲ ਵੀ ਗੱਲ ਬਾਤ ਕਰਕੇ ਉਨ੍ਹਾਂ ਨੂੰ ਬੱਸ ਸਟੈਂਡ ਉਪਰ ਹੋਰ ਵਧੀਆ ਬੱਸ ਸਰਵਿਸ ਅਤੇ ਸਹੂਲਤਾਂ ਮੁਹੱਈਆ ਕਰਨ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਨੇ ਸਵਾਰੀਆਂ ਦੀ ਮੰਗ ਅਨੁਸਾਰ ਪੁਰਾਣੇ ਬੱਸ ਸਟੈਂਡ ਤੋਂ ਹੋਰ ਵੱਖ-ਵੱਖ ਰੂਟਾਂ ਲਈ ਲੋਕਲ ਬੱਸ ਸਰਵਿਸ ਲਈ ਵਾਧੂ ਬੱਸਾਂ ਚਲਾਉਣ ਦਾ ਭਰੋਸਾ ਦਿੱਤਾ।

# ਕਹਾਣੀ

## ਕੁਰਸੀ ਦਾ ਸੱਚ

ਜਸਵੰਤ ਸਿੰਘ ਵਿਰਦੀ

ਦਿਨ ਚੜ੍ਹਦਾ ਤੇ ਡੁੱਬ ਜਾਂਦਾ,ਡੁੱਬ ਜਾਂਦਾ ਤੇ ਦਿਨ ਫੇਰ ਚੜ੍ਹਦਾ। ਕਈ ਦਿਨਾਂ ਤੱਕ ਮਾਂ ਪੁੱਤਰ 'ਚ ਤਕਰਾਰ ਹੁੰਦੀ ਰਹੀ ਸੀ ਦੋਵੇਂ ਇਕ ਦੂਜੇ ਨੂੰ ਸਮਝਦੇ ਵੀ ਸਨ ਪਰ ਫੇਰ ਵੀ ਤਲਖ ਹੋ ਰਹੇ ਸਨ... ਜਿਵੇਂ ਹਕੀਕਤ ਤੋਂ ਬਾਅਦ ਬੇਮੁੱਖ ਹੋ ਰਹੇ ਹੋਣ।

ਪੁੱਤਰ ਦੀ ਬਿਲਕੁਲ ਸਹਿਮਤੀ ਨਹੀਂ ਸੀ, ਪਰ ਮਾਂ ਦੇ ਵਾਰ-ਵਾਰ ਕਹਿਣ 'ਤੇ ਉਹ ਨੌਕਰੀ ਲੈਣ ਲਈ ਤਿਆਰ ਹੋ ਗਿਆ। ਅਸਲ ਮਸਲਾ ਓਹਦੇ ਲਈ ਇਹ ਨਹੀਂ ਸੀ ਕਿ ਉਹਨੂੰ ਨੌਕਰੀ ਮਿਲ ਨਹੀਂ ਸੀ ਸਕਦੀ। ਸਗੋਂ ਗੱਲ ਇਹ ਸੀ ਕਿ ਪੁੱਤਰ ਦੀ ਮਾਂ ਨਾਲ ਮਨਿਸਟਰ ਦੀ ਗੂੜ੍ਹੀ ਆਸ਼ਕਾਈ ਹੈ, ਤੇ ਲੋਕ ਇਸ ਗੱਲ ਨੂੰ ਲੈ ਕੇ ਗੱਲਾ ਕਰ ਸਕਦੇ ਸਨ। ਲੋਕਾਂ ਦੀ ਜੀਭ ਨੂੰ ਕਿਵੇਂ ਕੋਈ ਨੱਥ ਪਾ ਸਕਦਾ ਸੀ। ਆਸ਼ਕਾਈ ਵਾਲੀ ਗੱਲ ਨਾਲ ਲੋਕਾਂ ਦਾ ਸੰਬੰਧ ਨਹੀਂ ਸੀ ਪਰ ਨੌਕਰੀ ਵੇਲੇ ਬੜੇ ਲੋਕ ਹੋਣੇ ਸਨ। ਪੁੱਤਰ ਦੀ ਗੱਲ ਸੁਣ ਕੇ ਮਾਂ ਨੇ ਉਹਨੂੰ ਕਿਹਾ ਸੀ-ਲੋਕਾਂ ਦੀ ਜ਼ੁਬਾਨ ਚਹੁੰ ਦਿਨਾਂ ਤੋਂ ਵੱਧ ਨਹੀਂ ਚੱਲਦੀ ਰਹਿ ਸਕਦੀ...

'ਪਰ ਚਾਰ ਦਿਨ'

' ਚਹੁੰ ਦਿਨਾਂ ਦਾ ਕੀ ਹੈ: ਬੀਤਣ ਨੂੰ ਚਾਰ ਵਰ੍ਹੇ ਵੀ ਬੀਤ ਜਾਂਦੇ ਨੇ... ਤੇ ਤੂੰ ਤਿਆਰ ਹੋ ਕੇ ਜਾਹ!ਪਰ ਮਾਂ!'

'ਕਿਉਂ ?

'ਨੌਕਰੀਆਂ ਬਿਰਛਾਂ ਨਾਲ ਨਹੀਂ ਲੱਗਦੀਆਂ, ਲੋਕ ਦੱਸ-ਦੱਸ ਲੱਖ ਖਰਚ ਕਰ ਰਹੇ ਨੇ...'

'ਪਰ ਮਾਂ...' 'ਨਹੀਂ...'

ਜਦੋਂ ਆਪਣੀ ਚਹੇਤੀ ਦੇ ਪੁੱਤਰ ਦੀ ਇਕ ਗੱਲ ਬਾਰੇ ਮਨਿਸਟਰ ਨੂੰ ਪਤਾ ਲੱਗਾ ਤਾਂ ਉਸ ਨੇ ਹੱਸਕੇ ਕਿਹਾ ਕਿ ਮੈਂ ਆਪਣੇ ਪੁੱਤਰ ਨੂੰ ਨੌਕਰੀ ਲੈ ਕੇ ਦਿਤੀ ਤਾਂ ਲੋਕ ਸੱਚਮੁਚ ਵਾਵੇਲਾ ਕਰਨਗੇ... ਮੇਰਾ ਅਰਥੀ ਫੂਕ ਮੁਜ਼ਾਹਰਾ ਵੀ ਕਰ ਸਕਦੇ ਨੇ ...ਪਰ ਹੋਰ ਕਿਸੇ ਲਈ ਮੈਂ ਕੁਝ ਵੀ ਕਰਾਂ.. ਕਿਸੇ ਨੂੰ ਕੀ ?।

' ਪਰ ਇਹ ਤਾ ਪਰਉਪਕਾਰ ਦਾ ਕੰਮ ਹੈ।' ਮਨਿਸਟਰ ਦੀ ਚਹੇਤੀ ਨੇ ਉਹਨੂੰ ਚਿਤਾਰਿਆ ਤਾਂ ਮਨਿਸਟਰ ਨੇ ਕਿਹਾ ਸੀ - ਅਸੀਂ ਸਤਿਯੁਗ ਵਿਚ ਨਹੀਂ ਰਹਿ ਰਹੇ ਪਰਉਪਕਾਰ 'ਚ ਮੇਰਾ ਕੋਈ ਵਿਸ਼ਵਾਸ ਨਹੀਂ। ਇਹ ਤਾਂ ਹੱਥ ਨੂੰ ਹੱਥ ਐਂ।

' ਕੀ ਮਤਲਬ ਤੁਹਾਡਾ ? ਮਤਲਬ ਇਹ ਕਿ ਸਿਲਾਸਿਲਾ ਪੀੜ੍ਹੀ ਦਰ ਪੀੜ੍ਹੀ... ?

ਮੁੰਡੇ ਦੀ ਮਾਂ ਸਾਹ ਘੁੱਟ ਕੇ ਸਹਿ ਗਈ-

'ਸ਼ੁਕਰ ਐ! ਮੇਰੇ ਪੁੱਤਰ ਨੇ ਨਹੀਂ ਸੁਣ ਲਿਆ।' ਉਹ ਸੋਚ ਰਹੀ ਸੀ ਤੇ ਹਾਲੇ ਓਹਦੀ ਸ਼ਾਦੀ ਵੀ ਨਹੀਂ ਹੋਈ...'

ਮਨਸਿਟਰ ਨਾਲ ਜਾਣਾ ਪੈਣਾ ਸੀ ਤੇ ਉਹਦੀ ਕਾਰ ਵਿਚ ਜਾਣਾ ਪੈਣਾ ਸੀ। ਮਾਤਾ ਦੇ ਕਹਿਣ 'ਤੇ ਪੁੱਤਰ ਮੁੜਵਸਾਉ ਵਿਭਾਗ ਵਿਚ ਨੌਕਰੀ ਲੈਣ ਖਾਤਿਰ ਮਨਿਸਟਰ ਦੀ ਕਾਰ ਵਿਚ ਬਹਿ ਕੇ ਚਲਾ ਗਿਆ। ਉਂਝ ਉਹ ਚਾਹੁੰਦਾ ਸੀ ਕਿ ਉਹ ਵੀ ਦੇਸ਼ ਦੇ ਹੋਰ ਨੌਜਵਾਨਾਂ ਵਾਂਗ ਹੀ ਰੁਜ਼ਗਾਰ ਵਿਭਾਗ ਦੇ ਦਫਤਰ ਵਿਚ ਆਪਣਾ ਨਾਂ ਰਜਿਸਟਰ ਕਰਵਾ ਕੇ ਹਜ਼ਾਰਾਂ-ਲੱਖਾਂ ਦੀ ਭੀੜ ਵਿਚ ਲੱਗ ਜਾਵੇ ਤੇ ਸਦੀਆਂ ਤੱਕ ਨੌਕਰੀ ਖਾਤਿਰ ਉਡੀਕਦਾ ਰਹੇ ਪਰ ਮਾਤਾ ਦੇ ਕਹਿਣ 'ਤੇ ਉਹ ਨੌਕਰੀ ਲੈਣ ਲਈ ਚਲਾ ਗਿਆ। ਮਾਤਾ ਨੇ ਕਿਹਾ ਸੀ-'ਪੁੱਤਰ, ਮੇਰੀ ਖਾਤਿਰ! ਮੈਂ ਸਦੀਆਂ ਤੱਕ ਨਹੀਂ ਉਡੀਕ ਸਕਦੀ।'

ਹੁਣ ਉਹਦੀ ਮਾਤਾ ਥੱਕੀ-ਥੱਕੀ ਲੱਗਦੀ ਸੀ, ਜਿਵੇਂ ਹੰਢੀ ਵਰਤੀ ਗਈ ਹੋਵੇ। ਉਹ ਅਕਸਰ ਪੁੱਤਰ ਨੂੰ ਕਹਿੰਦੀ ਸੀ 'ਪੁੱਤਰ, ਤੂੰ ਹੀ ਮੇਰੀ ਇਕੋ-ਇਕ ਆਸ ਏਂ। ਤੇਰੇ ਆਸਰੇ ਨਾਲ ਹੀ ਮੈਨੂੰ ਮੁਕਤੀ ਮਿਲ ਸਕਦੀ ਹੈ...'

'ਮੁਕਤੀ ਕੀ ਮਾਂ!' ' ਕਦੀ ਫੇਰ ਦੱਸਾਂਗੀ...' ਪੁਤਰ ਸੋਚਦਾ ਸੀ-ਸ਼ਾਸਤਰ ਠੀਕ ਹੀ ਕਹਿੰਦੇ ਨੇ। ਪੁੱਤਰ ਹੀ ਮਾਪਿਆਂ ਦਾ ਓਟ ਆਸਰਾ ਹੁੰਦੇ ਨੇ!

ਇਸ ਤਰ੍ਹਾਂ ਦੀਆਂ ਗੱਲ੍ਹਾਂ ਸੋਚਦਾ ਹੋਇਆ ਉਹ ਨੌਕਰੀ ਲਈ ਤਿਆਰ ਹੋ ਗਿਆ ਸੀ। ਲੋਕ ਕਲਿਆਣ ਵਿਭਾਗ ਦੇ ਦਫਤਰ ਕੇਵਲ ਇਕੋ-ਇਕ ਅਸਾਮੀ ਖਾਲੀ ਸੀ, ਪਰ ਅਰਜ਼ੀਆਂ ਕਿੰਨੀਆਂ ਕੁ ਸਨ ? ਇਸ ਗੱਲ ਦਾ ਕੋਈ ਸ਼ੁਮਾਰ ਹੀ ਨਹੀਂ ਸੀ। ਜਿਨ੍ਹਾਂ ਲੋਕਾਂ ਨੂੰ ਇੰਟਰਵਿਊ ਲਈ ਕਾਰਡ ਨਹੀਂ ਸਨ ਗਏ, ਉਹ ਵੀ ਸੂਹ ਕੱਢ ਕੇ ਆ ਗਏ ਸਨ। ਉਨ੍ਹਾਂ ਦੇ ਮਨ ਵਿਚ ਸੀ ਕਿ ਜੇਕਰ ਕੋਈ ਯੋਗ ਵਿਅਕਤੀ ਨਾ ਲੱਭੇ ਤਾਂ ਉਨ੍ਹਾਂ ਵਿਚੋਂ ਹੀ ਕਿਸੇ ਦੀ ਕਿਸਮਤ ਜਾਗ ਸਕਦੀ ਹੈ। ਕਈ ਅਜਿਹੇ ਵੀ ਸਨ ਜਿੰਨ੍ਹਾਂ ਨੂੰ ਜੋਤਸ਼ੀਆਂ ਨੇ ਜ਼ੋਰ ਦੇ ਕੇ ਭੇਜਿਆ ਸੀ।

'ਹੁਣ ਤੁਹਾਡੀ ਗ੍ਰਹਿ ਚਾਲ ਅਨੁਸਾਰ ਨੌਕਰੀ ਦਾ ਪੱਕਾ ਯੋਗ ਹੈ। ਇਸ ਲਈ ਪੁੰਨਦਾਨ ਕਰਕੇ ਨੌਕਰੀ ਦਾ ਪਿੱਛਾ ਕਰਨੋਂ ਘਬਰਾ ਕਿਉਂ ਰਹੇ ਹੋ ? ਨੌਕਰੀ ਪ੍ਰਾਪਤ ਕਰਕੇ ਤੁਸੀਂ ਆਪਣੇ ਭਵਿੱਖ ਨੂੰ ਉਜਲਾ ਬਣਾ ਸਕਦੇ ਹੋ...'

' ਪਰ ਨੌਕਰੀ ?'

' ਤੁਸੀਂ ਕਿਤੇ ਜਾਓ ਤਾਂ ਸਹੀ...ਅਤੇ ਖਰਚ ਵੀ ਕਰੋ।'

ਅਤੇ ਉਹ ਨੌਜਵਾਨ ਨੌਕਰੀ ਦਾ ਪਿੱਛਾ ਕਰਦੇ ਹੋਏ ਲੋਕ ਕਲਿਆਣ ਵਿਭਾਗ ਦੇ ਦਫਤਰ ਸਾਹਮਣੇ ਪੁੱਜ ਗਏ ਸਨ।

ਕੁਝ ਅਜਿਹੇ ਵੀ ਸਨ ਜਿਹੜੇ ਤਮਾਸ਼ਾ ਵੇਖਣ ਲਈ ਆਏ ਸਨ। ਉਨ੍ਹਾਂ ਦੇ ਮਨਾਂ ਵਿਚ ਇਹ ਵੀ ਇੱਛਾ ਹੁੰਦੀ ਹੈ ਕਿ ਕਿਹੜਾ-ਕਿਹੜਾ ਗੱਭਰੂ



ਮੂੰਹ ਲਟਕਾ ਕੇ ਘਰ ਵੱਲ ਨੂੰ ਟੁਟ ਗਿਆ ਹੈ ? ਮੂੰਹ ਲਟਕਾ ਕੇ ਮੁੜਨਾ ਵੀ ਅਨੋਖਾ ਦ੍ਰਿਸ਼ ਹੁੰਦਾ ਹੈ। ਕਈ ਇਹ ਵੇਖਣ ਲਈ ਵੀ ਜਾਂਦੇ ਨੇ ਕਿ ਖੁਦਕਸ਼ੀ ਕਰਨ ਵਾਲੇ ਨੌਜਵਾਨ ਦਾ ਚਿਹਰਾ ਕਿਹੋ ਜਿਹਾ ਸੀ। ਜਾਂ, ਕਿਸੇ ਨੇ ਨਿਰਾਸ਼ ਹੋ ਕੇ ਵੀ ਖੁਦਕਸ਼ੀ ਕਿਉਂ ਨਹੀਂ ਸੀ ਕੀਤੀ ?

ਬੇਕਾਰ ਨੌਜਵਾਨ ਸ਼ਾਇਦ ਇਸੇ ਕਰਕੇ ਜੀਉਂਦੇ ਰਹਿ ਜਾਂਦੇ ਨੇ ਕਿ ਉਹ ਆਪਣੇ ਆਪ ਨੂੰ ਮਖੌਲ ਕਰ ਸਕਦੇ ਨੇ-'ਮੈਂ ਹਰ ਸ਼ਰਮ 'ਚ ਜਿਊਂਦਾ ਰਹਿ ਗਿਆ ਦੇਖੋ ਮੇਰੀ ਢੀਠਤਾ।,

ਮਨਿਸਟਰ ਨੇ ਆਪਣੀ ਚਹੇਤੀ ਨੂੰ ਪੁੱਛਿਆ ਸੀ- ਤੂੰ ਵੀ ਨਾਲ ਚੱਲੇਂਗੀ ?

' ਨਹੀਂ ਉਨ੍ਹਾਂ ਕਿਹਾ ਸੀ ਤਾਂ ਮਨਸਿਟਰ ਨੇ ਪੁੱਛਿਆ ਸੀ -ਕਿਉਂ ?

'ਨੌਕਰੀ ਮੈਂ ਤਾਂ ਨਹੀਂ ਕਰਨੀ...'

ਇਸ ਗੱਲ 'ਤੇ ਮਨਿਸਟਰ ਹੱਸ ਪਿਆ ਸੀ ' ਹਾਂ, ਤੂੰ ਤਾਂ...

ਚਹੇਤੀ ਨੇ ਮਨਿਸਟਰ ਨੂੰ ਟੋਕ ਕੇ ਜਵਾਬ ਦਿੱਤਾ ਸੀ ' ਮੇਰਾ ਪੁੱਤਰ ਹੀ ਤੁਹਾਡੇ ਨਾਲ ਜਾਵੇਗਾ...., ਮਨਿਸਟਰ ਨੇ ਫੇਰ ਕਿਹਾ ਸੀ ਭਾਵੇਂ ਉਹ ਵੀ ਨਾ ਜਾਵੇ... ਨੌਕਰੀ ਤਾਂ ' ਨਹੀਂ, ਉਹ ਜਾਵੇਗਾ। ਮੁੰਡੇ ਦੀ ਮਾਂ ਨੇ ਕਿਹਾ ਹਰ ਗੱਲ ਕਾਇਦੇ ਕਾਨੂੰਨ ਮੁਤਾਬਿਕ ਕਰੋ ਮਨਿਸਟਰ ਖਾਮੋਸ਼ ਹੋ ਗਿਆ।

ਵੈਸੇ ਸੋਚ ਰਿਹਾ ਸੀ-ਕਾਇਦਾ ਕਾਨੂੰਨ ਕੀ ? ਮੈਂ ਨੌਕਰੀ ਬਦਲੇ ਅੱਠ ਦਸ ਲੱਖ ਲੈ ਸਕਦਾ ਹਾਂ,

ਮਨਿਸਟਰ ਦਾ ਆਪਣਾ ਹੀ ਤਾਂ ਵਿਭਾਗ ਸੀ ਅਤੇ ਉਹ ਕੇਵਲ ਟੈਲੀਫੋਨ ਰਾਹੀਂ ਆਦੇਸ਼ ਦੇ ਕੇ ਉਸ ਨੌਜਵਾਨ ਨੂੰ ਭਰਤੀ ਕਰਵਾ ਸਕਦਾ ਸੀ ਪਰ ਉਹ ਆਪਣੀ ਚਹੇਤੀ ਨਾਰ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਉਸ ਦੀ ਮੁਹੱਬਤ ਖਾਤਿਰ ਕੀ ਕੁਝ ਕਰ ਸਕਦਾ ਸੀ। ਪਿਛਲੇ ਵਰ੍ਹੇ ਉਹਨੇ ਆਪਣੀ ਉਸ ਚਹੇਤੀ ਨੂੰ ਹੀਰਿਆਂ ਵਾਲੇ ਬੁੰਦੇ ਵੀ ਬਣਵਾ ਕੇ ਦਿੱਤੇ ਸਨ। ਇਲੈਕਸ਼ਨ ਤੋਂ ਪਹਿਲਾਂ ਉਸਨੇ ਇਕ ਵਾਰ ਘਰ ਬਣਾ ਕੇ ਦੇਣ ਦਾ ਲਾਰਾ ਵੀ ਲਾਇਆ ਸੀ। ਸਾੜ੍ਹੀਆਂ ਤਾਂ ਉਹ ਅਕਸਰ ਲੈ ਦਿਆ ਕਰਦਾ ਸੀ।

' ਏਨੀਆਂ ਕਾਹਦੇ ਲਈ ?'

' ਚੀਰਹਰਣ ਨਹੀਂ ਹੁੰਦਾ ?'

ਇਕ ਵਾਰ ਇਕ ਮਸਫੁੱਟੇ ਗੱਭਰੂ ਨੇ ਉਹਦੀ ਚਹੇਤੀ ਨੂੰ ਟਿਚਰ ਕਰ ਦਿਤੀ ਤਾਂ ਮਨਿਸਟਰ ਨੇ ਉਹਨੂੰ ਟਾਡਾ ਅਧੀਨ ਅੰਦਰ ਕਰਵਾ ਦਿੱਤਾ ਸੀ।

ਗਰਮੀਆਂ ਵਿਚ ਉਹ ਆਪਣੀ ਚਹੇਤੀ ਨੂੰ ਕਸ਼ਮੀਰ ਦੇ ਦੌਰੇ 'ਤੇ ਵੀ ਲੈ ਗਿਆ ਸੀ। ਲੋਕ ਉਸ ਨੂੰ ਮਨਿਸਟਰ ਦੀ ਪਤਨੀ ਹੀ ਸਮਝਦੇ ਰਹੇ। ਕਈ ਵਾਕਫਕਾਰ ਤਾਂ ਹੱਸ ਕੇ ਕਹਿ ਵੀ ਦਿੰਦੇ ' ਬਈ ਜ਼ਨਾਨੀ ਦੇ ਚਿਹਰੇ 'ਤੇ ਤਾਂ ਨਹੀਂ ਲਿਖਿਆ ਹੋਇਆ ਹੁੰਦਾ ਕਿ ਉਹ ਪਤਨੀ ਹੈ ਕਿ... ?

ਮਨਿਸਟਰ ਸੁਣਦਾ ਤੇ ਮਨ ਹੀ ਮਨ 'ਚ ਕਹਿੰਦਾ-' ਲੋਕ ਕਿੰਨੇ ਕਮੀਨੇ ਹੋ ਗਏ ਨੇ ...'

ਕਈ ਲੋਕ ਉਹਦੀ ਪਤਨੀ ਤੱਕ ਵੀ ਕਈ ਕਿਸਮ ਦੀਆਂ ਗੱਲਾਂ ਪਹੁੰਚਾਉਂਦੇ ਪਰ ਉਹ ਕੇਵਲ ਏਨਾ ਹੀ ਕਹਿੰਦੀ ਸੀ.. ' ਇਹ ਰਾਜਨੀਤੀ ਦੀਆਂ ਚਾਲਾਂ ਨੇ .... ਮੈਂ ਕੀ ਕਰ ਸਕਦੀ ਹਾਂ..'

ਇਕ ਵਾਰ ਮਨਿਸਟਰ ਉਹਨੂੰ ਪ੍ਰੈਸ ਰਿਪੋਰਟਰ ਬਣਾ ਕੇ ਵਲੈਤ ਵੀ ਲੈ ਕਿਆ ਸੀ। ਹੋਰ ਪਤਾ ਨਹੀ ਮਨਿਸਟਰ ਨਾਲ ਕਿੱਥੇ-ਕਿੱਥੇ ਜਾਂਦੀ ਪਰ ਉਹ ਬਿਮਾਰ ਹੋ ਗਈ ਸੀ ਤੇ ਮਨਿਸਟਰ ਦੀ ਪਤਨੀ ਨੇ ਉਸ ਨੂੰ ਮਿਹਣਾ ਦਿੱਤਾ ਸੀ-' ਤੁਸੀਂ ਤਾਂ ਓਹਦੇ ਕੋਲੋਂ ਪੁੱਤਰ ਲੈਣ ਲਈ ਗਏ ਸੀ... ?

' ਤੂੰ ਨਿਰੀ ਮੂਰਖ ਏਂ! ਤੈਨੂੰ ਜ਼ਿੰਦਗੀ ਦੇ ਤਕਾਜ਼ੇ ਸਮਝ ਨਹੀਂ ਆ ਸਕਦੇ...

ਇਸ ਤਰ੍ਹਾਂ ਪਤੀ-ਪਤਨੀ ਵਿਚਕਾਰ ਤੂੰ ਤੜਾਕ ਦਾ ਸਿਲਸਿਲਾ ਤਲਾਕ ਤੱਕ ਪੁੱਜ ਚੱਲਿਆ ਸੀ ਪਰ ਰਿਸ਼ਤੇਦਾਰਾਂ ਅਤੇ ਹਮਦਰਦਾਂ ਤੇ ਉਹਨੂੰ ਸਮਝਾਇਆ।

'ਹੁਣ ਤੁਸੀਂ ਲੋਕਾਂ ਦੇ ਨੁਮਾਇੰਦੇ ਹੋ! ਤਬਾਹੀ ਦਾ ਸਿਲਸਿਲਾ ਘਰੋਂ ਤਾਂ ਨਾ ਸ਼ੁਰੂ ਕਰੋ। ਨਾਲੇ ਇਕ ਪਰਾਈ ਜ਼ਨਾਨੀ ਦੀ ਖਾਤਿਰ।' ਵਿਰੋਧੀ ਧੜੇ ਦੇ ਨੇਤਾ ਲੋਕ ਹੱਸ ਕੇ ਕਹਿ ਦਿੰਦੇ ਸਨ। ' ਰੰਗ ਬਿਰੰਗੀਆਂ ਰੰਨ੍ਹਾਂ ਨਾਲ ਮੌਜ ਮੇਲੇ ਕਰਨੇ ਹੋਣ ਤਾਂ ਬੰਦਾ ਮਨਿਸਟਰ ਬਣੇ।' ਮਨਿਸਟਰ ਦੀ ਚਹੇਤੀ ਦਾ ਪੁੱਤਰ ਅਕਸਰ ਆਪਣੀ ਮਾਂ ਨਾ ਲੜਦਾ ਸੀ-ਮੈਂ ਕੀ ਖੱਟਿਆ, ਸਿਵਾਏ ਬਦਨਾਮੀ ਦੇ।'

'ਪੁੱਤਰ ਸਬਰ ਕਰ।' ਮਾਂ ਕਹਿੰਦੀ ਤਾਂ ਪੁੱਤਰ ਜਵਾਬ ਦਿੰਦਾ ' ਉਹ ਆਪਣੇ ਸਾਲੇ-ਸਾਲੀਆਂ ਦੇ ਤਾਂ ਘਰ ਭਰੀ ਜਾ ਰਹੈ।'

'ਚੁੱਪ ਕਰ।'

'ਚੁੱਪ ਕਰ ਨਹੀਂ ਮੈ ਚੁਰਾਹੇ 'ਚ ਓਹਦਾ ਭਾਂਡਾ ਭੰਨ ਦਿਆਗਾਂ।'

'ਨਹੀਂ।' ਮਾਂ ਦ੍ਰਿੜਤਾ ਨਾਲ ਪੁੱਤਰ ਨੂੰ ਕਹਿੰਦੀ -'ਤੂੰ ਕੁਝ ਨਹੀਂ ਕਰੇਂਗਾ, ਜਦੋਂ, ਤੱਕ ਮੈਂ ਤੈਨੂੰ ਨੌਕਰੀ 'ਤੇ ਨਹੀਂ ਲੁਆ ਲੈਂਦੀ।

'ਪਰ ਮੈਂ ਉਹਨੂੰ ਨਫਰਤ ਕਰਦਾ।'

'ਫੇਰ ਵੀ ਤੂੰ ਚੁੱਪ ਰਹੇਂਗਾ...'

ਇਸ ਤਰ੍ਹਾਂ ਦੇ ਹਾਲਾਤ ਵਿਚ ਮਨਿਸਟਰ ਸਮਝਦਾ ਸੀ ਕਿ ਜੇਕਰ ਉਹ ਆਪਣੀ ਚਹੇਤੀ ਦੇ ਪੁੱਤਰ ਨੂੰ ਆਪਣੀ ਕਾਰ ਵਿਚ ਬਿਠਾ ਕੇ ਨੌਕਰੀ ਦਿਵਾਉਣ ਲਈ ਲਿਆਇਆ ਸੀ ਤਾਂ ਇਹ ਕੁਰਬਾਨੀ ਤੋਂ ਘੱਟ ਨਹੀਂ ਸੀ, ਉਹਦੇ ਮਨ ਵਿਚ ਸੀ ' ਨੌਜਵਾਨ ਦੀ ਜ਼ਿੰਦਗੀ ਬਣ ਜਾਵੇ, ਨਫਰਤ ਦਾ ਕੀ ਹੈ....ਨਫਰਤ ਕਿਹੜਾ ਉਸੇ ਨੂੰ ਭਸਮ ਕਰ ਸਕਦੀ ਹੈ.... ਨਾਂਲੇ ਅੱਜ ਕਲ ਕੌਣ ਕਿਸ ਨੂੰ ਨਫਰਤ ਨਹੀਂ ਕਰਦਾ ? ਜਦੋਂ ਉਹ ਕਾਰ ਵਿਚ ਬੈਠ ਦਫਤਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਨੇ ਰਾਹੀ ਵਿਚ ਇਕ ਦੂਜੇ ਨਾਲ ਨਾਲ ਕੋਈ ਗੱਲ ਨਹੀਂ ਸੀ ਕੀਤੀ। ਮਨਿਸਟਰ ਉੱਚੀਆਂ ਇਮਾਰਤਾਂ ਵੱਲ ਤਕਦਾ ਰਿਹਾ ਸੀ, ਤੇ ਨੌਜਵਾਨ ਲੋਕਾਂ ਦੇ ਖੁੱਥੜ ਚਿਹਰਿਆ ਵੱਲ ਘੂਰਦਾ ਰਿਹਾ ਸੀ... ਦੋਵਾਂ ਦੀ ਨਜ਼ਰ 'ਚ ਕੋਈ ਫਰਕ ਨਹੀਂ ਸੀ.... ਦਫਤਰ ਦੇ ਸਾਹਮਣੇ ਬਹੁਤ ਸਾਰੇ ਬੇਕਾਰ ਪਰ ਨੌਕਰੀ ਦੀ ਇੱਛਾ ਨਾਲ ਦੂਰੋਂ-ਦੂਰੋਂ ਆਏ ਹੋਏ, ਮੁਰਝਾਏ ਚਿਹਰਿਆਂ ਵਾਲੇ ਨੌਜਵਾਨਾਂ ਦੀ ਭੀੜ ਖਲੋਤੀ ਉਮੀਦ ਤੇ ਨਾਂ ਉਮੀਦੀ ਨਾਲ ਜੂਝ ਰਹੀ ਸੀ। ਉਸ ਭੀੜ ਦਾ ਚਿਹਰਾ ਤਨਾਅਪੂਰਨ ਅਤੇ ਉਦਾਸ ਸੀ।

'ਅੱਜਕਲ ਦੇ ਨੌਜਵਾਨ ਪਤਾ ਨਹੀਂ ਏਨੇ ਉਦਾਸ ਤੇ ਮੁਰਝਾਏ ਹੋਏ ਕਿਉਂ ਨੇ ? ਮਨਿਸਟਰ ਨੇ ਹਮਦਰਦੀ ਨਾਲ ਸੋਚਿਆ ਅਤੇ ਵਿਭਾਗ ਦੇ ਡਾਇਰਕੈਟਰ ਤੋਂ ਉਹਨੇ ਉਸ ਵੇਲੇ ਇਸ ਰਹੱਸ ਦਾ ਕਾਰਨ ਜਾਨਣ ਦਾ ਯਤਨ ਕੀਤਾ, ਜਦੋਂ ਉਹ ਆਪਣੀ ਚਹੇਤੀ ਦੇ ਪੁੱਤਰ ਖਾਤਿਰ ਡਾਇਰਕੈਟਰ ਨੂੰ ਨਿਯੁਕਤੀ ਲਈ ਕਹਿ ਰਿਹਾ ਸੀ।

ਡਾਇਰਕੈਟਰ ਨੇ ਕਿਹਾ ਸੀ-ਸਰ, ਮੇਰੇ ਖਿਆਲ ਵਿਚ ਤਾਂ ਹੁਣ ਹਵਾਵਾਂ ਹੀ ਇਸ ਤਰ੍ਹਾਂ ਚੱਲਦੀਆਂ ਨੇ ਕਿ ਨੌਜਵਾਨ ਦੇ ਚਿਹਰੇ ਖਿੜ ਹੀ ਨਹੀਂ ਸਕਦੇ।

'ਕੀ ਕਦੀ ਅਜਿਹੀਆਂ ਹਵਾਵਾਂ ਵੀ ਚੱਲਣਗੀਆਂ, ਜਿਹੜੀਆਂ ਨੌਜਵਾਨਾਂ ਦੇ ਚਿਹਰਿਆਂ 'ਤੇ ਖੇੜਾ ਲਿਆ ਸਕਣ ? ਮਨਿਸਟਰ ਨੇ ਮਾਸੂਮੀਅਤ ਨਾਲ ਪੁੱਛਿਆ ਤਾਂ ਡਾਇਰੈਕਟਰ ਨੇ ਮਨਿਸਟਰ ਨਾਲੋਂ ਵੀ ਵੱਧ ਮਾਸੂਮੀਅਤ ਵਿਚ ਜਵਾਬ ਦਿੱਤਾ ਸੀ -' ਸਰ! ਹੁਣ ਤਾਂ ਸਭ ਕੁਝ ਤੁਹਾਡੇ 'ਤੇ ਨਿਰਭਰ ਕਰਦੈ।'

ਮਨਿਸਟਰ ਨੇ ਗੰਭੀਰ ਹੋ ਕੇ ਕਿਹਾ ਸੀ-ਮੈਂ ਕਿੰਨੀ ਕੁਰਬਾਨੀ ਕਰ ਸਕਦਾਂ ? ' ਸੱਚ ਹੈ ਸਰ! ਡਾਇਰੈਕਟਰ ਨੇ ਵੀ ਪੁਸ਼ਟੀ ਕਰ ਦਿਤੀ ਸੀ ਬਿਲਕੁਲ ਸੱਚ ਹੈ ਜੀ..' ਦਫਤਰ ਵਿਚ ਜਿਹੜੀ ਇਕ ਅਸਾਮੀ ਖਾਲੀ ਸੀ ਉਹ ਮਨਿਸਟਰ ਦੀ ਚਹੇਤੀ ਦੇ ਪੁੱਤਰ ਦੀ ਉਡੀਕ ਕਰ ਰਹੀ ਸੀ, ਬਾਕੀ ਲੋਕ ਭੀੜ ਵਾਂਗ ਘਰਾਂ ਨੂੰ ਚਲੇ ਗਏ, ਪਰ ਜਿਹੜੇ ਹਾਲੇ ਨਿਰਾਸ਼ ਨਹੀਂ ਸਨ ਹੋਏ, ਉਨ੍ਹਾਂ ਨੇ ਕਿਹਾ ਸਾਨੂੰ ਵੀ ਨੌਕਰੀ ਦਿਓ।

ਅਸੀਂ ਵੀ ਮਾਵਾਂ ਦੇ ਪੁੱਤਰ ਹਾਂ।' 'ਸਾਡੀਆਂ ਮਾਵਾਂ ਵੀ ਆਸ ਲਈ ਬੈਠੀਆਂ ਨੇ...' ਮਨਿਸਟਰ ਨੇ ਉਨ੍ਹਾਂ ਸਾਰੇ ਹੀ ਮੁਰਝਾਏ ਹੋਏ ਚਿਹਰਿਆਂ ਨੂੰ ਸਰਸਰੀ ਨਜ਼ਰ ਨਾਲ ਘੂਰ ਕੇ ਇਕ ਤਰ੍ਹਾਂ ਨਾਲ ਪੁੱਛਿਆ ਸੀ-' ਪਰ ਤੁਹਾਡੀਆਂ ਮਾਵਾਂ ਕਿਥੇ ਨੇ ? ਉਹ ਘਰਾਂ 'ਚ ਨੇ...'

'ਫੇਰ ਤੁਸੀ ਵੀ ਘਰਾਂ ਨੂੰ ਜਾਓ...'

'ਪਰ ਨੌਕਰੀ ?

ਦਿਆਂਗੇ...ਅਗਲੇ ਦਸ ਸਾਲਾ ਪਲਾਨ 'ਚ ਸਭ ਨੂੰ ਨੌਕਰੀ ਦਿਆਂਗੇ। ਮਨਿਸਟਰ ਨੇ ਮੁਸਕਰਾ ਕੇ ਕਿਹਾ ਅਤੇ ਨਾਲ ਹੀ ਉਨ੍ਹਾਂ ਬੇਕਾਰ ਗੱਭਰੂਆਂ ਨੂੰ ਵਧੀਆ ਖੁਰਾਕ ਖਾ ਚੰਗੀ ਸਿਹਤ ਬਣਾਉਣ ਲਈ ਹਿਦਾਇਤ ਕੀਤੀ। 'ਚੰਗੀ ਸਿਹਤ ਤੋਂ ਬਗੈਰ ਕੁਰਸੀ ਨਹੀਂ ਸੰਭਾਲੀ ਜਾ ਸਕਦੀ'।

## ਮਿੰਨੀ ਕਹਾਣੀ

### ਖੁੱਲ੍ਹੀਆਂ ਅੱਖਾਂ ਵਾਲੇ

ਉਸ ਨੇ ਆਪਣੇ-ਆਪ 'ਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਲਈ, ਮੌਕਾ ਸੰਭਾਲਣ ਵਾਲਿਆਂ ਨੇ ਮੌਕਾ ਸੰਭਾਲ ਲਿਆ, ਉਸ ਨੂੰ ਚੁੱਕ ਕੇ ਹਸਪਤਾਲ ਅੱਪੜਦੀ ਕਰ ਦਿੱਤਾ। ਉਸ ਦਾ ਬਿਆਨ ਸੁਣਨ ਵਾਲੇ ਪ੍ਰੈਸ ਰਿਪੋਰਟਰ ਅਤੇ ਪੁਲਿਸ ਕਰਮਚਾਰੀ ਮੌਜੂਦ ਸਨ। ਉਹ ਮਰਨ ਕਿਨਾਰੇ ਪਈ ਏ, ਪਰ ਘਰ ਦੇ ਕਿਸੇ ਮੈਂਬਰ ਦਾ ਨਾਂਅ ਨਹੀਂ ਲੈ ਰਹੀ। ਅਜੀਬ ਗੱਲ ਏ।

ਗੱਡੀ ਲੀਹ ਉੱਤੇ ਨਾ ਚੜ੍ਹਦੀ ਵੇਖ ਥਾਣੇਦਾਰ ਨੇ ਪੈਂਤੜਾ ਬਦਲਿਆ, "ਜੇ ਕਿਸੇ 'ਤੇ ਇਤਰਾਜ਼ ਨਹੀਂ ਬੀਬੀ.. ਤਾਂ ਅੱਗ ਲੱਗਣ ਦਾ ਕਾਰਨ ਤਾਂ ਦੱਸ... ? ਅੱਗ ਲੱਗਣ ਦਾ ਕਾਰਨ ਚੇਤੇ ਆਇਆ, ਤਾਂ ਉਹ ਬੋਲੀ, "ਗੱਲ ਤਾਂ ਸਾਰੀ ਡਿਪੂ ਤੋਂ ਤੇਲ ਘੱਟ ਮਿਲਣ ਦੀ ਏ, ..ਗੈਸ ਸਲੰਡਰ ਹਫਤੇ ਦਾ ਮੁੱਕਿਆ ਪਿਐ...' ਬਲੈਕ 'ਚ ਵੀ ਨਹੀਂ ਮਿਲਦਾ, ...ਮੈਂ ਤੇਲ ਲੈਣ ਗਈ ਸੀ, ਸਰਕਾਰੀ ਰਾਸ਼ਨ ਤਾਂ ਸਭ ਨੂੰ ਬਰਾਬਰ ਮਿਲਣਾ ਚਾਹੀਦੈ.. ਪਰ ਮੈਨੂੰ ਮਿੰਨਤਾਂ ਤਰਲੇ ਕਰਕੇ ਵੀ ਮਸਾਂ ਦੋ ਲੀਟਰ ਤੇਲ ਦਿੱਤਾ.. ਕਹਿੰਦੇ ਹੋਰ ਹੈ ਨਹੀਂ ..ਕਿਤੇ ਫਿਰ ਵੇਲੇ-ਕੁਵੇਲੇ ਲੈ ਜਾਈਂ ਘਰ ਆਈ ਤਾਂ ਬੁੜ੍ਹੀ ਅੱਡ ਚਿੰਬੜ 'ਗੀ। ਆਂਹਦੀ ਜਿਥੇ ਜਾਨੀ ਏਂ,...ਪੈਰ ਅੜਾ ਕੇ ਖੜ ਜਾਨੀ ਏਂ,.. ਪਹਿਲਾਂ ਤੁਰਨ ਲੱਗੀ ਦੇ ਲੀੜੇ ਈ ਲੋਟ ਨਹੀਂ ਆਉਂਦੇ, ਇੰਨੇ ਕੁ ਤੇਲ ਖਾਤਰ ਦੁਪਹਿਰਾ ਢਾਲ ਆਈ, ਇਸ ਦੇ ਨਾਲ ਕਿੰਨੇ ਕੁ ਦਿਨ ਸਟੋਵ ਚੱਲੂਗਾ.. ਉਸ ਹਰਾਮੀ ਦੇ ਸਿਰ 'ਚ ਪਾ ਕੇ ਲਾਬੂੰ ਲਾ ਛੱਡਦੀ.. ਨਹੀਂ ਲੈਣ ਲਈ ਰੁਕੀ।

ਚੁੱਪ ਕੀਤੀਆਂ ਕਲਮਾਂ ਹਰਕਤ ਵਿਚ ਆਈਆਂ। ਸੜ ਜਾਣ ਵਾਲੀ ਦਾ ਬਿਆਨ ਨੋਟ ਹੋਣ ਲੱਗਾ। ਥਾਣੇਦਾਰ ਦੀਆਂ ਅੱਖਾਂ ਵਿਚ ਚਮਕ ਵਧ ਗਈ, ਉਸ ਨੇ ਗੱਲ ਨੂੰ ਅਗਾਂਹ ਤੋਰਿਆ, "ਫਿਰ ਕੀ ਹੋਇਆ,.. ? "

"ਫਿਰ ਕੀ ਆਖ ਕੇ ਉਸ ਨੇ ਥਾਣੇਦਾਰ ਵੱਲ ਹੋਰ ਈ ਤਰ੍ਹਾਂ ਵੇਖਿਆ.. ਤੇ ਅੰਦਰ ਥੁੱਕ ਨਿਗਲਦੀ ਬੋਲੀ, "ਫਿਰ ਕੀ ਹੋਣਾ ਸੀ, ਆਹ ਥੋਡੇ ਸਾਹਮਣੇ ਪਈਆਂ,.. ਜੇ ਡਿਪੂ ਤੋਂ ਤੇਲ ਪੂਰਾ ਮਿਲਿਆ ਹੁੰਦਾ ਤਾਂ ਮੈਂ ਵੀ ਪੂਰੀ ਦੀ ਪੂਰੀ ਸੜ ਜਾਂਦੀ।" ਇੰਨੀ ਕੁ ਗੱਲ ਕਰਦਿਆਂ ਉਸ ਦੀਆਂ ਅੱਖਾਂ ਭਰ ਆਈਆਂ। ਉਸ ਨੇ ਮੂੰਹ ਘੁੰਮਾ ਕੇ ਅੱਖਾਂ ਬੰਦ ਕਰ ਲਈਆਂ, ਜਿਵੇਂ ਹੋਰ ਬੋਲਣ ਦੀ ਲੋੜ ਨਾ ਹੋਵੇ।

ਪਰ ਉਥੇ ਹਾਜ਼ਰ 'ਖੁੱਲ੍ਹੀਆਂ ਅੱਖਾਂ" ਵਾਲਿਆਂ ਨੇ ..ਉਸ ਦੀ ਗੱਲ ਨੂੰ ਆਪਣੀ ਸਮਝ ਅਨੁਸਾਰ ਆਪਣੇ-ਆਪ ਹੀ ਪੂਰੀ ਕਰ ਲਿਆ। "ਡਿਪੂ ਹੋਲਡਰ ਵਲੋਂ ਮੁਹੱਲੇ ਦੀ ਇਕ ਸ਼ਰੀਫ ਔਰਤ ਨਾਲ ਬਦ-ਸਲੂਕੀ... ਅਤੇ ਔਰਤ ਅੱਗ ਲਾ ਕੇ ਸੜਣ ਲਈ ਮਜਬੂਰ..।



## ਵਿਅੰਗ

# ਸੁੱਤੇ ਰਹੋ ਇੰਡੀਆ ਸੁੱਤੇ ਰਹੋ

ਪਿਛਲੇ ਕਾਫੀ ਸਮੇਂ ਤੋਂ ਇਹ ਨਾਅਰਾ ਲੱਗ ਰਿਹਾ ਹੈ, "ਜਾਗੋ ਇੰਡੀਆ ਜਾਗੋ।" ਕਦੇ ਦਿੱਲੀ ਚੋਂ ਆਵਾਜ਼ ਉਠਦੀ ਹੈ, "ਜਾਗੋ ਦਿਲ ਜਾਗੋ ਤੇ ਕਦੇ ਮੁੰਬਈ ਜਾਗੋ।" ਜਦ ਤਕੜੀਆਂ ਨੂੰ ਠੂੰਗੇ ਮਾਰ ਕੇ ਅੱਧਾ ਕਿਲੋ ਦਾ ਕਿਲੋ ਬਣਾਇਆ ਜਾਂਦਾ ਹੈ, ਫਰੂਟਾਂ ਦਾ ਅਸਲੀ ਲਿਫਾਫਾ ਪਲਕ ਝੱਲਕ 'ਚ ਵਟਾ ਕੇ ਦਰਜਨ ਦੀ ਥਾਂ ਦਸ ਕੇਲੇ ਤੇ ਉਨ੍ਹਾਂ 'ਚ ਵੀ ਇਕ ਦੋ ਅ-ਕੇਲੇ ਗਾਹਕ ਦੇ ਪੱਲੇ ਫੜਾ ਦਿੱਤੇ ਜਾਂਦੇ ਹਨ ਅਤੇ ਪਾਸਕੂ ਕਿਥੇ ਹੈ, ਇਹ ਤਕੜੀਆਂ ਨੂੰ ਨਹੀਂ ਪਤਾ ਹੁੰਦਾ ਤਾਂ ਸਾਡੀਆਂ ਸੁੱਤੀਆਂ ਅੱਖਾਂ 'ਤੇ ਇਨ੍ਹਾਂ ਪਿਆਰੇ-ਪਿਆਰੇ ਸ਼ਬਦਾਂ ਦੇ ਛੱਟੇ ਮਾਰੇ ਜਾਂਦੇ ਹਨ, "ਜਾਗੋ ਗਾਹਕ ਜਾਗੋ।"

ਚੋਣਾਂ ਸਮੇਂ ਲੀਡਰ ਤੇ ਪਰਹੇਜ਼ ਗਾਹ ਜਦੋਂ ਭੁੱਕੀਆਂ ਅਫੀਮਾਂ, ਸ਼ਰਾਬਾਂ ਤੇ ਨੋਟਾਂ ਦੀ ਬਾਰਸ਼ ਕਰਦੇ ਹਨ ਤੇ ਨਾਲ ਹੀ ਨੇਤਾ ਨੀਂਦ ਹਰਾਮ ਸਿੰਘ ਦਰ-ਦਰ ਕੁੰਡਾ ਖੜਕਾਉਂਦਾ ਹੈ ਤਾਂ ਆਖਦਾ ਜਾਪਦਾ ਹੈ, "ਜਾਗੋ ਵੋਟਰ ਜਾਗੋ" ਜੋ ਵੋਟ ਸਿੰਘ ਚੋਣ ਨਿਸ਼ਾਨ ਉਲਟੇ ਝਾੜੂ ਨੂੰ ਪਾਉਣਾ ਹੈ ਤਾਂ ਚੋਣਾਂ ਤੋਂ ਬਾਅਦ ਲਗਾਤਾਰ ਲੀਡਰ ਬਣਾਉਣ ਵਾਲੇ ਨਾਅਰੇ ਲਾਉਂਦੇ ਹਨ "ਜਾਗੋ ਨੇਤਾ ਜਾਗੋ।"

ਅਨੇਕਾਂ ਪ੍ਰਕਾਰ ਦੀਆਂ ਜਾਗੋ ਸਾਨੂੰ ਜਗਾ ਰਹੀਆਂ ਹਨ ਪਰ ਇੰਡੀਆ ਵੀ ਅਜੇ ਤੱਕ ਨਹੀਂ ਜਾਗਿਆ। ਉਨਾਹਟ ਆਜ਼ਾਦੀਆਂ ਬੀਤ ਗਈਆਂ ਪਰ ਅਸੀਂ ਸੁੱਤੇ ਰਹਿਣ ਦੀ ਗੁਲਾਮੀ ਨਹੀਂ ਛੱਡੀ। ਦਿੱਲੀ ਸੁੱਤੀ ਹੋਈ ਹੈ।

ਨਾ-ਮਨਜ਼ੂਰਸ਼ੁਦਾ ਕਾਲੋਨੀਆਂ ਖੁੰਭਾਂ ਵਾਂਗ ਸਿਰ ਚੁੱਕ ਗਈਆਂ। ਇਸ ਦਾ ਪਤਾ ਨਹੀਂ ਅਸੈਂਬਲੀ ਜਾਂ ਮੁੱਖ ਮੰਤਰੀ ਤੇ ਉਸਦੇ ਮੰਤਰੀ ਮੰਡਲ ਨੂੰ ਕਿਉਂ ਨਹੀਂ ਲੱਗਾ। ਮੁੰਬਈ ਘੂਕ ਸੁੱਤੀ ਪਈ ਹੈ। ਚੱਲਦੀਆਂ ਗੱਡੀਆਂ ਦੇ ਨਾਲ-ਨਾਲ ਬੰਬ ਵੀ ਚੱਲਦੇ ਹਨ ਅਤੇ ਗੱਡੀਆਂ 'ਚ ਚੱਲਣ ਵਾਲੇ ਮੁਸਾਫਰ ਜਾਣਦੇ ਹੀ ਨਹੀਂ ਕਿ ਪਲਕ ਝਲਕ 'ਚ ਸੈਂਕੜੇ ਕਿਵੇਂ ਚਲਾਣਾ ਕਰ ਗਏ। ਸੁੱਤੇ ਲੀਡਰ ਸਮੇਂ ਦੇ ਇਸ ਸਵਾਲ ਦਾ ਕਦੇ ਵੀ ਜਵਾਬ ਨਹੀਂ ਦਿੰਦੇ-

ਐ ਰਹਿਬਰੋ ਮੁਲਕੋ ਕੌਮ ਬਤਾ।
ਯੇਹ ਕਿਸ ਕਾ ਲਹੂ ਹੈ ਕੌਨ ਮਰਾ ?

ਰਹੀ ਗਲ ਗਾਹਕ ਦੀ। ਉਹ ਵਿਚਾਰਾ ? ਅੱਜ ਤੱਕ ਗਾਰੰਟੀ-ਵਾਰੰਟੀ ਦਾ ਫਰਕ ਹੀ ਨਹੀਂ ਜਾਣ ਸਕਿਆ। 'ਵੈਨ ਪੈਕਡ' ਦੇ ਭੰਬਲ ਭੂਸੇ 'ਚ ਅਸਲ ਵਜ਼ਨ ਨੂੰ ਪੁਣਨ ਛਾਨਣ ਜਾਂ ਜਾਨਣ ਦੀ ਸ਼ਕਤੀ ਗੁਆ ਚੁੱਕਾ ਹੈ। ਵਰਕਰ-ਵਰਕਰ ਦੀ ਜਨ ਜਨਮ ਮਾਣ ਰਿਹਾ ਹੈ ਤੇ ਨੇਤਾ ਤੋਂ ਬਾਅਦ ਉਹਦਾ ਪੁਤ ਦੇ ਫਿਰ ਉਹਦਾ ਪੁਤ। ਪੁਤਾਵਲੀ ਮੁਕਦੀ ਹੀ ਨਹੀਂ। ਸਾਰਾ ਪਿੰਡ ਮਰ ਜਾਣ ਤੋਂ ਬਾਅਦ ਵੀ ਜੇ ਬੁੱਢੀ ਦੇ ਪੁੱਤਰ ਨੇ ਨੰਬਰਦਾਰ ਨਹੀਂ ਬਣਨਾ ਤਾਂ ਫਿਰ ਇਸ ਦੋਹੇ ਨੂੰ ਸਿਰਹਾਣਾ ਬਣਾ ਕੇ ਸੁੱਤੇ ਰਹਿਣ 'ਚ ਕੀ ਹਰਜ਼ ਹੈ-

ਰਾਮ ਭਰੋਸੇ ਬੈਠ ਕੇ,
ਰਹੋ ਖਾਟ ਪੈ ਸੋਏ।
ਅਨਹੋਣੀ ਹੋਣੀ ਨਹੀਂ,
ਹੋਣਾ ਹੈ ਸੋ ਹੋਏ।

"ਜਦ ਹੋਣੀ ਹਾਰ ਮਿਟਾਵੇ ਕੌਣ ?" ਹੀ ਸਾਡਾ ਜੀਵਨ ਆਧਾਰ ਹੈ। ਅਖ਼ਬਾਰਾਂ ਵਿਚ ਸਾਡੇ ਲਈ ਸਭ ਤੋਂ ਵੱਡੀ ਖ਼ਬਰ ਹੈ ਰਾਸ਼ੀਫਲ ਤਾਂ ਫਿਰ ਹਸਤ ਰੇਖਾਵਾਂ ਦੇ ਜੰਗਲਾਂ 'ਚ ਕਰਮਾਂ ਦੇ ਸੰਗਲਾਂ ਵਿਚ ਜਕੜੇ ਹੋਏ ਹੱਥਾਂ-ਪੈਰਾਂ, ਅੱਖਾਂ, ਕੰਨਾਂ ਤੇ ਦਿਮਾਗਾਂ ਦੀਆਂ ਸੋਚਾਂ 'ਚ ਉਚੇ ਘਰ ਦੇ ਮਾਲਕ ਬਣੇ ਬਾਬੇ ਛੈਣਿਆਂ ਖੜਤਾਲਾਂ ਚਿਮਟਿਆਂ ਢੋਲਕੀਆਂ ਦੇ ਸ਼ੋਰ ਵਿਚ ਸਾਨੂੰ ਅਕਲ ਲਤੀਫੀ ਦੀ ਸ਼ੇਅਰਬਾਜ਼ੀ ਕਦੇ ਵੀ ਸੁਣਨ ਦੇਣਗੇ-ਹਸਤ ਰੇਖਾਵਾਂ ਦੀ ਚਿੰਤਾਂ ਨਾ ਕਰੋ, ਹੱਥ ਸਿਰਜਨ ਹਾਰ ਨੇ ਤਕਦੀਰ ਦੇ।

ਜਦੋਂ ਤਕਦੀਰ ਦੇ ਤਦਬੀਰ ਇਕ-ਦੂਜੇ ਦੀਆਂ ਦੁਸ਼ਮਣ ਹੋ ਜਾਣ ਉਦੋਂ ਦੋਨੋਂ ਇਕ-ਦੂਜੇ ਨੂੰ ਥਾਪੜ-ਥਾਪੜ ਕੇ ਸੁਲਾਉਂਦੀਆਂ ਹਨ। ਸ਼ਾਇਦ ਏਸੇ ਲੋਰੀਆਂ ਤੇ ਲਾਰਿਆਂ ਭਰਪੂਰ ਥਪੜੇਵੇਂ ਨੇ ਸਾਨੂੰ ਸੈਂਕੜੇ ਸਾਲ ਸੁਲਾਈ ਰੱਖਿਆ।

ਗਜ਼ਨੀ ਗੌਰੀ ਸਾਡੀਆਂ ਛਾਤੀਆਂ 'ਤੇ ਮੂੰਗ ਦਲਦੇ ਰਹੇ ਪਰ ਅਸੀਂ ਜੈਚੰਦ ਮਗਰ ਤੁਰ ਪਏ ਪ੍ਰਿਥਵੀ ਰਾਜ ਨਾ ਪਛਾਣੇ। ਅਸੀਂ ਦਾਸਾਂ ਦੇ ਦਾਸ ਬਣੇ, ਖਿਲਜੀਆਂ ਨਾਲ ਖਲੋਏ, ਤੁਗਲਕਾਂ ਨਾਲ ਤੁਅਲਕ ਬਣਾਏ, ਲੋਧੀਆਂ, ਮੁਗਲਾਂ ਦੇ ਪੈਰਾਂ ਹੇਠ ਦਰੜ ਹੋਣਾ ਪਰਵਾਨ ਕਰ ਲਿਆ ਪਰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ, ਸ਼ਿਵਾ ਜੀ ਮਰਹਟਾ। ਰਾਣਾ ਪ੍ਰਤਾਪ ਸਭ ਨੂੰ ਟਿਚ ਜਾਣਿਆ। ਭਾਈ ਲਾਲੋ ਸਾਡੇ ਪਾਸ ਹੀ ਮਿਹਨਤਾਂ ਦੀ ਰੁਖੀ-ਸੁਖੀ ਖਾਂਦਾ ਰਿਹਾ ਪਰ ਅਸੀਂ ਮਲਕ ਭਾਗੋ ਦੇ ਬ੍ਰਹਮ ਭੋਜਾਂ ਵਿਚ ਪਕਦਾ ਖੂਨ ਛਕਦੇ ਰਹੇ। ਮੀਰਾ ਬਾਈ ਦੇ ਭਜਨ ਸਾਡੀ ਨੀਂਦ ਨਾ ਗੁਆ ਸਕੇ। ਬੱਚੇ ਨੀਂਹਾਂ ਵਿਚ ਚਿਣੇ ਗਏ, ਅਸੀਂ ਸੁੱਤੇ ਰਹੇ।

ਨਾ ਅਸੀਂ ਕਦੇ ਹਾਅ ਦਾ ਨਾਅਰਾ ਮਾਰਿਆ ਤੇ ਨਾ ਹੀ ਕਦੇ ਅਸੀਂ ਹਾਅ ਦਾ ਨਾਅਰੇ ਕਬੂਲਿਆ। ਸੱਤ ਸਮੁੰਦਰੋਂ ਪਾਰ ਅੰਗਰੇਜ਼ ਵਪਾਰ ਕਰਨ ਆਇਆ। ਅਸੀਂ ਜਾਣਿਆ ਹੀ ਨਾ ਕਿ ਅੰਗਰੇਜ਼ ਦਾ ਸੁਪਨਾ ਵਪਾਰ ਨਹੀਂ ਸਰਕਾਰ ਹੈ। ਅਸੀਂ ਟੋਟੇ-ਟੋਟੇ ਸੁੱਤੇ ਰਹੇ। ਮੀਰ ਜਾਫਰਾਂ ਨੇ ਸਾਨੂੰ ਅੰਗਰੇਜ਼ਾਂ ਦੀ ਝੋਲੀ ਪਾ ਦਿੱਤਾ।

ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਪਹਾੜਾ ਸਿੰਘ, ਲਾਲ ਸਿੰਘ, ਤੇਜਾ ਸਿੰਘ ਸਾਨੂੰ ਮੰਜੇ ਬਿਸਤਰੇ ਰਜਾਈ ਸਮੇਤ ਅੰਗਰੇਜ਼ ਕੋਲ ਵੇਚ ਗਏ। ਸ਼ਾਹ ਮੁਹੰਮਦ ਗਿਲਾ ਕਰਦਾ ਰਹਿ ਗਿਆ ਪਰ ਫੌਜਾਂ ਜਿੱਤ ਕੇ ਅੰਤ ਨੂੰ ਕਿਉਂ ਹਾਰੀਆਂ ਬਾਰੇ ਸਾਨੂੰ ਪਤਾ ਹੀ ਨਹੀਂ ਲੱਗਾ। ਸ਼ਾਇਦ ਕੋਈ ਜਾਗਦਾ ਜਾਣ ਰਾਏ, ਸੋ ਸ਼ਾਹ ਮੁਹੰਮਦ ਦਾ ਗਿਲਾ ਹਾਜ਼ਰ ਹੈ-

ਅੱਜ ਹੋਵੇ ਸਰਕਾਰ ਤਾਂ ਮੁਲ ਪਾਏ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ,
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਫੌਜਾਂ ਜਦੋਂ ਜਿੱਤ ਕੇ ਸੋ ਜਾਣ ਤਾਂ ਫਿਰ ਹਾਰਦੀਆਂ ਨੇ।

ਖਰਗੋਸ਼ ਦੀ ਆਗੋਸ਼ ਹੈ ਜਦੋਂ ਨੀਂਦਰ ਆ ਜਾਏ ਤਾਂ ਸਮਾਂ ਕੱਛੂ ਕੁੰਮਿਆਂ ਨੂੰ ਜਿਤਾਉਂਦਾ ਹੈ। ਪੰਜਾਬ ਦੀ ਨੀਂਦ ਹਮੇਸ਼ਾ ਪੰਜਾਬ ਵੰਡਦੀ ਹੈ ਤੇ ਹਰਾਉਂਦੀ ਹੈ। ਨਿਰਾ ਪੰਜਾਬ ਹੀ ਨਹੀਂ ਪੂਰਾ ਭਾਰਤ ਜਦ ਵੀ ਸੌਂਦਾ ਹੈ, ਉਦੋਂ ਹੀ ਗੁਲਾਮੀ ਨੂੰ ਸੱਦਾ ਦਿੰਦਾ ਹੈ।

ਅੰਗਰੇਜ਼ਾਂ ਵਿਰੁੱਧ ਵੀ ਲਾਜਪਤ ਜੀ ਜਾਗੋ ਅਤੇ ਸੀਨੇ 'ਤੇ ਲਾਠੀਆਂ ਖਾਧੀਆਂ, ਚੰਦਰ ਸ਼ੇਖਰ ਆਜ਼ਾਦਾ ਜਾਗੋ ਤਾਂ ਅੰਗਰੇਜ਼ਾਂ ਨੂੰ ਭਾਜੜਾਂ ਪਾਈਆਂ। ਜੇ ਅਜੀਤ ਸਿੰਘ ਜਾਗਿਆ ਤਾਂ ਕਿਸਾਨ ਜਾਗਿਆ ਤੇ ਇਸ ਗੀਤ ਸਦਕਾ ਹਿੰਦੋਸਤਾਨ ਜਾਗਿਆ-

ਪਗੜੀ ਸੰਭਾਲ ਜੱਟਾਂ
ਪਗੜੀ ਸੰਭਾਲ ਓਏ,
ਲੁਟ ਲਿਆ ਮਾਲ ਤੇਰਾ
ਲੁੱਟ ਲਿਆ ਮਾਲ ਓਏ।

ਚਾਚੇ ਅਜੀਤ ਨੇ ਕਿਸਾਨ ਜਗਾਇਆ। ਭਤੀਜੇ ਭਗਤ ਸਿੰਘ ਨੇ ਜਵਾਨ ਜਗਾਇਆ। ਭਾਰਤ ਦੀ ਅਸੈਂਬਲੀ ਵਿਚ ਬੰਬ ਸੁੱਟ ਕੇ ਲੰਡਨ ਤੀਕ ਗੋਰੀ ਹਕੂਮਤ ਨੂੰ ਜਗਾਇਆ। ਸੁੱਤਾ ਮੁਲਕ ਸੁਣ ਕੇ ਜਾਗ ਪਿਆ-

ਸਰਫਰੋਸ਼ੀ ਕੀ ਤਮੰਨਾ,
ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂਏ ਕਾਤਲ ਮੇਂ ਹੈ।

ਫਾਂਸੀ ਦੇ ਰੱਸੇ ਚੁੰਮ ਕੇ, 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਗਾਇਆ ਗਿਆ। ਸੁਭਾਸ਼ ਜੀ ਨੇ ਕੌਮੀ ਨਾਅਰਾ 'ਜੈ ਹਿੰਦ' ਦਾ ਨਾਅਰਾ ਗੁੰਜਾਇਆ। ਨਹਿਰੂ ਜੀ ਨੇ ਪੂਰਨ ਸਵੈ ਰਾਜ ਦੀ ਉਮੰਗ ਜਗਾਈ। ਗਾਂਧੀ ਜੀ ਨੇ ਗਰਮ ਲੋਹੇ 'ਤੇ ਟਿਕਾਣੇ ਸੱਟ ਮਾਰਦਿਆਂ ਕਿਹਾ, "ਅੰਗਰੇਜ਼ੋ ਭਾਰਤ ਛੱਡ ਦਿਓ" ਲਾਲ ਕਿਲੇ ਤੋਂ ਤਿਰੰਗਾ ਲਹਿਰਾਇਆ ਤੇ ਲੋਕਾਂ ਨੂੰ ਆਜ਼ਾਦ ਹਿੰਦ ਫੌਜ ਦਾ ਗੀਤ ਯਾਦ ਆਇਆ:-

ਦੂਰ ਹਟੋ ਐ ਦੁਨੀਆ ਵਾਲੇ
ਹਿੰਦੁਸਤਾਨ ਹਮਾਰਾ ਹੈ।
ਆਜ ਹਿਮਾਲਾ ਕੀ ਚੋਟੀ ਸੇ ਤਰੰਗਾ
ਯੋਹ ਲਲਕਾਰਾ ਹੈ।

ਅੰਗਰੇਜ਼ ਭਾਰਤ ਛੱਡ ਗਏ। ਭਾਰਤ ਆਜ਼ਾਦ ਹੋ ਗਿਆ ਪਰ ਅੱਜ ਜਦ ਮੈਂ ਇਹ ਲੇਖ ਰਿਹਾ ਹਾਂ ਤਾਂ ਮੇਰਾ ਮਾਸੂਮ ਦੋਹਤਾ ਮੈਥੋਂ ਭਗਤ ਸਿੰਘ ਦੀ ਵਾਰ ਗਾਥਾ ਸੁਣਦਾ ਹੈ। ਉਸਨੇ ਭਗਤ ਸਿੰਘ ਦੀ ਫੈਂਸੀ ਡਰੈੱਸ ਪਾ ਕੇ ਸਕੂਲ ਜਾਣਾ ਹੈ। ਜਦ ਮੈਂ ਉਸਨੂੰ ਸਕੂਲ ਕਲਾਸ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਉਣ ਲਈ ਕਹਿੰਦਾ ਹਾਂ ਤਾਂ ਉਹ ਇੰਗਲਿਸ਼ ਵਿਚ ਆਖਦਾ ਹੈ, "Nana ji nobody cares for freedom in the school". ਮੈਂ ਝੰਜੋੜਿਆ ਗਿਆ, ਵਲੂੰਧਰਿਆ ਗਿਆ, ਕੰਬ ਉਠਿਆ। ਸਾਡੀ ਸਿੱਖਿਆ ਪ੍ਰਣਾਲੀ ਭਗਤ ਸਿੰਘ ਦੀ ਫਿਲਾਸਫੀ ਤੋਂ ਬੱਚਿਆਂ ਨੂੰ ਕੋਰਾ ਰੱਖ ਰਹੀ ਹੈ।

ਸਿਰਫ ਥਾਣੇ ਦੇ ਭਗਤ ਸਿੰਘ ਪੈਦਾ ਕਰ ਰਹੀ ਹੈ। ਅਸਲ ਭਾਰਤ ਜਾਗ ਨਾ ਜਾਏ ਇਸ ਦਾ ਪੂਰਾ ਯਤਨ ਹੈ। ਭਗਤ ਸਿੰਘ ਤੇ ਗਾਂਧੀ ਦੀ ਮੰਜ਼ਿਲ ਉਂਘਲਾ ਰਹੀ ਹੈ। ਭਾਂਤ-ਭਾਂਤ ਦੇ ਨਸ਼ਿਆਂ ਦੇ ਅਸਰ ਹੇਠ ਗੁੰਮ ਹਨ ਤੇ ਕਦਮ ਲੜਖੜਾ ਰਹੇ ਹਨ। ਭਗਤ ਸਿੰਘ ਤੇ ਗਾਂਧੀ ਦਾ ਫਾਸਲਾ ਐਨਾ ਵਧਾਇਆ ਹੈ ਕਿ ਦੋਵਾਂ ਦੀ ਗੱਲਵੱਕੜੀ ਨਾ ਪੈ ਸਕੇ। ਦੋਨਾਂ ਵਿਚਕਾਰ ਅਤਿਵਾਦ, ਕੁਪੱਤਵਾਦ, ਫਿਰਕੂਵਾਦ ਤੇ ਬੇਅਰਥਾ ਵਾਦ-ਵਿਵਾਦ ਕੁਝ ਐਸੀ ਸ਼ਕਲ ਧਾਰਨ ਕਰ ਗਿਆ ਹੈ ਕਿ ਸਾਨੂੰ ਪਤਾ ਨਹੀਂ ਲੱਗ ਰਿਹਾ ਹੈ ਭਗਤ ਸਿੰਘ ਤੇ ਗਾਂਧੀ ਨੂੰ ਪਲ-ਪਲ ਕੌਣ ਮਾਰ ਰਿਹਾ ਹੈ।

ਭਗਤ ਸਿੰਘ ਜਾਂ ਗਾਂਧੀ ਦਾ ਰਿਸ਼ਤਾ ਜਦ ਤੋਂ ਵਿਗੜਿਆ ਹੈ ਤਦ ਤੋਂ ਅਸੀਂ ਦਿਨ-ਬ-ਦਿਨ ਸੌਂ ਰਹੇ ਹਾਂ। ਸਾਡੇ ਵਿਚੋਂ ਅਣਖ ਸੌਂ ਗਈ ਹੈ, ਸੰਘਰਸ਼ ਸੌਂ ਗਿਆ ਹੈ। ਅੰਗੜਾਈ ਸੌਂ ਗਈ ਹੈ ਨਾਅਰੇ ਸੌਂ ਗਏ ਹਨ, ਸੱਚੇ ਤੇ ਝੂਠੇ ਦੀ ਪਛਾਣ ਸੌਂ ਗਈ ਹੈ। ਛੇ ਰੁਪਏ ਦੀ ਚੀਜ਼ ਸੱਠ ਦੀ ਹੋ ਜਾਏ ਅਸੀਂ ਆਖਦੇ ਹਾਂ। ਸਾਨੂੰ ਕੀ ? ਕੋਈ ਸਾਡੀ ਇੱਜ਼ਤ ਦਿਨ-ਦਿਹਾੜੇ ਲੁਟ ਲਏ ਅਸੀਂ ਕਹਿੰਦੇ ਹਾਂ, "ਤੁਹਾਨੂੰ ਕੀ ?" ਪੁਲਸ ਚੋਰਾਂ ਵਾਂਗ ਸਾਡੀ ਜੇਬ ਫੋਲ ਜਾਏ ਤਾਂ ਅਸੀਂ ਤਸੱਲੀ ਪ੍ਰਗਟ ਕਰਦੇ ਹਾਂ ਇਹ ਕਹਿ ਕੇ ਕਿ, "ਫੇਰ ਕੀ ਹੋਇਆ ?" ਕਤਲ ਸਾਡੇ ਸਾਹਮਣੇ ਹੁੰਦਾ ਹੈ ਪਰ ਅਸੀਂ ਕਬੂਤਰ ਵਾਂਗ ਅੱਖਾਂ ਮੀਟ ਕੇ ਇਹ ਭਾਵਨਾ ਪਾਲਦੇ ਹਾਂ, "ਯਾਰ ਲਫੜੇ ਵਿਚ ਕੌਣ ਪਵੇ ?" ਚੋਣਾਂ ਸਮੇਂ ਅਸੀਂ ਸ਼ਰਾਬ, ਨੋਟ ਭੁੱਕੀ ਵੱਟੇ ਵਿਕਦੇ ਹਾਂ ਤਾਂ ਮਨੋ ਮਨੀ ਕਹਿੰਦੇ ਹਾਂ, "ਵਗਦੀ ਗੰਗਾ ਵਿਚ ਇਸ਼ਨਾਨ ਕਰ ਲਵੋ ਕੀ ਹਰਜ਼ ਹੈ ?" ਕੀ ਹਰਜ਼ ਹੈ ਨੇ ਭੁਲਾ ਦਿੱਤਾ ਹੈ "ਕੀ ਫਰਜ਼ ਹੈ ?" ਐਸਾ, ਇੰਡੀਆ ਕਦੇ ਜਾਗੇਗਾ ਨਹੀਂ। ਮਾਨਸਿਕ ਮਰੀਜ਼ ਦਾ ਸੁੱਤੇ ਰਹਿਣ ਵਿਚ ਭਲਾ ਹੈ। ਜਦ ਤੱਕ ਬਾਣ ਨਹੀਂ ਲੱਗਦੇ ਤੱਕ ਤਕ ਜੋਸ਼ ਨਹੀਂ ਜਾਗਦਾ, ਹੋਸ਼ ਨਹੀਂ ਜਾਗਦਾ। ਇਸ ਲਈ ਮਹਿੰਦੀ ਨੂੰ ਪੱਥਰ 'ਤੇ ਰਗੜ ਖਾਣ ਦਿਓ।

ਰੰਗ ਲਾਤੀ ਹੈ ਹਿਨਾ ਪੱਥਰ ਪੇ ਘਿਸ ਜਾਨੇ ਕੇ ਬਾਦ।
ਆਦਮੀ ਬਨਤਾ ਹੈ ਇਨਸਾਂ ਠਕਰੇਂ ਖਾਨੇ ਕੇ ਬਾਦ।

- ਜਗਜੀਤ ਸਿੰਘ ਕੋਮਲ



## ਗ਼ਜ਼ਲਾਂ

ਇਹ ਮੰਜ਼ਰ ਦੇਖ ਕੇ ਦਿਲ ਡਰ ਗਿਆ ਹੈ।
ਸਮੁੰਦਰ ਕਿਸ਼ਤੀਆਂ 'ਤੇ ਤਰ ਗਿਆ ਹੈ।
ਜਦੋਂ ਖੁੱਲ੍ਹੇ ਤਾਂ ਦਰ ਚੀਕੇ ਕਿਵੇਂ ਨੇ,
ਕੋਈ ਵਰ੍ਹਿਆਂ ਦੇ ਮਗਰੋਂ ਘਰ ਗਿਆ ਹੈ।
ਮੈਂ ਉਸ ਦੀ ਸੋਚ ਵਿਚ ਚੰਨ ਬਣ ਚੜ੍ਹਾਂਗਾ,
ਜੋ ਮੇਰੀ ਹੋਂਦ ਤੋਂ ਮੁੱਕਰ ਗਿਆ ਹੈ।
ਉਹ ਬੰਦਾ ਜ਼ੁਲਮ ਆਰੇ ਅਗਨੀਆਂ ਦਾ,
ਬਦਨ 'ਤੇ ਬਿਰਖ ਵਾਂਗੂੰ ਜਰ ਗਿਆ ਹੈ।
ਜੋ ਤੱਕਿਐ, ਕਾਸ਼! ਉਹ ਸੁਪਨਾ ਹੀ ਨਿਕਲੇ,
ਮੇਰੇ ਦਿਲ ਕੋਲ ਦੀ ਖੰਜਰ ਗਿਆ ਹੈ
ਸਨੋਅ ਦਾ ਖੂਬਸੂਰਤ ਜਿਸਮ ਤੱਕਿਐ,
ਦੁਪਹਿਰੇ ਸਿਖਰ ਸੂਰਤ ਠਰ ਗਿਆ ਹੈ।
ਸਮੁੰਦਰ ਹੱਸਿਐ ਸੂਲੀ 'ਤੇ ਚੜ੍ਹ ਕੇ,
ਤਾਂ ਚਿਹਰਾ ਔੜ ਦਾ ਉੱਤਰ ਗਿਆ ਹੈ।

✿✿✿✿✿

ਮੇਰੇ ਰੱਥਾਂ ਨੂੰ ਦਸਤਕ ਦੀ ਯਾਦ ਦਿਵਾਉਂਦਾ ਹੈ।
ਮੇਰੇ ਸੁਪਨੇ 'ਚ ਅੱਜਕੱਲ੍ਹ ਇਕ ਬੂਹਾ ਆਉਂਦਾ ਹੈ।
ਕਿਸ਼ਤੀ, ਸੂਲੀ, ਵੰਝਲੀ, ਭਾਲਾ ਮੋਰ ਬਣਾਉਂਦਾ ਹੈ।
ਬਿਰਖਾਂ ਵਿਚ ਬੰਦਾ ਮਨ ਦੀ ਦਸ਼ਾ ਦਿਖਾਉਂਦਾ ਹੈ।
ਭੀੜ ਦੇ ਸਾਗਰ 'ਚ ਘਿਰਿਆਂ ਤਨਹਾ ਟਾਪੂ ਹਾ,
ਵਾਕਿਫ ਕਦਮਾਂ ਦੀ ਛੋਹ ਨੂੰ ਜੋ ਚਿੱਠੀਆਂ ਪਾਉਂਦਾ ਹੈ।
ਇਕਲਾਪੇ ਵਿਚ ਸੁੱਤਾ ਨ੍ਹੇਰਾ ਤਿੜਕਦਾ ਹੈ,
ਉਜੜੇ ਹੋਏ ਘਰ ਵਿਚ ਦੀਵਾ ਕੌਣ ਜਗਾਉਂਦਾ ਹੈ ?
ਉਸ ਦਾ ਸ਼ੁਗਲ ਕਿਸੇ ਦਿਨ ਆਹਲਣਿਆਂ ਨੂੰ ਸਾੜੇਗਾ,
ਜਿਹੜਾ ਆਤਿਸ਼ਬਾਜ਼ੀ ਬਿਰਖਾਂ ਕੋਲ ਚਲਾਉਂਦਾ ਹੈ।
ਮੁਲਬਾ ਅੱਖਰ, ਲਗਾਂ ਕੇ ਲਾਸ਼ਾਂ, ਲਿਪੀ ਬੰਬਾਰੀ,
ਗੁੰਮ-ਸੁੰਮ ਬੱਚਾ ਘਰ ਵੱਲ ਤੱਕਦਾ, ਵਾਕ ਬਣਾਉਂਦਾ ਹੈ
ਸ਼ੇਖੀ ਵਿਚ ਟਾਪੂ 'ਤੇ ਪਹਿਲਾਂ ਬੇੜੀ ਫੂਕ ਲਈ,
ਉੱਠਦਾ ਦੇਖ ਤੂਫਾਨ ਮੁਸਾਫਰ ਹੁਣ ਪਛਤਾਉਂਦਾ ਹੈ।

✿✿✿✿✿

## ਆਸ

ਮਨੀ ਅਤੇ ਰਾਜੂ ਦੋਵੇਂ ਛੇਵੀਂ ਕਲਾਸ ਵਿੱਚ ਪੜ੍ਹਦੇ ਸਨ। ਮਨੀ ਨੂੰ ਸਾਇਕਲ 'ਤੇ ਸਕੂਲ ਜਾਂਦਿਆਂ ਵੇਖ ਰਾਜੂ ਨੇ ਵੀ ਕਈ ਵਾਰ ਆਪਣੇ ਬਾਪ ਕੋਲੋਂ ਸਾਈਕਲ ਦੀ ਮੰਗ ਕੀਤੀ। ਰਾਜੂ ਦਾ ਗਰੀਬ ਮਜ਼ਦੂਰ ਬਾਪ ਰਾਜੂ ਦੀ ਸਾਈਕਲ ਖਰੀਦਣ ਦੀ ਮੰਗ ਕਦੇ ਵੀ ਪੂਰੀ ਨਾ ਕਰ ਸਕਿਆ। ਇੱਕ ਦਿਨ ਕਲਾਸ ਇੰਚਾਰਜ ਅਧਿਆਪਕ ਨੇ ਸਾਰੇ ਵਿਦਿਆਰਥੀਆਂ ਨੂੰ ਰੈੱਡ ਕਰਾਸ ਦੀਆਂ ਪਰਚੀਆਂ ਫੜਾਉਂਦੇ ਹੋਏ ਆਖਿਆ, "ਕੱਲ੍ਹ ਨੂੰ ਸਾਰੇ ਜਣੇ ਵੀਹ-ਵੀਹ ਰੁਪਏ ਲੈ ਕੇ ਆਇਓ, ਰੈੱਡ ਕਰਾਸ ਵੱਲੋਂ ਤੁਹਾਡੀ ਲਾਟਰੀ ਪਾਈ ਗਈ ਹੈ। ਇਨਾਮ ਵਿੱਚ ਇਕ ਨਵਾਂ ਸਾਈਕਲ ਤੇ ਹੋਰ ਵੀ ਬਹੁਤ ਸਾਰੇ ਇਨਾਮ ਨਿਕਲਣੇ ਹਨ। ਮਨੀ ਅਤੇ ਰਾਜੂ ਨੇ ਪਰਚੀਆਂ ਫੜਾ ਕੇ ਪੈਸਿਆਂ ਦੀ ਮੰਗ ਕੀਤੀ। ਮਨੀ,ਜਿਸ ਦਾ ਬਾਪ ਪਟਵਾਰੀ ਸੀ, ਨੇ ਪੰਜਾਹ ਰੁਪਏ ਦਾ ਨੋਟ ਫੜਾਉਂਦੇ ਹੋਏ ਕਿਹਾ, " ਬਾਕੀ ਪੈਸੇ ਤੂੰ ਆਪਣੀ ਜੇਬ ਖਰਚੇ ਵਾਸਤੇ ਰੱਖ ਲਈਂ" ਰਾਜੂ ਦੇ ਮਜ਼ਦੂਰ ਬਾਪ ਨੇ ਸ਼ਾਮ ਨੂੰ ਕੰਮ ਤੋਂ ਵਾਪਸ ਆ ਕੇ ਆਪਣੇ ਮੈਲੇ ਅਤੇ ਫਟੇ ਹੋਏ ਕੁੜਤੇ ਦੀ ਜੇਬ ਵਿਚੋਂ ਦਸ ਰੁਪਏ ਦਾ ਨੋਟ ਰਾਜੂ ਨੂੰ ਫੜਾਉਂਦੇ ਹੋਏ ਕਿਹਾ, " ਰਾਜੂ ਵੀਹ ਰੁਪਏ ਕੰਮ ਦੇ ਮਿਲੇ ਸਨ, ਦਸ ਰੁਪਏ ਦਾ ਆਟਾ ਲੈ ਆਇਆ ਹਾਂ ਅਤੇ ਆਹ ਦਸ ਰੁਪਏ ਤੂੰ ਲੈ ਜਾ ਬਾਕੀ ਦਸ ਮੈਂ ਕੱਲ੍ਹ ਸ਼ਾਮ ਨੂੰ ਦਿਹਾੜੀ ਲਾ ਕੇ ਦੇ ਦੇਵਾਂਗਾ।" ਦਸ ਦਾ ਨੋਟ ਫੜਦੇ ਹੋਏ ਰਾਜੂ ਦੀਆਂ ਅੱਖਾਂ ਵਿੱਚ ਨਵਾਂ ਸਾਈਕਲ ਮਿਲਣ ਦੀ "ਆਸ" ਸਾਫ ਦੇਖੀ ਜਾ ਸਕਦੀ ਸੀ।

-ਡਾ. ਰਾਜਵੀਰ ਸਿੰਘ ਸੰਧੂ

# ਕੁਦਰਤ ਦੀ ਖ਼ੂਬਸੂਰਤੀ

**ਤਾਨੀਆ ਦੁੱਗਲ**

ਕੁਦਰਤ ਇਨਸਾਨ ਲਈ ਬਹੁਤ ਹੀ ਅਨਮੋਲ ਪਸਾਰਾ ਹੈ। ਅਸੀਂ ਬਹੁਤ ਖ਼ੁਸ਼ਕਿਸਮਤ ਹਾਂ ਕਿ ਕੁਦਰਤ ਦੇ ਅਨਮੋਲ ਖ਼ਜ਼ਾਨੇ ਨੂੰ ਵੇਖ ਸਕਦੇ ਹਾਂ ਪਰ ਇਸ ਖ਼ੂਬਸੂਰਤੀ ਨੂੰ ਮਾਣਨ ਦੇ ਨਾਲ ਨਾਲ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਖ਼ਜ਼ਾਨੇ ਨੂੰ ਹਮੇਸ਼ਾਂ ਸੰਭਾਲ ਕੇ ਰੱਖੀਏ।

ਹਰ ਬੰਦੇ ਦਾ ਕੁਦਰਤ ਨੂੰ ਵੇਖਣ ਦਾ ਨਜ਼ਰੀਆ ਵੱਖਰਾ ਹੁੰਦਾ ਹੈ। ਜਦੋਂ ਅਸੀਂ ਉਸ ਦੇ ਰੰਗਾਂ ਜਾਂ ਰੁੱਖਾਂ ਨੂੰ ਵੇਖਦੇ ਹਾਂ ਤਾਂ ਸਾਨੂੰ ਸਾਰਾ ਆਲਾ ਦੁਆਲਾ ਸੋਹਣਾ ਲੱਗਦਾ ਹੈ।

ਦਰਿਆ ਦੇ ਕਿਨਾਰੇ, ਪਹਾੜ, ਫੁੱਲਾਂ ਨਾਲ ਸ਼ਿੰਗਾਰੇ ਬਗ਼ੀਚੇ ਆਦਿ ਕੁਦਰਤੀ ਨਜ਼ਾਰਿਆਂ ਦਾ ਆਨੰਦ ਵੱਖਰਾ ਹੀ ਹੁੰਦਾ ਹੈ। ਸਵੇਰ ਤੋਂ ਸ਼ਾਮ ਤਕ ਰੰਗਾਂ ਦਾ ਬਦਲਦਾ ਰੂਪ, ਸ਼ਾਮ ਨੂੰ ਸੂਰਜ ਦੇ ਛਿਪਣ ਦਾ ਦ੍ਰਿਸ਼ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਇਸੇ ਹੀ ਤਰ੍ਹਾਂ ਗਰਮੀਆਂ ਦੇ ਦਿਨਾਂ 'ਚ ਜਦੋਂ ਮੀਂਹ ਪੈਂਦਾ ਹੈ ਤਾਂ ਉਸ ਦਾ ਆਨੰਦ ਮਾਣਨ ਦਾ ਵੀ ਵੱਖਰਾ ਹੀ ਨਜ਼ਾਰਾ ਹੁੰਦਾ ਹੈ।

ਕੁਦਰਤ ਦੇ ਇਨ੍ਹਾਂ ਨਜ਼ਾਰਿਆ ਨੂੰ ਵੇਖਦੇ ਹੋਏ ਹਰ ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਕੁਦਰਤ ਨੂੰ ਪਿਆਰ ਕਰੇ ਤੇ ਕਾਦਰ ਵੱਲੋਂ ਦਿੱਤੀ ਇਸ ਵੱਡਮੁੱਲੀ ਦੇਣ ਨੂੰ ਸੰਭਾਲ ਕੇ ਰੱਖੇ। ਅਜਿਹਾ ਕਰਨ ਨਾਲ ਸਾਡੀ ਜ਼ਿੰਦਗੀ ਵੀ ਕੁਦਰਤ ਵਾਂਗ ਖ਼ੂਬਸੂਰਤ ਹੋ ਜਾਵੇਗੀ। ਕਿਉਂਕਿ ਇਸ ਦੇ ਨਾਲ ਸਾਡਾ ਤੇ ਪਰਿਵਾਰ ਦਾ ਜੀਵਨ ਜੁੜਿਆ ਹੈ।

ਕੁਦਰਤ ਬਾਰੇ ਪ੍ਰਸਿੱਧ ਲੇਖਕ ਨਰਿੰਦਰ ਸਿੰਘ ਕਪੂਰ ਲਿਖਦੇ ਹਨ, 'ਸਿਆਣਪ ਕੁਦਰਤ ਵਿਚ ਹੈ, ਲੋੜ ਇਸ ਨੂੰ ਅਪਣਾਉਣ ਦੀ ਹੈ। ਕੁਦਰਤ ਨੇ ਆਪਣੀ ਸਿਆਣਪ ਨਾਲ ਪੰਛੀਆਂ ਦੇ ਰਹਿਣ ਲਈ ਦਰੱਖ਼ਤ ਅਤੇ ਉੱਡਣ ਲਈ ਆਸਮਾਨ ਬਣਾਇਆ ਹੈ, ਜਦੋਂ ਕਿ ਮਨੁੱਖ ਨੇ ਆਪਣੇ ਗਿਆਨ ਨਾਲ ਪਿੰਜਰੇ ਬਣਾਏ ਹਨ। ਮਨੁੱਖ ਜਿਸ ਜੀਵ ਨੂੰ ਪਾਲ਼ਦਾ ਹੈ, ਉਸ ਨੂੰ ਕੈਦ ਕਰ ਲੈਂਦਾ ਹੈ। ਮਨੁੱਖ ਆਪਣੇ ਗਿਆਨ ਨੂੰ ਵਰਤਕੇ ਆਲੇ-ਦੁਆਲੇ ਨੂੰ ਕਾਬੂ ਕਰਦਾ ਹੈ। ਗਿਆਨ ਵਿਚ ਹਉਮੈ ਹੁੰਦੀ ਹੈ, ਇਸ ਕਰਕੇ ਇਸ ਦੀ ਦੁਰਵਰਤੋਂ ਹੁੰਦੀ ਹੈ'।



ਇਨਸਾਨ ਨੇ ਕੁਦਰਤ ਨਾਲ ਖਿਲਵਾੜ ਕਰਕੇ, ਜੀਵ ਜੰਤੂਆਂ ਦੀ ਜ਼ਿੰਦਗੀ ਖ਼ਤਰੇ ਵਿਚ ਪਾ ਦਿੱਤੀ ਹੈ ਜਿਸ ਕਾਰਨ ਕਈ ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਹੀ ਲੁਪਤ ਹੋ ਗਈਆਂ ਤੇ ਕਈ ਲੁਪਤ ਹੋਣ ਦੀ ਕਗਾਰ 'ਤੇ ਹਨ। ਇਨਸਾਨ ਕੁਦਰਤ ਦੀ ਸੰਭਾਲ ਕਰਨ ਲੱਗ ਜਾਵੇ ਤਾਂ ਕੁਦਰਤ ਉਸ ਨੂੰ ਬਿਮਾਰੀਆਂ ਅਤੇ ਤਣਾਅ ਤੋਂ ਬਚਾਉਣ ਵਿਚ ਸਹਾਈ ਹੋ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਮਨੁੱਖ ਦਾ ਜੀਵਨ ਕੁਦਰਤ ਵਰਗਾ ਨਿਰਮਲ ਹੋ ਜਾਵੇਗਾ। •



# ਗੋਰਾ ਰੰਗ ਟਿੱਬਿਆਂ ਦਾ ਰੇਤਾ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਰੰਗ ਕਾਲਾ ਹੋਵੇ ਭਾਵੇਂ ਗੋਰਾ, ਦੋਵਾਂ ਨੂੰ ਪੰਜਾਬੀ ਲੋਕ ਬੋਲੀਆਂ ਵਿਚ ਬਰਾਬਰ ਥਾਂ ਦਿੱਤੀ ਗਈ ਹੈ ਪਰ ਦੁਨਿਆਵੀ ਪੱਧਰ 'ਤੇ ਗੋਰੇ ਰੰਗ ਨੂੰ ਹਰ ਕੋਈ ਤਰਜੀਹ ਦਿੰਦਾ ਹੈ ਤੇ ਗੋਰਾ ਰੰਗ ਪਾਉਣ ਲਈ ਮੁਟਿਆਰਾਂ ਕਈ ਪ੍ਰਕਾਰ ਦੇ ਪਾਪੜ ਵੇਲਦੀਆਂ ਹਨ। ਮਾਂ ਬੋਲੀ ਪੰਜਾਬੀ ਵਿਚ ਗੁੰਦੇ ਅਜਿਹੇ ਅਨੇਕਾਂ ਹੀ ਲੋਕ ਗੀਤ ਅਤੇ ਲੋਕ ਬੋਲੀਆਂ ਹਨ ਜਿਨ੍ਹਾਂ ਵਿਚ ਗੋਰੇ ਰੰਗ ਦੀਆਂ ਸਿਫ਼ਤਾਂ ਵੀ ਸੁਣਾਈਆਂ ਗਈਆਂ ਹਨ ਤੇ ਕਿਤੇ ਕਿਤੇ ਇਸ ਰੰਗ ਕਰਕੇ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਗੋਰੇ ਰੰਗ 'ਤੇ ਉਂਜ ਤਾਂ ਹਰੇਕ ਰੰਗ ਦਾ ਕੱਪੜਾ ਫੱਬਦਾ ਹੈ ਪਰ ਫਿਰ ਵੀ ਆਪਣੇ ਹੁਸਨ ਨੂੰ ਚਾਰ ਚੰਨ ਲਾਉਣ ਲਈ ਉਹ ਸਹੇਲੀਆਂ ਤੋਂ ਪੁੱਛਦੀ ਹੈ।

ਗੋਰੇ ਰੰਗ 'ਤੇ ਦੁਪੱਟਾ ਕਿਹੜਾ ਜੱਚਦਾ
ਉਹ ਕੁੜੀਆਂ ਤੋਂ ਪੁੱਛਦੀ ਫਿਰੇ...

ਜੇ ਕਿਸੇ ਪੰਜਾਬਣ ਨੂੰ ਗੋਰਾ ਰੰਗ ਨਾਲ ਕੁਦਰਤ ਨੇ ਰੱਜਵਾਂ ਹੁਸਨ ਵੀ ਉਸ ਦੀ ਝੋਲੀ ਪਾਇਆ ਹੋਵੇ ਤਾਂ ਭਲਾ ਫਿਰ ਉਹ ਮਾਣਮੱਤੀ ਕਿਉਂ ਮਹਿਸੂਸ ਨਾ ਕਰੇ?

ਘੁੰਡ ਨੂੰ ਸਮਾਜਿਕ ਬੁਰਾਈ ਆਖਦਿਆਂ ਬੇਸ਼ੱਕ ਸਮਾਜ ਨੇ ਸਮੇਂ ਦੀ ਚਾਲ ਨਾਲ ਚਾਲ ਮਿਲਾਉਂਦਿਆਂ ਖ਼ਤਮ ਕਰ ਦਿੱਤਾ ਪਰ ਜਦੋਂ ਘੁੰਡ ਦਾ ਰਿਵਾਜ ਪੰਜਾਬੀ ਵਿਰਸੇ ਤੇ ਸੱਭਿਆਚਾਰ ਦਾ ਅੰਗ ਹੁੰਦਾ ਸੀ ਤਾਂ ਇਹ ਵੱਡਿਆਂ-ਬਜ਼ੁਰਗਾਂ ਪ੍ਰਤੀ ਆਦਰ ਤੇ ਮਾਣ-ਸਤਿਕਾਰ ਦੇ ਨਾਲ ਨਾਲ ਸੰਗ-ਸ਼ਰਮ ਦਾ ਸੂਚਕ ਵੀ ਸੀ। ਗੋਰੇ ਰੰਗ ਵਾਲੀ ਸੋਹਣੀ ਮੁਟਿਆਰ ਇਕ ਪਾਸੇ ਤਾਂ ਆਪਣੇ ਜੇਠ ਤੇ ਸਹੁਰੇ ਕੋਲੋਂ ਘੁੰਡ ਕੱਢਦੀ ਸੀ ਤੇ ਦੂਜੇ ਪਾਸੇ ਆਪਣੇ ਹੁਸਨ ਦੇ ਝਲਕਾਰੇ ਵੀ ਉਨ੍ਹਾਂ ਲੋਕਾਂ ਤਕ ਪੁਚਾਉਣਾ ਲੋਚਦੀ ਸੀ। ਇਨ੍ਹਾਂ ਦੋਹਾਂ ਵਰਤਾਰਿਆਂ 'ਚ ਤਾਲਮੇਲ ਬਿਠਾਉਣ ਦੇ ਚੱਕਰ 'ਚ ਉਹ ਲੋਕ-ਆਲੋਚਨਾ ਦੀ ਸ਼ਿਕਾਰ ਵੀ ਹੋ ਜਾਂਦੀ ਸੀ। ਲੋਕ ਬੋਲੀ ਰਾਹੀਂ ਉਸ 'ਤੇ ਤਨਜ਼ ਕੱਸਦਿਆਂ ਕਿਹਾ ਗਿਆ ਹੈ।

ਨੰਗਾ ਰੱਖਦੀ ਕਲਿੱਪ ਵਾਲਾ ਪਾਸਾ
ਸਹੁਰੇ ਕੋਲੋਂ ਘੁੰਡ ਕੱਢਦੀ।

ਆਪਣੀਆਂ ਸਹੇਲੀਆਂ, ਪਿੰਡ ਦੇ ਗੱਭਰੂਆਂ ਤੇ ਮਾਹੀ ਤੋਂ ਗੋਰੇ ਰੰਗ ਦੀਆਂ ਤਾਰੀਫ਼ਾਂ ਸੁਣਦੀ ਮੁਟਿਆਰ ਨੂੰ ਸਮਾਜ ਦੇ ਸੁੱਘੜ-ਸਿਆਣੇ ਲੋਕਾਂ ਤੋਂ ਕਈ ਤਰ੍ਹਾਂ ਦੀਆਂ ਸਿਆਣਪਾਂ ਵੀ ਹਾਸਿਲ ਹੁੰਦੀਆਂ ਸਨ। ਸੱਥਾਂ 'ਚ ਬੈਠੇ ਵੱਡੇ ਬਜ਼ੁਰਗ ਤੇ ਖੁੱਲ੍ਹੇ ਵਿਹੜਿਆਂ 'ਚ ਪੂਣੀਆਂ ਕੱਤਦੀਆਂ ਸਿਆਣੀਆਂ ਬੀਬੀਆਂ ਉਸ ਨੂੰ ਗੋਰੇ ਰੰਗ ਦੀ ਹਕੀਕਤ ਸਮਝਾਉਂਦਿਆਂ ਕਹਿੰਦੀਆਂ ਸਨ।

ਗੋਰਾ ਰੰਗ ਟਿੱਬਿਆਂ ਦਾ ਰੇਤਾ
ਹਵਾ ਆਈ ਉੱਡ ਜਾਊਗਾ...। •

**ਮੋਬਾਈਲ : 97816-46008**

# ਬੀਬੀ ਜੀ ਦੀਆਂ ਚੂੜੀਆਂ



ਹਰਜੀਤ ਸਿੰਘ ਸਿੱਧੂ
99155-41219

ਅਸੀਂ ਤਿੰਨੇ ਭੈਣ-ਭਰਾ ਆਪਣੀ ਮਾਂ ਨੂੰ ਬੀਬੀ ਜੀ ਕਹਿ ਕੇ ਬੁਲਾਉਂਦੇ ਸੀ। ਉਹ ਅਣਥੱਕ ਅਤੇ ਘਰ-ਪਰਿਵਾਰ ਨਾਲ ਸਬੰਧਿਤ ਸਾਰੇ ਕੰਮਾਂ ਵਿਚ ਮਾਹਰ ਸਨ। ਪਿਤਾ ਜੀ ਪੰਤਾਲੀ ਸਾਲ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਘਰ ਵਾਪਸ ਆ ਗਏ ਸਨ। ਘਰੇਲੂ ਜ਼ਿੰਮੇਵਾਰੀਆਂ ਹਿੱਤ ਡੇਢ ਸੌ ਰੁਪਏ ਪ੍ਰਤੀ ਮਹੀਨਾ ਤੇ ਫਿਰ ਤੋਂ ਪ੍ਰਾਈਵੇਟ ਅਦਾਰੇ ਵਿਚ ਨੌਕਰੀ ਕਰਨ ਲੱਗ ਪਏ। ਪੜ੍ਹਾਈ ਪੂਰੀ ਹੋਣ 'ਤੇ ਮੈਨੂੰ ਛੇ ਮਹੀਨੇ ਦੇ ਆਧਾਰ 'ਤੇ ਸਕੂਲ ਅਧਿਆਪਕ ਦੀ ਨੌਕਰੀ ਮਿਲ ਗਈ। ਪਹਿਲੇ ਦਿਨ ਸਕੂਲ ਜਾਣ ਸਮੇਂ ਬੀਬੀ ਜੀ ਦਾ ਆਸ਼ੀਰਵਾਦ ਲਿਆ ਅਤੇ ਪੂਰੇ ਪਿਆਰ ਅਤੇ ਸਤਿਕਾਰ ਭਰੇ ਚਾਅ ਨਾਲ ਕਿਹਾ "ਬੀਬੀ ਜੀ, ਪਹਿਲੀ ਤਨਖ਼ਾਹ ਮਿਲੀ ਤਾਂ ਮੈਂ ਤੁਹਾਨੂੰ ਘੜੀ ਲੈ ਕੇ ਦੇਣੀ ਹੈ। ਆਪਣੀਆਂ ਸਾਰੀਆਂ ਰਿਸ਼ਤੇਦਾਰ ਅਤੇ ਗੁਆਂਢ ਦੀਆਂ ਔਰਤਾਂ ਘੜੀ ਬੰਨ੍ਹੀ ਫਿਰਦੀਆਂ ਹਨ, ਇਕ ਤੁਸੀਂ ਹੀ ਘੜੀ ਤੋਂ ਬਿਨਾਂ ਹੋ'। ਉਨ੍ਹਾਂ ਦਾ ਠਰੰਮੇ ਭਰਿਆਂ ਉੱਤਰ ਸੀ 'ਸਮਾਂ ਆਉਣ ਤੇ ਦੇਖਾਂਗੇ। ਪਹਿਲਾ ਦਿਨ ਹੈ ਤੂੰ ਵਾਹਿਗੁਰੂ ਬੋਲ ਕੇ ਸਕੂਲ ਜਾਹ'।

ਆਪਣੀ ਪਹਿਲੀ ਤਨਖ਼ਾਹ ਮਿਲਣ 'ਤੇ ਘਰ ਦੀ ਰਵਾਇਤ ਨੂੰ ਮੁੱਖ ਰੱਖਦਿਆਂ, ਤਨਖ਼ਾਹ ਦੀ ਸਾਰੀ ਰਕਮ ਆਪਣੇ ਪਿਤਾ ਜੀ ਨੂੰ ਫੜਾ ਦਿੱਤੀ। ਉਨ੍ਹਾਂ ਨੇ ਪਿਆਰ ਭਰੀ ਥਾਪੀ ਦਿੰਦਿਆਂ ਕਿਹਾ 'ਮਹੀਨੇ ਦੇ ਖ਼ਰਚੇ ਅਤੇ ਕਿਰਾਏ ਲਈ ਜਿੰਨੇ ਰੁਪਏ ਚਾਹੀਦੇ ਹਨ ਰੱਖਕੇ ਬਾਕੀ ਦੇ ਦੇ'। ਮੈਂ ਆਪਣੇ ਵੱਲੋਂ ਕਾਫ਼ੀ ਵੱਡੀ ਛਾਲ਼ ਮਾਰਦਿਆਂ ਡੇਢ ਸੌ ਰੁਪਿਆ ਆਪਣੇ ਮਹੀਨੇ ਭਰ ਦੇ ਖ਼ਰਚੇ ਲਈ ਲੈ ਲਿਆ ਅਤੇ ਬਾਕੀ ਰੁਪਏ ਪਿਤਾ ਜੀ ਨੂੰ ਦੇ ਦਿੱਤੇ। ਪਿਤਾ ਜੀ ਆਪਣੀ ਤਨਖ਼ਾਹ, ਪੈਨਸ਼ਨ ਅਤੇ ਸਾਡੇ ਵੱਲੋਂ ਕੀਤੀ ਮਦਦ ਨਾਲ ਘਰ ਦਾ ਸਾਰਾ ਖ਼ਰਚ ਚਲਾਉਂਦੇ ਸਨ। ਮੇਰੇ ਹਿਸਾਬ ਨਾਲ ਮਹੀਨੇ ਲਈ ਬੱਸ ਦੇ ਕਿਰਾਏ, ਸਾਈਕਲ ਦੇ ਖ਼ਰਚੇ ਅਤੇ ਚਾਹ ਪਾਣੀ ਲਈ ਸੌ ਕੁ ਰੁਪਏ ਬਹੁਤ ਸਨ ਕਿਉਂਕਿ ਮੇਰੀ ਹੋਰ ਕੋਈ ਫਜ਼ੂਲ ਖ਼ਰਚੀ ਨਹੀਂ ਸੀ।

ਦੋ ਤਿੰਨ ਮਹੀਨੇ ਬਾਅਦ ਮੈਂ ਬੀਬੀ ਜੀ ਨੂੰ ਆਪਣੇ ਨਾਲ ਬਾਜ਼ਾਰ ਚੱਲਣ ਲਈ ਕਿਹਾ ਤਾਕਿ ਉਨ੍ਹਾਂ ਦੇ ਪਸੰਦ ਦੀ ਘੜੀ ਲੈ ਕੇ ਉਨ੍ਹਾਂ ਨੂੰ ਦਿੱਤੀ ਜਾ ਸਕੇ। ਬੀਬੀ ਜੀ ਨੇ ਕਿਹਾ 'ਸਾਊ, ਮੈਂ ਕਿਹੜਾ ਦਫ਼ਤਰ ਜਾਣਾ ਹੈ। ਲਾਉਣੀ ਤਾਂ ਮੈਂ ਹੈਨੀ'। ਘੜੀ ਤੋਂ ਇਲਾਵਾ ਉਨ੍ਹਾਂ ਦੀ ਕਿਸੇ ਹੋਰ ਚੀਜ਼ ਵਾਸਤੇ ਇੱਛਾ ਪੁੱਛੀ ਤਾਂ ਮੈਨੂੰ ਟਾਲਣ ਹਿੱਤ ਕਹਿਣ ਲੱਗੇ 'ਚੱਲ ਪੁੱਤ ਇਉਂ ਕਰੀਂ, ਜਦੋਂ ਤੇਰੇ ਕੋਲ ਵਾਹਵਾ ਪੈਸੇ ਇਕੱਠੇ ਹੋਗੇ ਤਾਂ ਮੈਨੂੰ ਤੂੰ ਸੋਨੇ ਦੀਆਂ ਦੋ ਚੂੜੀਆਂ ਬਣਵਾ ਦੇਈਂ'। ਕੁਝ ਮਹੀਨੇ ਬਾਅਦ ਮੈਂ ਆਪਣਾ ਸਾਰਾ ਧਿਆਨ ਬੀਬੀ ਦੀਆਂ ਚੂੜੀਆਂ ਉੱਪਰ ਕੇਂਦਰਿਤ ਕਰ ਲਿਆ। ਉਸ ਸਮੇਂ ਸਾਰਾ



**ਮੈਂ ਉਨ੍ਹਾਂ ਦੇ ਪੈਰ ਛੂਹ ਕੇ ਅਸ਼ੀਰਵਾਦ ਲਿਆ ਤੇ ਡੱਬੀ ਸਮੇਤ ਚੂੜੀ ਬੀਬੀ ਦੇ ਹੱਥ ਫੜਾ ਦਿੱਤੀ। ਹਾਲ ਦੀ ਘੜੀ ਉਨ੍ਹਾਂ ਦੀ ਦੋ ਚੂੜੀਆਂ ਦੀ ਇੱਛਾ ਪੂਰੀ ਨਾ ਕਰ ਸਕਣ ਤੋਂ ਆਪਣੀ ਮਜਬੂਰੀ ਪ੍ਰਗਟ ਕਰਦਿਆਂ ਮੇਰਾ ਮਨ ਤੇ ਅੱਖਾਂ ਭਰ ਆਈਆਂ...**

ਖ਼ਰਚਾ ਪਾ ਕੇ ਸੋਨੇ ਦਾ ਕੋਈ ਗਹਿਣਾ ਲਗਪਗ ਛੇ ਕੁ ਸੌ ਰੁਪਏ ਪ੍ਰਤੀ ਦਸ ਗ੍ਰਾਮ ਦੇ ਹਿਸਾਬ ਮਿਲਦਾ ਸੀ। ਆਪਣੀ ਬੱਚਤ ਅਤੇ ਅਣਕਿਆਸੇ ਖ਼ਰਚਿਆਂ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਮੰਤਵ ਦੀ ਪੂਰਤੀ ਲਈ ਮੈਂ ਬੈਂਕ ਵਿਚ ਦੋ ਸਾਲ ਲਈ ਰੈਕਰਿੰਗ ਖ਼ਾਤਾ ਖੁੱਲ੍ਹਵਾ ਲਿਆ। ਮੇਰਾ ਅੰਦਾਜ਼ਾ ਸੀ ਕਿ ਸੋਨੇ ਦੇ ਮੌਜੂਦਾ ਰੇਟ ਨਾਲ ਦੋ ਸਾਲ ਪਿੱਛੋਂ ਮਿਲਨ ਵਾਲੀ ਰਾਸ਼ੀ ਨਾਲ ਦਸ ਦਸ ਗ੍ਰਾਮ ਦੀਆਂ ਦੋ ਚੂੜੀਆਂ ਆਸਾਨੀ ਨਾਲ ਬਣ ਜਾਣਗੀਆਂ। ਦੋ ਸਾਲ ਪੂਰੇ ਹੋਣ 'ਤੇ ਮਿਲੀ ਰਕਮ ਨਾਲ ਵੀ ਮੈਂ ਸੁਨਿਆਰੇ ਕੋਲ ਜਾਣ ਤੋਂ ਅਸਮਰੱਥ ਸੀ ਕਿਉਂਕਿ ਸੋਨੇ ਦਾ ਰੇਟ ਮੇਰੀ ਪਹੁੰਚ ਤੋਂ ਕਾਫ਼ੀ ਅੱਗੇ ਟੱਪ ਗਿਆ ਸੀ। ਨਿਰਾਸ਼ਾ ਦੇ ਬਾਵਜੂਦ ਵੀ ਮੈਂ ਹਿੰਮਤ ਨਹੀਂ ਹਾਰੀ ਅਤੇ ਲੋੜੀਂਦੀ ਦਿਸ਼ਾ ਵੱਲ ਅੱਗੇ ਵਧਣ ਲਈ ਹੋਰ ਬੱਚਤ ਕਰਨ ਲੱਗ ਪਿਆ। ਸਾਲਾਨਾ ਤਰੱਕੀ ਅਤੇ ਮਹਿੰਗਾਈ ਭੱਤੇ ਦੀ ਮਿਲਣ ਵਾਲੀ ਕਿਸ਼ਤ ਕਾਰਣ ਸਾਲ ਪਿੱਛੋਂ ਤਨਖ਼ਾਹ ਵਿਚ 25-30 ਰੁਪਏ ਦਾ ਵਾਧਾ ਜ਼ਰੂਰ ਹੁੰਦਾ ਸੀ ਪਰ ਨਾਲ ਹੀ ਵਧ ਰਹੀ ਮਹਿੰਗਾਈ ਮੇਰੇ ਸਾਰੇ ਸਮੀਕਰਣ ਵਿਗਾੜ ਰਹੀ ਸੀ। ਇਸ ਸਮੇਂ ਤਕ ਮੇਰਾ ਵਿਆਹ ਵੀ ਹੋ ਗਿਆ। ਜ਼ਿੰਮੇਵਾਰੀਆਂ ਦੇ ਵਾਧੇ ਨਾਲ ਖ਼ਰਚੇ ਹੋਰ ਵੀ ਵਧਦੇ ਰਹੇ ਅਤੇ ਮੈਨੂੰ ਮੇਰੇ ਮਕਸਦ ਦੀ ਪੂਰਤੀ ਹੋਰ ਅੱਗੇ ਪੈਂਦੀ ਜਾਪਦੀ ਪਰ ਮੈਂ ਹਿੰਮਤ ਹਾਰਨ ਦੀ ਥਾਂ ਘੋਗੇ ਦੀ ਚਾਲ ਨਾਲ ਜਮ੍ਹਾ ਰਾਸ਼ੀ ਵਿਚ ਵਾਧਾ ਕਰਦਾ ਰਿਹਾ। ਸਾਲ 1979 ਦੇ ਨੇੜੇ-ਤੇੜੇ ਸੋਨਾ ਪ੍ਰਤੀ ਦਸ ਗ੍ਰਾਮ ਨੌਂ ਸੌ ਰੁਪਏ ਤੋਂ ਉੱਪਰ ਸੀ ਅਤੇ 1800 ਰੁਪਏ ਦੀ ਲੋੜ ਦੇ ਮੁਕਾਬਲੇ ਮੇਰੀ ਜਮ੍ਹਾਂ ਪੂੰਜੀ ਕੇਵਲ 1400 ਰੁਪਏ ਹੀ ਸੀ। ਅਗਲਾ ਸਾਲ ਚੜ੍ਹਦੇ ਹੀ ਸੋਨੇ ਦਾ ਭਾਅ 1300 ਰੁਪੈ ਨੂੰ ਟੱਪ ਗਿਆ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਸੋਨੇ ਦੇ ਭਾਅ ਦੀ ਮੇਰੀ ਬੱਚਤ ਨਾਲ ਦੌੜ ਲੱਗੀ ਹੋਵੇ। ਮੈਂ ਆਪਣੇ ਮਕਸਦ ਅੱਗੇ ਹਾਰਿਆ ਹੋਇਆ ਮਹਿਸੂਸ ਕਰ ਰਿਹਾ ਸੀ। ਇਕ ਦਿਨ ਮੈਂ ਬੀਬੀ ਜੀ ਨਾਲ ਆਪਣੀ ਨਿਰਾਸ਼ਾ ਸਾਂਝੀ ਕੀਤੀ ਤਾਂ ਉਨ੍ਹਾਂ ਨੇ ਮਾਂ ਵਾਲੀ ਮਮਤਾ ਭਰੀ ਅਪਣੱਤ ਨਾਲ ਬੇਹੱਦ ਪਿਆਰ ਜਤਾਉਂਦਿਆਂ ਕਿਹਾ 'ਮੇਰਾ ਪੁੱਤ ਮੇਰੀ ਕਹੀ ਗੱਲ ਨੂੰ ਅਜੇ ਤਕ ਭੁੱਲਿਆ ਨਹੀਂ। ਪੁੱਤ ਤੂੰ ਮੈਨੂੰ ਮੋਟਾ ਜਿਹਾ ਹਿਸਾਬ ਲਾ ਕੇ ਦੱਸ ਕਿ ਤੇਰੇ ਜਮ੍ਹਾਂ ਪੈਸਿਆਂ ਨਾਲ ਤੋਲੇ ਦੀ ਇਕ ਚੂੜੀ ਬਣ ਸਕਦੀ ਹੈ ਕਿ ਨਹੀਂ'। ਮੇਰੇ ਵੱਲੋਂ ਹਾਂ ਕਹਿਣ 'ਤੇ ਉਹ ਕਹਿਣ ਲੱਗੇ 'ਚੱਲ ਮੇਰੇ ਪੁੱਤ ਫਿਰ ਇਉਂ ਕਰ, ਤੂੰ ਮੈਨੂੰ ਇਕ ਚੂੜੀ ਹੀ ਬਣਵਾ ਦੇ'। ਅੰਤਾਂ ਦੇ ਸਬਰ ਸੰਤੋਖ ਵਾਲੀ ਆਪਣੀ ਮਾਂ ਦੇ ਮੂੰਹੋਂ ਇਹ ਸੁਣਕੇ ਹੋਈ ਖ਼ੁਸ਼ੀ ਨੂੰ ਮੈਂ ਇੱਥੇ ਬਿਆਨ ਨਹੀਂ ਕਰ ਸਕਦਾ। ਅਗਲੇ ਦਿਨ ਬੀਬੀ ਜੀ ਨੂੰ ਨਾਲ ਲੈ ਕੇ ਸੁਨਿਆਰੇ ਕੋਲ ਗਿਆ। ਉਨ੍ਹਾਂ ਦੀ ਪਸੰਦ ਅਤੇ ਬਾਂਹ ਦੇ ਨਾਪ ਅਨੁਸਾਰ ਸੁਨਿਆਰੇ ਨੂੰ ਦਸ ਗ੍ਰਾਮ ਦੀ ਇਕ ਚੂੜੀ ਬਨਾਉਣ ਦੀ ਸਾਈ ਦੇ ਦਿੱਤੀ। ਕੁਝ ਦਿਨਾਂ ਪਿੱਛੋਂ ਸਕੂਲੋਂ ਵਾਪਸੀ 'ਤੇ ਮੈਂ ਸੁਨਿਆਰੇ ਕੋਲੋਂ ਚੂੜੀ ਲਿਆ ਕੇ ਅਲਮਾਰੀ ਵਿਚ ਰੱਖ ਦਿੱਤੀ। ਪਰਿਵਾਰ ਦੇ ਕਿਸੇ ਮੈਂਬਰ ਨਾਲ ਇਸ ਨੂੰ ਸਾਂਝਾ ਨਾ ਕੀਤਾ। ਰਾਤ ਨੂੰ ਸਾਰੇ ਸੌਣ ਦੀਆਂ ਤਿਆਰੀਆਂ ਵਿਚ ਸਨ ਤਾਂ ਮੈਂ ਇਸ਼ਾਰੇ ਨਾਲ ਬੀਬੀ ਜੀ ਨੂੰ ਆਪਣੇ ਕਮਰੇ ਵਿਚ ਆਉਣ ਲਈ ਕਿਹਾ। ਮੈਂ ਉਨ੍ਹਾਂ ਦੇ ਪੈਰ ਛੂਹ ਕੇ ਅਸ਼ੀਰਵਾਦ ਲਿਆ ਅਤੇ ਡੱਬੀ ਸਮੇਤ ਚੂੜੀ ਬੀਬੀ ਦੇ ਹੱਥ ਫੜਾ ਦਿੱਤੀ। ਹਾਲ ਦੀ ਘੜੀ ਉਨ੍ਹਾਂ ਦੀ ਦੋ ਚੂੜੀਆਂ ਦੀ ਇੱਛਾ ਪੂਰੀ ਨਾ ਕਰ ਸਕਣ ਤੋਂ ਆਪਣੀ ਮਜਬੂਰੀ ਪ੍ਰਗਟ ਕਰਦਿਆਂ ਮੇਰਾ ਮਨ ਅਤੇ ਅੱਖਾਂ ਭਰ ਆਈਆਂ। ਉਨ੍ਹਾਂ ਨੇ ਘੁੱਟ ਕੇ ਮੈਨੂੰ ਆਪਣੇ ਨਾਲ ਲਾਇਆ ਤੇ ਕਿਹਾ 'ਕਮਲਾ ਨਾ ਹੋਵੇ। ਇਹਦੇ 'ਚ ਰੋਣ ਵਾਲੀ ਕਿਹੜੀ ਗੱਲ ਆ, ਮੈਂ ਦੋ ਚੂੜੀਆਂ ਪਾ ਕੇ ਕਿਹੜਾ ਕਿਸੇ ਨਾਲ ਮੁਕਾਬਲਾ ਕਰਨਾ। ਤੇਰੀ ਇਹ ਚੂੜੀ ਮੇਰੇ ਲਈ ਦੱਸ ਚੂੜੀਆਂ ਵਰਗੀ ਹੈ ਜਿਸ ਨੇ ਮਾਂ ਦੇ ਬੋਲਾਂ ਨੂੰ ਪੂਰਿਆਂ ਕੀਤਾ ਹੈ'। ਇਸ ਦੇ ਨਾਲ ਹੀ ਅਸੀਸਾਂ ਦੀ ਝੜੀ ਲਾ ਦਿੱਤੀ। ਜਿਨ੍ਹਾਂ ਦੀ ਬਦੌਲਤ ਮਾਂ ਬਾਪ ਤੋਂ ਬਿਨਾਂ ਅੱਜ ਮੇਰੇ ਕੋਲ ਸਭ ਕੁਝ ਹੈ। •





ਪ੍ਰਭਜੋਤ ਕੌਰ ਢਿੱਲੋਂ
9815030221

**ਦੁਨੀਆ ਵਿਚ ਸਿਰਫ਼ ਬਾਪ ਹੀ ਹੈ ਜੋ ਪੁੱਤ ਨੂੰ ਅੱਗੇ ਵਧਦਾ ਵੇਖ ਕੇ ਖ਼ੁਸ਼ ਹੁੰਦਾ ਹੈ ਤੇ ਮਾਂ ਅਜਿਹੀ ਸ਼ਖ਼ਸੀਅਤ ਹੈ, ਜਿਹੜੇ ਵਾਅਦੇ ਉਸ ਨੇ ਜ਼ਿੰਦਗੀ 'ਚ ਨਹੀਂ ਵੀ ਕੀਤੇ ਹੁੰਦੇ, ਉਹ ਵੀ ਪੂਰੇ ਕਰਦੀ ਹੈ।**



# ਬਜ਼ੁਰਗਾਂ ਨਾਲ ਹੋ ਰਹੀਆਂ ਬਦਸਲੂਕੀਆਂ

ਮਾਪੇ ਬਣਨਾ ਹਰ ਕਿਸੇ ਨੂੰ ਖ਼ੁਸ਼ੀਆਂ ਦਿੰਦਾ ਹੈ। ਇਸ ਦੀ ਖ਼ੁਸ਼ੀ ਗੂੰਗੇ ਦੇ ਗੁੜ ਖਾਣ ਵਰਗੀ ਹੁੰਦੀ ਹੈ। ਹਾਂ ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਮਾਪਿਆਂ ਦਾ ਪੈਰ ਜ਼ਮੀਨ 'ਤੇ ਨਹੀਂ ਟਿੱਕਦਾ ਤੇ ਖ਼ਾਸ ਕਰ ਕੇ ਜੇਕਰ ਲੜਕਾ ਹੋਵੇ। ਅਜੇ ਵੀ ਬਹੁਤ ਘੱਟ ਮਾਪੇ ਨੇ ਜੋ ਧੀਆਂ ਦੇ ਜੰਮਣ 'ਤੇ ਖ਼ੁਸ਼ ਹੁੰਦੇ ਹਨ ਅਤੇ ਧੀ ਨੂੰ ਪੁੱਤ ਦੇ ਬਰਾਬਰ ਸਮਝਦੇ ਹਨ। ਮਾਪੇ ਪੁੱਤ ਨੂੰ ਬੜੀਆਂ ਰੀਝਾਂ ਤੇ ਹਸਰਤਾਂ ਨਾਲ ਪਾਲ਼ਦੇ, ਪੜ੍ਹਾਉਂਦੇ-ਲਿਖਾਉਂਦੇ ਹਨ। ਪੁੱਤ ਦੀ ਵਧੀਆ ਨੌਕਰੀ 'ਤੇ ਖ਼ੁਸ਼ ਹੁੰਦੇ ਹਨ। ਦੁਨੀਆ ਵਿਚ ਸਿਰਫ਼ ਬਾਪ ਹੀ ਹੈ ਜੋ ਆਪਣੇ ਪੁੱਤ ਨੂੰ ਅੱਗੇ ਵਧਦਾ ਵੇਖ ਕੇ ਖ਼ੁਸ਼ ਹੁੰਦਾ ਹੈ ਤੇ ਮਾਂ ਇਕ ਅਜਿਹੀ ਸ਼ਖ਼ਸੀਅਤ ਹੈ, ਜਿਹੜੇ ਵਾਅਦੇ ਉਸ ਨੇ ਜ਼ਿੰਦਗੀ ਵਿਚ ਨਹੀਂ ਵੀ ਕੀਤੇ ਹੁੰਦੇ, ਉਹ ਵੀ ਪੂਰੇ ਕਰਦੀ ਹੈ। ਮਾਪੇ ਆਪਣੀਆਂ ਸਾਰੀਆਂ ਚਾਹਤਾਂ ਤੇ ਇੱਛਾਵਾਂ ਮਾਰ ਕੇ ਪੁੱਤਾਂ ਨੂੰ ਪੜ੍ਹਾਉਂਦੇ ਹਨ। ਮੁਨਸ਼ੀ ਪ੍ਰੇਮ ਚੰਦ ਨੇ ਲਿਖਿਆ ਹੈ, 'ਮਾਂ ਦੀ ਕੁਰਬਾਨੀ ਦਾ ਮੁੱਲ ਕੋਈ ਵੀ ਨਹੀਂ ਦੇ ਸਕਦਾ। ਚਾਹੇ ਉਹ ਸਾਰੀ ਧਰਤੀ ਦਾ ਮਾਲਕ ਕਿਉਂ ਨਾ ਬਣ ਜਾਵੇ। ਮੈਂ ਕਿਸੇ ਤੋਂ ਸੁਣਿਆ ਸੀ ਕਿ ਜਦ ਵੀ ਮਾਂ ਰੋਟੀ ਖਾਣ ਲੱਗੇ ਬੱਚਾ ਗੰਦ ਜ਼ਰੂਰ ਪਾਏਗਾ ਪਰ ਮਾਂ ਹੱਸਦੇ ਹੋਏ ਉਹ ਸਭ ਸਾਫ਼ ਕਰਦੀ ਹੈ। ਕਦੇ ਸ਼ਿਕਵਾ ਨਹੀਂ ਕਰਦੀ ਤੇ ਨਾ ਕਦੇ ਮੱਥੇ ਵੱਟ ਪਾਉਂਦੀ ਹੈ। ਪਰ ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਉਨਾਂ ਨੂੰ ਮਾਪਿਆਂ ਤੋਂ ਬਦਬੂ ਆਉਣ ਲੱਗ ਜਾਂਦੀ ਹੈ। ਬੜੇ ਚਾਵਾਂ ਨਾਲ ਮਾਪੇ ਪੁੱਤ ਵਿਆਹੁਦੇ ਹਨ ਪਰ ਹੌਲੀ ਹੌਲੀ ਮਾਪੇ ਬੋਝ ਲੱਗਣ ਲੱਗ ਜਾਂਦੇ ਨੇ।

ਮਾਪਿਆਂ ਨੂੰ ਗੱਲ ਗੱਲ 'ਤੇ ਟੋਕਿਆ ਜਾਂਦਾ ਹੈ। ਉਹ ਮਾਪੇ ਜਿਨ੍ਹਾਂ ਨੇ ਉਸ ਘਰ ਨੂੰ ਬਣਾਉਣ ਲਈ ਸਾਰੀ ਜ਼ਿੰਦਗੀ ਦੇ ਦਿੱਤੀ, ਉਨ੍ਹਾਂ ਨੂੰ ਘਰ ਦੇ ਪਿੱਛੇ ਬਣੇ ਸਟੋਰ ਵਿਚ ਧੱਕ ਦਿੱਤਾ ਜਾਂਦਾ ਹੈ। ਨੂੰਹ ਪੁੱਤ ਨੂੰ ਮਾਪਿਆਂ ਦੇ ਬਣਾਏ ਘਰ ਵਿੱਚੋਂ ਬਦਬੂ ਨਹੀਂ ਆਉਂਦੀ ਪਰ ਮਾਪਿਆਂ ਤੋਂ ਆਉਂਦੀ ਹੈ।ਉਨ੍ਹਾਂ ਨੂੰ ਰੋਟੀ ਦੇਣੀ ਵੀ ਔਖੀ ਲੱਗਦੀ ਹੈ। ਪੁੱਤ ਵੀ ਪਤਨੀ ਦੀ ਭਾਸ਼ਾ ਬੋਲਦਾ ਹੈ। ਉਹ ਭੁੱਲ ਜਾਂਦਾ ਹੈ ਕਿ ਮਾਂ ਨੇ ਆਪਣੇ ਮੂੰਹ ਵਿਚ ਬੁਰਕੀ ਪਾਉਣ ਤੋਂ ਪਹਿਲਾਂ, ਉਸ ਦੇ ਮੂੰਹ ਵਿਚ ਪਾਈ ਸੀ ਤੇ ਬਾਪ ਨੇ ਆਪ ਜੁੱਤੀ ਮੋਚੀ ਕੋਲੋਂ ਗੰਢਵਾ ਕੇ ਪਾਈ ਪਰ ਪੁੱਤਰ ਨੂੰ ਵਧੀਆ ਬੂਟ ਲੈ ਕੇ ਦਿੱਤੇ। ਕੁਝ ਕੁ ਨੂੰ ਛੱਡ ਕੇ ਵਧੇਰੇ ਨੂੰਹ-ਪੁੱਤ ਮਾਪਿਆਂ 'ਤੇ ਦਬਾਅ ਪਾਉਂਦੇ ਹਨ ਕਿ ਜਾਇਦਾਦ ਉਨ੍ਹਾਂ ਦੇ ਨਾਂ ਕਰ ਦੇਣ ਜਾਂ ਆਨੇ-ਬਹਾਨੇ ਉਨ੍ਹਾਂ ਕੋਲ ਪਏ ਥੋੜ੍ਹੇ ਬਹੁਤ ਪੈਸੇ ਵੀ ਲੈਣ ਦੀ ਕੋਸ਼ਿਸ਼ ਕਰਦੇ ਹਨ। ਜੇਕਰ ਮਾਪੇ ਨਹੀਂ ਦਿੰਦੇ ਤਾਂ ਰੋਜ਼ ਲੜਾਈ, ਉਨ੍ਹਾਂ ਦਾ ਜਿਉਣਾ ਔਖਾ ਹੋ ਜਾਂਦਾ ਹੈ। ਜੇਕਰ ਦੇ ਪੈਸੇ ਦਿੰਦੇ ਹਨ ਤਾਂ ਬਿਰਧ ਆਸ਼ਰਮ ਜਾਂ ਕਿਸੇ ਧਾਰਮਿਕ ਸਥਾਨ 'ਤੇ ਜਾਣ ਲਈ ਮਜਬੂਰ ਕਰ ਦਿੰਦੇ ਹਨ ਜਾਂ ਛੱਡ ਆਉਂਦੇ ਹਨ।

ਘਰਾਂ ਵਿਚ ਮਾਪਿਆਂ ਨਾਲ ਕੋਈ ਚੰਗਾ ਵਤੀਰਾ ਨਹੀਂ ਕੀਤਾ ਜਾਂਦਾ। ਨੂੰਹ ਨੂੰ ਆਪਣੀ ਮਾਂ ਦਾ ਦਰਦ ਵਿਖਾਈ ਦਿੰਦਾ ਹੈ ਪਰ ਘਰ ਪਈ ਸੱਸ ਪਾਣੀ ਤੋਂ ਵੀ ਤਰਸਦੀ ਰਹਿੰਦੀ ਹੈ। ਕਈ ਵਾਰ ਇਸ ਤਰ੍ਹਾਂ ਦੀਆਂ ਘਟਵਨਾਵਾਂ ਵੇਖਣ 'ਚ ਆਉਂਦੀਆਂ ਹਨ ਜਿਨ੍ਹਾਂ ਵਿਚ ਮਾਂ ਜਾਂ ਬਾਪ ਨੂੰ ਪੁੱਤ ਧੋਖੇ ਨਾਲ ਬ੍ਰਿਧ ਆਸ਼ਰਮ ਜਾਂ ਕਿਸੇ ਧਾਰਮਿਕ ਸਥਾਨ 'ਤੇ ਛੱਡ ਗਿਆ। ਕਈਆਂ ਨੇ ਧੋਖੇ ਨਾਲ ਮਾਂ ਕੋਲੋਂ ਜਾਇਦਾਦ ਆਪਣੇ ਨਾਂ ਕਰਵਾ ਲਈ, ਕਈਆਂ ਨੇ ਇੰਨਾਂ ਤੰਗ ਕੀਤਾ ਕਿ ਮਾਂ ਨੇ ਲੜਾਈ ਤੋਂ ਡਰਦੀ ਨੇ ਜਾਇਦਾਦ ਪੁੱਤਾਂ ਨੂੰ ਦੇ ਦਿੱਤੀ। ਨੂੰਹਾਂ ਨੂੰ ਜਾਇਦਾਦ ਤਾਂ ਚਾਹੀਦੀ ਹੈ ਪਰ ਮੁੰਡੇ ਦਾ ਮਾਂ ਬਾਪ ਨਹੀਂ। ਇੱਥੇ ਪਿੰਡ ਦੇ ਸਰਪੰਚ ਤੇ ਵਾਰਡਾਂ ਦੇ ਕੌਂਸਲਰਾਂ ਦੀ ਜ਼ਿਮੇਵਾਰੀ ਹੋਵੇ ਕਿ ਬਜ਼ੁਰਗਾਂ ਨੂੰ ਨੂੰਹ-ਪੁੱਤ ਤੰਗ ਨਾ ਕਰਨ। ਜਿਹੜੇ ਬਜ਼ੁਰਗ ਬਿਰਧ ਆਸ਼ਰਮਾਂ ਵਿਚ ਹਨ, ਉਨ੍ਹਾਂ ਦੇ ਨੂੰਹਾਂ ਪੁੱਤਾਂ 'ਤੇ ਕੇਸ ਦਰਜ ਕੀਤੇ ਜਾਣ। ਜੇਕਰ ਦਹੇਜ ਦੇ ਕੇਸ ਦਰਜ ਹੋ ਸਕਦੇ ਹਨ ਤਾਂ ਨੂੰਹਾਂ ਅਤੇ ਉਸ ਦੇ ਮਾਪਿਆਂ 'ਤੇ ਕੇਸ ਦਰਜ ਕਿਉਂ ਨਹੀਂ ਕੀਤੇ ਜਾਂਦੇ। 2005 ਵਿਚ ਕਾਨੂੰਨ ਬਣਾ ਦਿੱਤਾ ਗਿਆ ਸੀ ਮਾਪਿਆਂ ਦੇ ਹੱਕ ਵਿਚ, ਜਿਸ ਅਨੁਸਾਰ ਪੁੱਤਾਂ ਦੇ ਨਾਂ ਟਰਾਂਸਫ਼ਰ ਹੋਈ ਸਾਰੀ ਜਾਇਦਾਦ ਕੈਂਸਲ ਹੋ ਸਕਦੀ ਹੈ, ਜੇਕਰ ਨੂੰਹਾਂ ਪੁੱਤਾਂ ਵੱਲੋਂ ਮਾਪਿਆ ਨੂੰ ਸੰਭਾਲਿਆ ਨਹੀਂ ਜਾਂਦਾ। ਸਮੱਸਿਆ ਇਹ ਹੈ ਕਿ ਕਈ ਬਜ਼ੁਰਗਾਂ ਕੋਲ ਉੱਥੇ ਜਾਣ ਦੇ ਸਾਧਨ ਨਹੀਂ ਹੁੰਦੇ, ਪੈਸੇ ਨਹੀਂ ਹੁੰਦੇ ਕਿਰਾਏ ਵਾਸਤੇ, ਜਿੱਥੇ ਸ਼ਿਕਾਇਤ ਕਰਨੀ ਹੁੰਦੀ। ਪਿੰਡ ਦਾ ਸਰਪੰਚ ਵੀ ਬਜ਼ੁਰਗਾਂ ਨਾਲ ਚੱਲਣ ਦੀ ਥਾਂ ਪੁੱਤਾਂ ਦੇ ਹੱਕ ਦੀ ਗੱਲ ਕਰਨ ਲੱਗ ਜਾਂਦਾ ਹੈ। ਜਿਨ੍ਹਾਂ ਨੇ ਜਾਇਦਾਦ ਬੁਢਾਪੇ ਲਈ ਬਣਾਈ ਹੁੰਦੀ ਹੈ, ਉਨ੍ਹਾਂ ਨੂੰ ਉਸ ਵਿੱਚੋਂ ਹੋ ਰਹੀ ਕਮਾਈ ਪੁੱਤ ਦਿੰਦੇ ਹੀ ਨਹੀਂ।

ਬਹੁਤ ਹੀ ਸ਼ਰਮ ਵਾਲੀ ਗੱਲ ਹੈ ਅਜਿਹੀ ਔਲਾਦ ਲਈ। ਅਜਿਹੇ ਲੋਕਾਂ ਦਾ ਸਮਾਜ ਵੱਲੋਂ ਬਾਈਕਾਟ ਕਰਨਾ ਚਾਹੀਦਾ ਹੈ ਕਿਉਂਕਿ ਇਹ ਵਕਤ ਹਰ ਕਿਸੇ 'ਤੇ ਆਉਣਾ ਹੈ। ਜੇਕਰ ਬਜ਼ੁਰਗਾਂ ਦੇ ਬਾਰੇ ਕੋਈ ਮਾਣਯੋਗ ਡੀਸੀ ਜਾਂ ਐਸਡੀਐੱਮ ਸਾਹਿਬ ਨੂੰ ਸ਼ਿਕਾਈਤ ਕਰਦਾ ਹੈ ਤਾਂ ਬਜ਼ੁਰਗਾਂ ਦੀ ਜਾਇਦਾਦ ਦੀ ਦੇਖ-ਭਾਲ ਤੇ ਉਸ ਦੀ ਆਮਦਨ ਜਿੰਨੀ ਦੇਰ ਉਹ ਜਿਉਂਦੇ ਹਨ ਉਨ੍ਹਾਂ ਨੂੰ ਦੇਣ ਦਾ ਬੰਦੋਬਸਤ ਕੀਤਾ ਜਾਵੇ। ਹਕੀਕਤ ਇਹ ਹੈ ਕਿ ਜੋ ਰਿਸ਼ਤੇਦਾਰ ਜਾਂ ਕੋਈ ਹੋਰ ਬਜ਼ੁਰਗਾਂ ਦੀ ਮਦਦ ਕਰਨਾ ਚਾਹੁੰਦਾ ਹੈ ਨੂੰਹਾਂ ਪੁੱਤ ਉਨ੍ਹਾਂ ਦੇ ਗਲ਼ੇ ਪੈਂਦੇ ਹਨ ਤੇ ਲੜਦੇ ਹਨ। ਬਜ਼ੁਰਗਾਂ ਦੀ ਹਾਲਤ ਦਿਨੋਂ ਦਿਨ ਤਰਸਯੋਗ ਹੋ ਰਹੀ ਹੈ। ਮਾਪੇ ਕਈ ਵਾਰ ਆਪਣੀ ਇੱਜ਼ਤ ਬਚਾਉਣ ਲਈ ਤੇ ਲੜਾਈ ਤੋਂ ਡਰਦੇ ਚੁੱਪ ਹੋ ਜਾਂਦੇ ਹਨ ਤੇ ਬੂਹੇ ਭੇੜ ਕੇ ਰੋਂਦੇ ਰਹਿੰਦੇ ਹਨ।

ਸਿਆਣਿਆਂ ਠੀਕ ਹੀ ਕਿਹਾ ਹੈ, 'ਇੱਜ਼ਤ ਵਾਲਾ ਅੰਦਰ ਵੜੇ, ਮੂਰਖ ਕਹੇ ਮੈਥੋਂ ਡਰੇ'। ਬੜੀ ਹੈਰਾਨੀ ਹੁੰਦੀ ਹੈ ਜਦੋਂ ਪੁੱਤ ਮਾਪਿਆਂ ਨੂੰ ਕਹਿੰਦਾ ਹੈ ਕਿ ਤੁਹਾਨੂੰ ਉੱਠਣ ਬੈਠਣ ਦੀ ਅਕਲ ਨਹੀਂ, ਉਹ ਭੁੱਲ ਜਾਂਦਾ ਹੈ ਕਿ ਜਿਸ ਮੁਕਾਮ 'ਤੇ ਉਹ ਪਹੁੰਚਿਆ ਹੈ, ਉਨ੍ਹਾਂ ਦੀ ਬਦੌਲਤ ਹੈ, ਜਦੋਂ ਉਹ ਪਿਸ਼ਾਬ ਵੀ ਬਿਸਤਰ 'ਤੇ ਕਰਦਾ ਸੀ ਉਨ੍ਹਾਂ ਨੇ ਤਾਂ ਤੈਨੂੰ ਬਾਹਰ ਨਹੀਂ ਕੱਢਿਆ ਉਸ ਨੂੰ। ਸ਼ਾਇਦ ਕਿਸੇ ਨੇ ਇਸੇ ਕਰਕੇ ਕਿਹਾ ਹੈ, 'ਪੁੱਤ ਕਪੁੱਤ ਹੋ ਜਾਂਦੇ ਨੇ, ਮਾਪੇ ਕੁਮਾਪੇ ਨਹੀਂ ਹੁੰਦੇ'। ਬੜੀ ਹੈਰਾਨੀ ਹੁੰਦੀ ਹੈ ਜਦੋਂ ਪੁੱਤ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਕੇ ਬਜ਼ੁਰਗ ਮਾਪਿਆਂ ਦੀ ਪੈਨਸ਼ਨ ਬਾਰੇ ਹਿਸਾਬ ਮੰਗਦੇ ਹਨ। ਤਕਰੀਬਨ ਹਰ ਬੰਦ ਦਰਵਾਜ਼ੇ ਪਿੱਛੇ ਬਜ਼ੁਰਗ ਮਾਪਿਆਂ ਦੇ ਹੌਂਕੇ ਦੱਬੀ ਆਵਾਜ਼ ਵਿਚ ਸੁਣੇ ਜਾ ਸਕਦੇ ਹਨ। ਬਜ਼ੁਰਗਾਂ ਨਾਲ ਹੋ ਰਹੀ ਬਦਸਲੂਕੀ ਬੜੀ ਤੇਜ਼ੀ ਨਾਲ ਵਧ ਰਹੀ ਹੈ, ਇਸ ਦਾ ਅੰਦਾਜ਼ਾ ਵਧ ਰਹੇ ਬਿਰਧ ਆਸ਼ਰਮਾਂ ਤੋਂ ਲਗਾਇਆ ਜਾ ਸਕਦਾ ਹੈ। ਪਿਛਲੇ ਦਿਨੀਂ ਇਕ ਵੀਡੀਓ ਵਾਇਰਲ ਹੋ ਰਹੀ ਸੀ ਜਿਸ ਵਿਚ ਮਾਂ ਨੇ ਰੋਜ਼ ਦੀ ਲੜਾਈ ਤੋਂ ਤੰਗ ਆ ਕੇ ਬਿਰਧ ਆਸ਼ਰਮ ਵਿਚ ਆਉਣਾ ਬੇਹਤਰ ਸਮਝਿਆ।

ਮਾਂ ਰੋ ਰੋ ਕੇ ਦੱਸ ਰਹੀ ਸੀ ਕਿ ਮੇਰੀ ਨੂੰਹ, ਮੇਰੇ ਪੁੱਤ ਨਾਲ ਲੜਦੀ ਸੀ ਤੇ ਹਮੇਸ਼ਾ ਤੇਰੀ ਮਾਂ, ਤੇਰੀ ਮਾਂ ਦਾ ਰੌਲਾ ਰਹਿੰਦਾ ਸੀ, ਮੇਰੇ ਪੁੱਤ ਨੂੰ ਮੇਰੇ ਖਿਲਾਫ਼ ਸੱਚਿਆਂ-ਝੂਠੀਆਂ ਗੱਲਾਂ ਕਹਿੰਦੀ ਸੀ। ਉਸ ਦੀਆਂ ਅੱਖਾਂ ਵਿਚ ਹੰਝੂ ਤੇ ਗਲ਼ਾ ਭਰਿਆ ਹੋਇਆ ਸੀ। ਜੇਕਰ ਨੂੰਹ ਪੁੱਤ ਆਪਣੀ ਕਮਾਈ ਵਿੱਚੋਂ ਮਾਪਿਆਂ ਨੂੰ ਕੁਝ ਨਹੀਂ ਦਿੰਦੇ ਤਾਂ ਉਹ ਕਿਸ ਹੱਕ ਨਾਲ ਉਨ੍ਹਾਂ ਤੋਂ ਜਾਇਦਾਦ ਚਾਹੁੰਦੇ ਹਨ। ਮਾਪਿਆਂ ਦੇ ਹੱਕ ਵਿਚ ਬਣੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਾ ਸਮੇਂ ਦੀ ਮੰਗ ਹੈ। ਜਿਵੇਂ ਇਕ ਕੇਸ ਦਾ ਫੈਸਲਾ ਦਿੰਦੇ ਹੋਏ ਮੁਹਾਲੀ ਦੀ ਸੈਸ਼ਨ ਜੱਜ ਨੇ ਨੂੰਹ-ਪੁੱਤ ਵਿਰੁੱਧ ਸਖ਼ਤ ਫੈਸਲਾ ਸੁਣਾਇਆ, ਇਸ ਤਰ੍ਹਾਂ ਦੇ ਸਖ਼ਤ ਫੈਸਲਿਆਂ ਦੀ ਸਮਾਜ ਨੂੰ ਬਹੁਤ ਜ਼ਰੂਰਤ ਹੈ। ਜੇਕਰ ਕੋਈ ਬਜ਼ੁਰਗਾਂ 'ਤੇ ਹੋ ਰਹੀ ਬਦਸਲੂਕੀ ਬਾਰੇ ਜਾਣਕਾਰੀ ਦਿੰਦਾ ਹੈ ਤਾਂ ਉਸ ਦੀ ਪਛਾਣ ਗੁਪਤ ਰੱਖੀ ਜਾਵੇ।

ਜਦੋਂ ਬਜ਼ੁਰਗ ਮਾਪੇ ਜਿਉਂਦੇ ਪੁੱਤਾਂ ਦੇ ਨਾਂ ਜਾਇਦਾਦ ਕਰਵਾਉਂਦੇ ਹਨ ਤਾਂ ਉਹ ਜ਼ਿਆਦਾ ਤਰ ਪੁੱਤਾਂ ਦੇ ਦਬਾਅ ਹੇਠ ਕਰਵਾ ਰਹੇ ਹੁੰਦੇ ਹਨ। ਅਜਿਹੇ ਵਿਚ ਜਾਇਦਾਦ ਦਾ ਤਬਾਦਲਾ ਨਹੀ ਹੋਣਾ ਚਾਹੀਦਾ। ਜਿੰਨੀ ਵੀ ਜਾਇਦਾਦ ਬਜ਼ੁਰਗਾਂ ਦੇ ਨਾਂ ਹੈ ਉਸ ਦੀ ਆਮਦਨ ਉਨ੍ਹਾਂ ਦੇ ਖਾਤੇ ਵਿਚ ਆਵੇ। ਕਈ ਵਾਰ ਇਕ ਤੋਂ ਵਧ ਪੁੱਤ ਹੁੰਦੇ ਹਨ, ਇੱਥੇ ਜਿਹੜਾ ਪੁੱਤ ਬਜ਼ੁਰਗਾਂ ਨੂੰ ਸੰਭਾਲ ਰਿਹਾ ਹੋਵੇ, ਉਸ ਨੂੰ ਉਸ ਪੈਸੇ ਦੇ ਕੁਝ ਹੱਕ-ਹਕੂਕ ਦਿੱਤੇ ਜਾਣ। ਬਜ਼ੁਰਗਾਂ ਵੱਲੋਂ ਦਿੱਤੀ ਸ਼ਿਕਾਇਤ ਜਾਂ ਉਨ੍ਹਾਂ ਦੇ ਹੱਕ ਵਿਚ ਕੋਈ ਆਵਾਜ਼ ਚੁੱਕਦਾ ਹੈ ਤਾਂ ਉਸ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ। ਮਾਪਿਆਂ ਤੇ ਬਜ਼ੁਰਗਾਂ ਨਾਲ ਹੋ ਰਹੀ ਬਦਸਲੂਕੀ ਦੇ ਮਾਮਲੇ ਵਿਚ ਹਰ ਇਕ ਨੂੰ ਗੰਭੀਰ ਤੇ ਸੰਜੀਦਾ ਹੋਣਾ ਚਾਹੀਦਾ ਹੈ, ਇਸ ਸਥਿਤੀ ਤੋਂ ਕੋਈ ਵੀ ਨਹੀਂ ਬਚ ਸਕਦਾ।

ਨੂੰਹ ਪੁੱਤਾਂ ਨੂੰ ਕੋਈ ਹੱਕ ਨਹੀਂ ਬਜ਼ੁਰਗਾਂ ਨਾਲ ਬਦਸਲੂਕੀ ਕਰਨ ਦਾ। ਉਨ੍ਹਾਂ ਨੂੰ ਕੋਈ ਹੱਕ ਨਹੀਂ ਉਨ੍ਹਾਂ ਦੇ ਜਿਉਂਦੇ ਜੀ ਉਨ੍ਹਾਂ ਤੋਂ ਜਾਇਦਾਦ ਲੈਣ ਦਾ। ਇਹ ਚਾਹੇ ਕਾਨੂੰਨੀ ਸਮਝੋ ਜਾਂ ਨੈਤਿਕਤਾ । ਇਨਸਾਨੀਅਤ ਦੇ ਤੌਰ 'ਤੇ ਬਜ਼ੁਰਗਾਂ ਨਾਲ ਹੋ ਰਹੀ ਬਦਸਲੂਕੀ ਨੂੰ ਬਰਦਾਸ਼ਤ ਕਰਨਾ, ਨੂੰਹਾਂ ਪੁੱਤਾਂ ਨੂੰ ਹੱਲਾਸ਼ੇਰੀ ਦੇਣਾ ਹੈ। ਇਸ ਲਈ ਬਜ਼ੁਰਗਾ ਨੂੰ ਵੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਪਵੇਗਾ। •

# ਖ਼ੁਸ਼ਬੋਆਂ ਵੰਡਦੇ ਵਿਰਾਸਤੀ ਮੇਲੇ

**ਗੁਰਜੀਵਨ ਸਿੰਘ ਸਿੱਧੂ ਨਥਾਣਾ**

ਦਿਨੋ ਦਿਨ ਪੱਛਮੀ ਸੱਭਿਆਚਾਰ, ਨੌਜਵਾਨ ਪੀੜ੍ਹੀ 'ਤੇ ਭਾਰੂ ਪੈ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਅਮੀਰ ਵਿਰਸੇ ਤੋਂ ਨੌਜਵਾਨਾਂ ਦੀ ਵਿੱਥ ਵਧਦੀ ਜਾ ਰਹੀ ਹੈ। ਪੰਜਾਬ ਦੇ ਪੁਰਾਤਨ ਅਮੀਰ ਵਿਰਸੇ ਨੂੰ ਸੰਭਾਲਣ ਲਈ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜ ਕੇ ਰੱਖਿਆ ਜਾ ਸਕੇ। ਇਸ ਤਰ੍ਹਾਂ ਹੀ ਪੰਜਾਬ ਦੇ ਮਾਲਵੇ ਵਿਚ 'ਮਾਲਵਾ ਹੈਰੀਟੇਜ ਅਤੇ ਸੱਭਿਆਚਰਕ ਫਾਊਂਡੇਸ਼ਨ' ਵੱਲੋਂ ਮੇਲੇ ਕਰਵਾਉਣ ਦਾ ਸ਼ੁਭ ਕੰਮ ਅਰੰਭਿਆ ਹੈ। ਇਸ ਵਾਰ ਦਾ ਮੇਲਾ ਪੰਜਾਬੀ ਵਿਰਸੇ ਨੂੰ ਸੰਭਾਲਣ ਵਿਚ ਵੱਡਾ ਯੋਗਦਾਨ ਪਾਉਣ ਵਾਲੀਆਂ ਨਾਮਵਰ ਸ਼ਖ਼ਸੀਅਤਾਂ ਵਿਸ਼ਵ, ਪ੍ਰਸਿੱਧ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਤੋਂ ਇਲਾਵਾ ਸੀਨੀਅਰ ਪੱਤਰਕਾਰ ਹੁਕਮ ਚੰਦ ਸ਼ਰਮਾ, ਸਿੱਖਿਆ ਸ਼ਾਸਤਰੀ ਜਗਮੋਹਨ ਕੌਸ਼ਲ ਅਤੇ ਪੰਜਾਬੀ ਲੇਖਕ ਪ੍ਰੀਤ ਮਹਿੰਦਰ ਤਿਵਾੜੀ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਮਾਲਵਾ ਹੈਰੀਟੇਜ ਅਤੇ ਸੱਭਿਆਚਾਰਕ ਫਊਂਡੇਸ਼ਨ ਵੱਲੋਂ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਅਮੀਰ ਪੁਰਾਤਨ ਸੱਭਿਆਚਾਰ ਵਿਰਸੇ ਨਾਲ ਜੋੜੀ ਰੱਖਣ ਲਈ ਲਗਾਤਾਰ ਪਿਛਲੇ 14 ਸਾਲਾਂ ਤੋਂ ਇਹ ਸਾਰਥਿਕ ਉਪਰਾਲੇ ਕੀਤੇ ਜਾ ਰਹੇ ਹਨ। ਇਸ ਵਿਰਾਸਤੀ ਮੇਲੇ ਦੀ ਖ਼ੂਬਸੂਰਤੀ ਇਹ ਸੀ ਕਿ ਇਸ ਮੇਲੇ ਦੀ ਸ਼ੁਰੂਆਤ ਇਕ ਮੁਸਲਮਾਨ ਫ਼ਕੀਰ ਰਤਨਹਾਜੀ ਦੀ ਯਾਦ ਵਿਚ ਬਣੇ ਗੁਰਦੁਆਰਾ ਸਾਹਿਬ ਅਤੇ ਮਜ਼ਾਰ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਅਤੇ ਚਾਦਰ ਚੜ੍ਹਾ ਕੇ ਕੀਤੀ ਜਾਂਦੀ ਹੈ। ਇਸ ਵਿਰਾਸਤੀ ਜਲੂਸ 'ਚ ਰੰਗ ਬਰੰਗੇ ਲਿਬਾਸਾਂ ਵਿਚ ਗੱਭਰੂ, ਮੁਟਿਆਰਾਂ, ਬਾਬੇ ਅਤੇ ਹਰ ਵਰਗ ਦੇ ਦਰਸ਼ਕਾਂ ਸਮੇਤ ਬਠਿੰਡਾ ਦੇ ਬਜ਼ਾਰਾਂ ਵਿਚ ਦੀ ਹੁੰਦਾ ਹੋਇਆ ਖੇਡ ਸਟੇਡੀਅਮ ਕੋਲ ਬਣੇ ਵਿਰਾਸਤੀ ਪਿੰਡ ਜੈਪਾਲਗੜ੍ਹ ਵਿਖੇ ਪਹੁੰਚਦਾ ਹੈ। ਇਸ ਵਿਰਾਸਤੀ ਜਲੂਸ ਵਿਚ ਸ਼ਿੰਗਾਰੇ ਊਠ, ਘੋੜੀਆਂ, ਪੁਰਾਤਨ ਰਥ ਗੱਡੀਆਂ ਵਿਚ ਬੈਠਕੇ ਲੋਕ ਮੇਲੇ ਦੇ ਰੰਗ ਨੂੰ ਹੋਰ ਗੂੜ੍ਹਾ ਕਰਦੇ ਹਨ। ਮੇਲੇ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਹਿਮਾਚਲ ਤੇ ਹੋਰ ਕਈ ਸੂਬਿਆਂ ਤੋਂ ਪਹੁੰਚੇ ਹੋਏ ਕਲਾਕਾਰ ਵੱਖ-ਵੱਖ ਟੋਲਿਆਂ ਦੇ ਰੂਪ ਵਿਚ ਆਪੋ-ਆਪਣੇ ਸੱਭਿਆਚਾਰ ਦੇ ਰੰਗ ਵਿਖੇਰਦੇ ਨਜ਼ਰ ਆਉਂਦੇ ਹਨ। ਮੇਲੇ ਦੌਰਾਨ ਸਜਾਏ ਹੋਏ ਹਾਥੀ, ਘੋੜੇ ਅਤੇ ਬੋਤਿਆਂ ਦੇ ਕਾਫ਼ਲਿਆਂ ਨਾਲ ਰੰਗ-ਬਰੰਗੇ ਕੁੜਤੇ, ਚਾਦਰਿਆਂ ਤੇ ਤੁਰਲੇ ਵਾਲੀਆਂ ਪੱਗਾਂ ਵਾਲੇ ਚੋਬਰਾਂ ਦੇ ਗਲ਼ਾਂ ਵਿਚ ਪਾਏ ਹੋਏ ਕੈਂਠੇ, ਪੰਜਾਬ ਦੇ ਬਾਬੇ ਤੇ ਗੱਭਰੂ ਰੰਗ-ਬਰੰਗੀਆਂ ਪੁਸ਼ਾਕਾਂ ਵਿਚ ਪੁਰਤਾਨ ਸੱਭਿਆਚਾਰ ਦੀ ਝਲਕ ਪੇਸ਼ ਕਰਦੇ, ਦਿਲਾਂ ਨੂੰ ਟੁੰਬਦੇ ਹੋਏ ਬੜੇ ਸੋਹਣੇ ਲੱਗਦੇ ਸਨ। ਪੁਰਾਣੇ ਸਮੇਂ ਦੌਰਾਨ ਲੋਕਾਂ ਦੇ ਮਨੋਰੰਜਨ ਦਾ ਮੁੱਖ ਅੰਗ ਮੰਨੇ ਜਾਂਦੇ ਨਕਲੀਏ ਤੇ ਭੰਡ ਵੀ ਇਸ ਮੇਲੇ ਵਿਚ ਨੌਜਵਾਨਾਂ ਤੇ ਬਜ਼ੁਰਗਾਂ ਦੀ ਖਿੱਚ ਦਾ ਕੇਂਦਰ ਬਣੇ ਰਹੇ।





ਪੁਰਾਤਨ ਵਿਆਹਾਂ ਦੀ ਪੇਸ਼ਕਾਰੀ ਵੀ ਬਾਖ਼ੂਬੀ ਨਾਲ ਕੀਤੀ ਜਾਂਦੀ ਹੈ, ਜਿਸ ਵਿਚ ਮੁਟਿਆਰਾਂ ਵੱਲੋਂ ਲੋਕ ਗੀਤ, ਸਿਠਣੀਆਂ, ਦੋਹੇ, ਟੱਪੇ ਤੇ ਬੋਲੀਆਂ ਪਾ ਕੇ ਇਸ ਮੇਲੇ ਨੂੰ ਚਾਰ ਚੰਨ ਲਾ ਦਿੱਤੇ ਗਏ। ਪੁਰਾਣੇ ਸਮਿਆਂ ਵਿਚ ਵਿਆਹ ਵਾਲੇ ਘਰ ਪੁੱਜ ਰਹੀਆਂ ਮੇਲਣਾਂ, ਛੱਜ ਤੋੜਣ ਦੇ ਦ੍ਰਿਸ਼, ਮਹਿੰਦੀ, ਜਾਗੋ ਅਤੇ ਹੋਰ ਰਸ਼ਮਾਂ ਇਸ ਮੇਲੇ ਦਾ ਸ਼ਿੰਗਾਰ ਬਣੀਆਂ ਹੋਈਆਂ ਸਨ। ਵਿਰਾਸਤੀ ਮੇਲੇ ਦਾ ਆਨੰਦ ਮਾਣ ਰਹੇ ਬਜ਼ੁਰਗ ਇੰਜ ਮਹਿਸੂਸ ਕਰ ਰਹੇ ਸਨ ਜਿਵੇਂ ਸੱਚਮੁੱਚ ਹੀ ਉਨ੍ਹਾਂ ਦੀ ਜਵਾਨੀ ਵੇਲੇ ਦਾ ਪੁਰਾਤਨ ਪੰਜਾਬ ਵਾਪਸ ਆ ਗਿਆ ਹੋਵੇ। ਇਕ ਪਾਸੇ ਦਰੱਖ਼ਤ ਥੱਲੇ ਝੁੰਡ ਬਣਾ ਕੇ ਬੈਠੀਆਂ ਮੁਟਿਆਰਾਂ ਫੁਲਕਾਰੀਆਂ ਤੇ ਬਾਗ਼ ਕੱਢਦੀਆਂ ਵੀ ਨਜ਼ਰ ਆਈਆਂ ਤੇ ਦੂਸਰੇ ਪਾਸੇ ਸਿਰਾਂ 'ਤੇ ਸੱਗੀ ਫੁੱਲ ਅਤੇ ਫੁਲਕਾਰੀਆਂ ਨਾਲ ਸਜੀਆਂ ਮੁਟਿਆਰਾਂ ਪੱਖੀਆਂ ਨੂੰ ਕਸ਼ੀਦ ਦੀਆਂ ਤੇ ਝਾਲਰਾਂ ਲਾਉਦੀਆਂ, ਕੱਚੀ ਮਿੱਟੀ ਦੇ ਬਣੇ ਘਰਾਂ ਵਿਚ ਬੈਠੀਆਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਸਨ। ਇਨ੍ਹਾਂ ਕੱਚੇ ਘਰਾਂ ਦੀਆਂ ਕੰਧਾਂ ਤੇ ਕੰਧੋਲੀਆਂ ਉੱਪਰ ਰੰਗ-ਬਰੰਗੇ ਰੰਗਾਂ ਵਿਚ ਮੋਰ, ਤੋਤੇ ਤੇ ਕਬੂਤਰਾਂ ਦੇ ਚਿੱਤਰਾਂ ਦੀ ਕੀਤੀ ਹੋਈ ਕਲਾਕਾਰੀ ਨੂੰ ਵੇਖ ਕੇ ਦਰਸ਼ਕਾਂ ਦੇ ਮੂੰਹੋਂ ਵਾਹ ਜੀ ਵਾਹ ਦੇ ਸ਼ਬਦ ਆਪ-ਮੁਹਾਰੇ ਹੀ ਨਿਕਲ ਰਹੇ ਸਨ। ਘੱਗਰੇ ਪਾ ਕੇ ਚਰਖੇ 'ਤੇ ਲੰਬੇ ਲੰਬੇ ਤੰਦ ਪਾਉਂਦੀਆਂ ਤੇ ਦਰੀਆਂ ਬੁਣਦੀਆਂ ਮੁਟਿਆਰਾਂ ਦੀਆਂ ਟੋਲੀਆਂ ਵੀ ਆਪਣੀ ਕਲਾ ਦਾ ਜੌਹਰ ਵਿਖਾਉਂਦੀਆਂ ਨਜ਼ਰ ਆ ਰਹੀਆ ਸਨ। ਅਟੇਰਨ ਕੱਤ ਰਹੀਆਂ ਤੇ ਪੁਰਾਣੇ ਜ਼ਮਾਨੇ ਅਨੁਸਾਰ ਚੱਕੀ ਤੇ ਆਟਾ ਪੀਂਹਦੀਆਂ ਬਜ਼ੁਰਗ ਔਰਤਾਂ ਵੀ ਨਵੀਂ ਪੀੜ੍ਹੀ ਨੂੰ ਹੱਥੀ ਕੰਮ ਕਰਨ ਦੀ ਪ੍ਰੇਰਨਾ ਦੇ ਰਹੀਆਂ ਸਨ। ਇਸ ਵਿਰਾਸਤੀ ਪਿੰਡ ਵਿਚ ਚੱਕ ਉੱਪਰ ਮਿੱਟੀ ਦੇ ਭਾਂਡੇ ਘੜਦਾ ਘੁਮਿਆਰ ਵੀ ਮੇਲੀਆਂ ਦਾ ਧਿਆਨ ਖਿੱਚ ਰਿਹਾ ਸੀ। ਪਿੰਡਾਂ ਦੇ ਜੈਲਦਾਰਾਂ ਦੀਆਂ ਪੁਰਾਤਨ ਹਵੇਲੀਆਂ ਤੇ ਨੰਬਰਦਾਰਾਂ ਦੇ ਵੱਡੇ ਦਰਵਾਜੇ ਵੀ ਬਣੇ ਹੋਏ ਸਨ ਅਤੇ ਪਿੰਡ ਵਿਚ ਪੁਰਾਣੇ ਸਮੇਂ ਅਨੁਸਾਰ ਜੈਲਦਾਰਾਂ ਤੇ ਨੰਬਰਦਾਰਾਂ ਦੀਆਂ ਜੀਪਾਂ, ਬੰਦੂਕਾਂ ਤੇ ਖੂੰਡਿਆਂ ਦੀ ਚੌਧਰ ਦੀਆਂ ਝਲਕੀਆਂ ਵੀ ਪੇਸ਼ ਕੀਤੀਆਂ ਗਈਆਂ ਹਨ। ਜੈਲਦਾਰਾਂ ਦੀ ਹਵੇਲੀ ਵਿਚ ਪੁਰਾਣੇ ਹਥਿਆਰਾਂ ਦੀਆਂ ਲੱਗੀਆਂ ਨੁਮਾਇਸ਼ਾਂ ਨੌਜਵਾਨਾਂ ਲਈ ਖਿੱਚ ਦਾ ਕਾਰਨ ਬਣੀਆਂ ਹੋਈਆਂ ਸਨ। ਪੁਰਾਣੇ ਕੱਚੀਆਂ ਇੱਟਾਂ ਦੇ ਘਰਾਂ ਵਿਚ ਬਣੇ ਕਬੂਤਰਾਂ ਦੇ ਖੁੱਡੇ 'ਜੱਗੇ ਜੱਟ ਦੇ ਕਬੂਤਰ ਚੀਨੇ' ਵਾਲੀ ਝਲਕ ਵੀ ਪੇਸ਼ ਕਰ ਰਹੇ ਸਨ। ਵਿਰਾਸਤ ਮੇਲੇ ਵਿਚ ਪੁਰਾਤਨ ਬਰਤਨਾਂ ਦਾ ਭੰਡਾਰ ਜਿਸ ਵਿਚ ਕਾਂਸੇ ਤੇ ਪਿੱਤਲ ਦੇ ਭਾਂਡੇ, ਪੁਰਾਣੇ ਜਿੰਦਰੇ, ਬੋਹੀਏ, ਸਿੱਕੇ, ਸੁਰਾਹੀਆਂ, ਸੁਰਮੇਦਾਨੀਆਂ, ਪੁਰਾਣੇ ਵੱਟੇ, ਪਿੱਤਲ ਦਾ ਗਿਲਾਸ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ। ਇਸ ਤਰ੍ਹਾਂ ਹੀ ਵੱਡੇ ਲੱਕੜ ਦੇ ਪੁਰਾਣੇ ਰੇਡੀਓ, ਟੇਪਰਿਕਾਰਡ ਤੇ ਤਵੇ ਚਲਾਉਣ ਵਾਲਾ ਗਰਾਮੋਫੋਨ ਅਤੇ ਹੋਰ ਪੁਰਾਣੇ ਸੰਗੀਤ ਨਾਲ ਜੁੜੀਆਂ ਹੋਈਆਂ ਵਸਤੂਆਂ ਵੀ ਮੇਲੇ ਦਾ ਸ਼ਿੰਗਾਰ ਬਣੀਆਂ ਹੋਈਆਂ ਸਨ। ਮੇਲੇ ਵਿਚ ਚਾਟੀ ਦੀ ਲੱਸੀ 'ਤੇ ਤੌੜੀ ਦੇ ਦੁੱਧ ਦਾ ਸੁਆਦ ਚੱਖਣ ਵਾਲਿਆਂ ਦੀ ਵੀ ਭੀੜ ਲੱਗੀ ਹੋਈ ਸੀ। ਜਿਸ ਤਰ੍ਹਾਂ ਕੰਪਿਊਟਰ ਯੁੱਗ ਵਿਚ ਵੀ ਅਜੋਕੀ ਪੀੜ੍ਹੀ ਵਹਿਮਾਂ-ਭਰਮਾਂ ਦਾ ਖਿਆਲ ਰੱਖਦੀ ਹੈ, ਉਸੇ ਤਰ੍ਹਾਂ ਹੀ ਮੇਲੇ ਵਿਚ ਪੰਡਤਾਂ ਕੋਲੋਂ ਹੱਥ ਵਿਖਾ ਕੇ ਆਪਣੀ ਤਕਦੀਰ ਜਾਣਨ ਵਾਲੀਆਂ ਬੀਬੀਆਂ ਵੀ ਵੇਖੀਆਂ ਗਈਆਂ। ਜਟਾਂ ਵਾਲੇ ਸਾਧਾਂ ਦੇ ਲੱਗੇ ਧੂਣੇ ਅਤੇ ਆਪਣੇ ਸਰੀਰ ਤੇ ਸੁਆਹ ਮਲ਼ਕੇ ਨੱਚਦੇ ਸਾਧ ਵੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ ਹੋਏ ਸਨ। ਮੇਲੇ ਵਿਚ ਪੁਰਾਣਾ ਸੱਭਿਆਚਾਰ ਸਾਂਭਣ ਵਾਲਿਆਂ, ਪੁਰਾਤਨ ਖੇਤੀ ਸੰਦਾਂ ਦੀਆਂ ਨੁਮਾਇਸ਼ਾਂ, ਬੋਤਲਾਂ 'ਚ ਸ਼ੇਅਰ ਲਿਖਣ ਦੇ ਮਾਹਿਰ ਧੂਰੀ ਦੇ ਸੁਖਵਿੰਦਰ ਸਿੰਘ ਲੋਟੇ ਨੇ ਇਸ ਵਿਰਾਸਤੀ ਮੇਲੇ 'ਚ ਵੱਖਰੀ ਹੀ ਪਛਾਣ ਬਣਾਈ ਹੋਈ ਸੀ। ਨਵ-ਵਿਆਹੀ ਲਾੜੀ ਨੂੰ ਲੈ ਕੇ ਜਾਣ ਵਾਲੀ ਪੁਰਾਤਨ ਲੱਕੜ ਦੀ ਗੱਡੀ ਤੇ ਉਸ ਗੱਡੀ ਵਿਚ ਸਜ ਕੇ ਬੈਠੀ ਇਕ ਮੁਟਿਆਰ ਅਰਸ਼ੋਂ ਉੱਤਰੀ ਪਰੀ ਦਾ ਭੁਲੇਖਾ ਪਾ ਰਹੀ ਸੀ। ਪੰਜਾਬੀਆਂ ਦੀ ਜਿੰਦ-ਜਾਨ ਮਲਵਈ ਗਿੱਧੇ ਦੀ ਗੱਭਰੂਆਂ ਤੇ ਮਟਿਆਰਾਂ ਨੇ ਅਜਿਹੀ ਪੇਸ਼ਕਾਰੀ ਕੀਤੀ ਕੇ ਦਰਸ਼ਕ ਕੁਰਸੀਆਂ ਤੋਂ ਉੱਠ ਕੇ ਝੂਮਣ ਲੱਗ ਪਏ। ਅਜੌਕੇ ਦੌਰ ਵਿਚ ਲਗਪਗ ਲੋਪ ਹੋਣ ਕੰਢੇ ਪਹੁੰਚੀ ਬਾਜ਼ੀ ਪਾਉਣ ਦੀ ਕਲਾਂ ਵੀ ਇਸ ਮੇਲੇ ਦੀ ਸ਼ਾਨ ਬਣੀ ਰਹੀ। ਸੈਲਫ਼-ਹੈਲਫ਼ ਗਰੁੱਪ ਤੇ ਭੂਤ ਪਿੰਨੇ ਖਰੀਦਣ ਵਾਲਿਆਂ ਦੀ ਭੀੜ ਲੱਗੀ ਰਹੀ। ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਬਾਜ਼ੀਗਰਾਂ ਵੱਲੋਂ ਇਸ ਖਾਨਦਾਨੀ ਕਲਾ ਰਾਹੀਂ ਅੱਗ ਦੀਆਂ ਲਾਟਾਂ ਵਾਲੇ ਗੋਲ ਚੱਕਰ ਵਿਚ ਦੀ ਛਾਲ ਮਾਰ ਕੇ ਲੰਘਣਾ, ਇਕ ਲੋਹੇ ਦੇ ਗੋਲ ਕੜੇ ਵਿੱਚੋਂ ਦੀ ਤਿੰਨ ਵਿਅਕਤੀਆਂ ਨੇ ਲੰਘਣਾਂ, ਮੋਟੇ ਸਰੀਏ ਨੂੰ ਗਲ਼ੇ ਦੀ ਘੰਡੀ ਦੇ ਜ਼ੋਰ ਨਾਲ ਮੋੜਨਾ, ਦੋ ਜੁੜੇ ਹੋਏ ਬਾਂਸਾ ਦੀ ਬਹੁਤ ਥੋੜ੍ਹੀ ਥਾਂ ਵਿਚ ਦੀ ਮੁਸ਼ੱਕਤ ਨਾਲ ਲੰਘਣਾਂ ਆਦਿ ਕਰਤਵਾਂ ਨੂੰ ਦਰਸ਼ਕ ਸਾਹ ਰੋਕ ਕੇ ਵੇਖਦੇ ਹੋਏ ਨਜ਼ਰ ਆਏ। ਪੁਰਾਤਨ ਸਮੇਂ ਵਿਚ ਜ਼ੋਰ ਅਜ਼ਮਾਇਸ਼ ਕਰਨ ਲਈ ਖੇਡੀ ਜਾਣ ਵਾਲੀ ਰੱਸਾਕਸ਼ੀ ਖੇਡ ਨੇ ਵਿਰਾਸਤੀ ਮੇਲੇ ਵਿਚ ਦਰਸ਼ਕਾਂ ਦੇ ਮਨਾਂ ਨੂੰ ਟੁੰਬ ਲਿਆ।

ਤਕਰੀਬਨ ਅੱਧੀ ਦਰਜਨ ਪੁਸਤਕਾਂ ਦੀਆਂ ਸਟਾਲਾਂ ਮੇਲੇ ਵਿਚ ਲੱਗੀਆਂ ਹੋਈਆਂ ਸਨ, ਪਰ ਨੌਜਵਾਨ ਕਿਤਾਬਾਂ ਵੇਖਣ ਤਕ ਹੀ ਸੀਮਿਤ ਰਹੇ। ਬੁੱਤਘਾੜਾ ਤੇ ਪੇਂਟਰ ਰਾਮਪਾਲ ਵੱਲੋਂ ਬਣਾਏ ਹੋਏ ਸਕੈਚ ਨੂੰ ਬੁੱਧੀਜੀਵੀ ਲੋਕ ਨੇੜੇ ਹੋ ਕੇ ਤੱਕ ਦੇ ਨਜ਼ਰ ਆ ਰਹੇ ਸਨ। ਇਸ ਵਿਰਾਸਤੀ ਮੇਲੇ ਵਿਚ ਬਾਹਰਲੇ ਦੇਸ਼ਾਂ ਵਿੱਚੋਂ ਆਏ ਸੈਲਾਨੀ ਪੰਜਾਬ ਦੇ ਅਮੀਰ ਸੱਭਿਆਚਰਕ ਵਿਰਸੇ ਨਾਲ ਸਬੰਧਤ ਸਾਜੋ ਸਮਾਨ ਨਾਲ ਤਸਵੀਰਾਂ ਕਰਵਾਉਂਦੇ ਹੋਏ ਨਜ਼ਰ ਆ ਰਹੇ ਸਨ। ਮੇਲੇ ਵਿਚ ਪੁਰਾਣਾ ਸੱਭਿਆਚਾਰ ਸਾਂਭਣ ਦੀ ਕੋਸ਼ਿਸ਼ ਅਤੇ ਜ਼ਮਾਨੇ ਤੋਂ ਹਟ ਕਿ ਸੱਭਿਆਚਾਰ ਦੇ ਸਮਾਨ ਰਾਹੀਂ ਨਵੀਂ ਪੀੜ੍ਹੀ ਨੂੰ ਆਪਣੇ ਪੁਰਾਤਨ ਸੱਭਿਆਚਾਰਕ ਨਾਲ ਜੋੜਨ ਵਿਚ ਇਕ ਅਹਿਮ ਖਿੱਚ ਵੀ ਵੇਖੀ ਗਈ ਪਰ ਪੁਰਾਤਨ ਵਿਰਾਸਤ ਪੇਸ਼ ਕਰਨ ਵਾਲਿਆ ਦਾ ਕਹਿਣਾ ਸੀ ਕਿ ਨਵਾਂ ਪੋਜ ਸਿਰਫ਼ ਮੋਬਾਈਲਾਂ ਵਿਚ ਫੋਟੋਆਂ ਖਿੱਚਣ ਦਾ ਹੀ ਸ਼ੌਕੀਨ ਹੈ। •

**ਮੋਬਾਇਲ: 9417079435**

ਕੌਮੀ ਪੱਤ੍ਰਿਕਾ

# ਨੀਅਤ, ਨੀਤੀ ਅਤੇ ਅੰਤੋਂਦੇਯ ਦੇ ਸੰਕਲਪ ’ਤੇ ਹੀ ਸੂਬੇ ਵਿੱਚ ਤੀਜੀ ਵਾਰ ਬਣੀ ਸਰਕਾਰ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਦੀ ਨੀਅਤ, ਨੀਤੀ ਅਤੇ ਅੰਤੋਂਦੇਯ ਦੇ ਸੰਕਲਪ ’ਤੇ ਹੀ ਸੂਬੇ ਵਿੰਚ ਤੀਜੀ ਵਾਰ ਡਬਲ ਇੰਜਨ ਦੀ ਸਰਕਾਰ ਬਣੀ ਹੈ। ਉਚਾਨਾ ਦੇ ਵਿਕਾਸ ਦੇ ਪਹਇਏ ਨੂੰ ਹੁਣ ਹੋਰ ਵੀ ਤੇਜ ਗਤੀ ਦਿੱਤੀ ਜਾਵੇਗੀ ਅਤੇ ਇੱਥੇ ਦੀ ਖੁਸ਼ਹਾਲੀ ਵਿੱਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ।

ਮੁੱਖ ਮੰਤਰੀ ਜੀਂਦ ਦੇ ਉਚਾਨਾ ਵਿੱਚ ਬੁੱਧਵਾਰ ਨੂੰ ਧੰਨਵਾਦ ਰੈਲੀ ਨੂੰ ਸੰਬੋਧਿਤ ਕਰ ਰਹੇ ਸਨ। ਰੈਲੀ ਵਿੱਚ ਪਹੁੰਚਣ ’ਤੇ ਆਯੋਜਕ ਅਤੇ ਉਚਾਨਾ ਵਿਧਾਨਸਭਾ ਤੋਂ ਵਿਧਾਇਕ ਸ੍ਰੀ ਦੇਵੇਂਦਰ ਚਤੁਰਭੁਜ ਅੱਤਰੀ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਸਵਾਗਤ ਕੀਤਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ 103 ਕਰੋੜ 31 ਲੱਖ ਰੁਪਏ ਲਾਗਤ ਦੀ 5 ਵਿਕਾਸ ਪਰਿਯੋਜਨਾਵਾਂ ਦੇ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖੇ ਹਨ। ਇੰਨ੍ਹਾਂ ਵਿੱਚ 28 ਕਰੋੜ 54 ਲੱਖ ਰੁਪਏ ਲਾਗਤ ਦੇ 3 ਉਦਘਾਟਨ ਅਤੇ 74 ਕਰੋੜ 77 ਲੱਖ ਰੁਪਏ ਦੀ ਲਾਗਤ ਦੇ 2 ਨੀਂਹ ਪੱਥਰ ਸ਼ਾਮਿਲ ਹਨ।

ਇਸ ਦੌਰਾਨ ਸੂਬੇ ਦੇ ਜਨ ਸਿਹਤ ਇੰਜੀਨੀਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ, ਸਮਾਜ ਭਲਾਈ ਤੇ ਅਧਿਕਾਰਤਾ ਰਾਜ ਮੰਤਰੀ ਸ੍ਰੀ ਕ੍ਰਿਸ਼ਣ ਬੇਦੀ, ਹਰਿਆਣਾ ਵਿਧਾਨਸਭਾ ਦੇ ਡਿਪਟੀ ਸਪੀਕਰ ਡਾ. ਕ੍ਰਿਸ਼ਣ ਮਿੱਢਾ, ਵਿਧਾਇਕ ਸ੍ਰੀ ਪਵਨ ਖਰਖੌਦਾ ਵੀ ਮੌਜੂਦ ਸਨ।

ਰੈਲੀ ਵਿੱਚ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਚਾਨਾ ਦੀ ਭੂਮੀ ਮਿਹਨਤ, ਰਿਵਾਇਤ ਅਤੇ ਪ੍ਰਗਤੀ ਦਾ ਥੰਮ੍ਹ ਹੈ। ਇਹ ਹਰਿਆਣਾ ਦੀ ਉਹ ਧੜਕਨ ਹੈ, ਜਿੱਥੇ ਜਦੋਂ ਕਿਸਾਨ ਦਾ ਪਸੀਨਾ ਮਿੱਟੀ ਵਿੱਚ ਮਿਲਦਾ ਹੈ, ਤਾਂ ਦੇਸ਼ ਦੇ ਅੰਨ ਭੰਡਾਰ ਭਰ ਜਾਂਦੇ ਹਨ। ਜਦੋਂ ਇੱਥੇ ਦਾ ਨੌਜੁਆਨ ਸੰਕਲਪ ਲੈਂਦਾ ਹੈ, ਤਾਂ ਪੂਰੀ




ਦੁਨੀਅਰ ਵਿੱਚ ਭਾਰਤ ਦੀ ਪ੍ਰਤਿਭਾ ਦਾ ਪਰਚਮ ਲਹਿਰਾਉਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਅੰਨ ਭੰਡਾਰ ਭਰਨ ਵਾਲੇ ਕਿਸਾਨਾਂ ਦੀ ਭੂਮੀ ਉਚਾਨਾ ਨੂੰ ਲੰਬੇ ਸਮੇਂ ਤੋਂ ਨਜਰ ਅੰਦਾਜ ਕੀਤਾ ਗਿਆ। ਝੂਠੇ ਵਾਅਦੇ ਕਰ ਕੇ ਤੁਹਾਡੇ ਵੋਟਾਂ ਦੀ ਫਸਲ ਤਾਂ ਦੋ-ਦੋ-ਤਿੰਨ-ਤਿੰਨ ਪੀੜੀਆਂ ਤੱਕ ਕੱਟੀ ਗਈ, ਪਰ ਵਿਕਾਸ ਦੇ ਨਾਮ ’ਤੇ ਕੁੱਝ ਨਹੀਂ ਕੀਤਾ ਗਿਆ। ਪਿਛਲੇ ਲੰਬੇ ਸਮੇਂ ਤੋਂ ਤੁਹਾਨੂੰ ਝੂਠੇ ਸਪਨੇ ਦਿਖਾ ਕੇ ਆਪਣੀ ਪੀੜੀਆਂ ਨੂੰ ਅੱਗੇ ਵਧਾਉਣ ਤੋਂ ਇਲਾਵਾ ਕੁੱਝ ਨਹੀਂ ਕੀਤਾ। ਪਰਿਵਾਰਵਾਦ ਦੀ ਦਲਦਲ ਵਿੱਚ ਫਸੇ ਇਹ ਲੋਕ ਤੁਹਾਡੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਸੰਜੀਦਾ ਨਹੀਂ ਰਹੇ। ਉਨ੍ਹਾਂ ਨੇ ਸਿਰਫ ਆਪਣੇ ਬੱਚਿਆਂ ਦਾ ਭਵਿੱਖ ਹੀ ਸੁਰੱਖਿਅਤ ਕੀਤਾ ਹੈ। ਪਰ ਸੂਬਾ ਸਰਕਾਰ ਨੇ ਵਿਕਾਸ ਦੇ ਮਾਮਲੇ ਵਿੱਚ ਇਸ ਖੇਤਰ ਦਾ ਹੱਕ ਸੂਦ ਸਮੇਤ ਮੋੜਨ ਦਾ ਕੰਮ ਕੀਤਾ ਹੈ ਅਤੇ ਅੱਗੇ ਵੀ ਇਹ ਜਾਰੀ ਰਹੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਸਿਆਸਤ ਨੂੰ ਸਿਰਫ ਸੱਤਾ ਦਾ ਸਾਧਨ ਨਹੀਂ, ਸਗੋ ਸੇਵਾ ਦਾ ਸਰੋਤ ਮੰਨਿਆ ਹੈ। ਉਚਾਨਾ ਹਲਕੇ ਦੇ ਵਿਕਾਸ ਨੂੰ ਗਤੀ ਦੇਣ ਲਈ 11 ਸਾਲਾਂ ਦੇ ਕਾਰਜਕਾਲ ਵਿੱਚ 98 ਸੀਐਮ ਅਨਾਊਂਸਮੈਂਟ ਹੋਈਆਂ। ਇੰਨ੍ਹਾਂ ਵਿੱਚੋਂ 78 ਦਾ ਕੰਮ ਪੂਰਾ ਹੋ ਚੁੱਕਾ ਹੈ ਅਤੇ 15 ਦਾ ਕੰਮ ਪ੍ਰਗਤੀ ’ਤੇ ਹੈ। ਉਚਾਨਾ ਵਿਧਾਨਸਭਾ ਖੇਤਰ ਵਿੱਚ ਵਿਕਾਸ ਕੰਮ ਦਾ ਜਿਕਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਹਲਕੇ ਵਿੱਚ ਵਿਕਾਸ ਕੰਮਾਂ ’ਤੇ ਪਿਛਲੇ 11 ਸਾਲਾਂ ਵਿੱਚ 1 ਹਜਾਰ 409 ਕਰੋੜ ਰੁਪਏ ਇਸ ਸਰਕਾਰ ਵਿੱਚ ਖਰਚ ਕੀਤੇ ਗਏ ਹਨ। ਜਦੋਂ ਕਿ ਕਾਂਗਰਸ ਦੇ 10 ਸਾਲ ਦੇ ਸ਼ਾਸਨਕਾਲ ਵਿੱਚ ਸਿਰਫ 386 ਕਰੋੜ ਰੁਪਏ ਖਰਚ ਕੀਤੇ ਗਏ ਸਨ। ਉਨ੍ਹਾਂ ਨੇ ਕਿਹਾ ਕਿ ਬੀਜੇਪੀ ਦੇ ਸ਼ਾਸਨ ਵਿੱਚ ਉਚਾਨਾ ਸਬ-ਤਹਿਸੀਲ ਨੂੰ ਸਬ-ਡਿਵੀਜਨ ਅਤੇ ਅਲਵਾ ਸਬ-ਤਹਿਸੀਲ ਨੂੰ ਤਹਿਸੀਲ ਦਾ ਦਰਜਾ ਦਿੱਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਸਰਕਾਰ ਆਪਣੇ ਤੀਜੇ ਕਾਰਜਕਾਲ ਵਿੱਚ ਵੀ ਜਨਭਲਾਈ ਦੇ ਕੰਮ ਤੇਜੀ ਨਾਲ ਕਰ ਰਹੀ ਹੈ। ਬੀਜੇਪੀ ਦਾ ਟੀਚਾ ਸਿਰਫ ਚੋਣ ਜਿੱਤਣਾ ਨਹੀਂ, ਸਗੋ ਜਨਤਾ ਦਾ ਭਰੋਸਾ ਜਿੱਤਣਾ ਹੈ। ਵਿਰੋਧੀ ਧਿਰ ਸਿਰਫ ਦੋਸ਼ ਲਗਾਉਂਦਾ ਹੈ, ਪਰ ਸਰਕਾਰ ਦੇ ਕੋਲ ਕੰਮ ਦੀ ਰਿਪੋਰਅ ਕਾਰਡ ਹੈ। ਸੂਬਾ ਸਰਕਾਰ ਨੇ ਜੋ ਕਿਹਾ, ਉਹ ਕਰ ਕੇ ਦਿਖਾਇਆ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਨੇ ਆਪਣੇ ਕਾਰਜਕਾਲ ਵਿੱਚ ਇਸ ਖੇਤਰ ਨੂੰ ਸਿਰਫ ਸਬਜਬਾਗ ਦਿਖਾਉਂਦੇ ਹੋਏ ਵੋਟ ਲੈਣ ਦਾ ਕੰਮ ਕੀਤਾ। ਵਿਰੋਧੀ ਧਿਰ ਅੱਜ ਮੁੱਦਾ ਹੀਨ ਹੋ ਚੁੱਕਾ ਹੈ। ਪਰ ਅਸੀਂ ਜੋ ਕਹਿੰਦੇ ਹਾਂ ਉਸ ਨੂੰ ਕਰਦੇ ਵੀ ਹਨ। ਇਸ ਦਾ ਪ੍ਰਮਾਣ ਇਹ ਹੈ ਕਿ ਅਸੀਂ ਪਿਛਲੇ ਵਿਧਾਨਸਭਾ ਚੋਣਾਂ ਦੇ ਆਪਣਾ ਸੰਕਲਪ ਪੱਤਰ ਦੇ 217 ਸੰਕਲਪਾਂ ਵਿੱਚੋਂ 60 ਨੂੰ ਇੱਕ ਸਾਲ ਵਿੱਚ ਹੀ ਪੂਰਾ ਕਰ ਦਿਖਾਇਆ ਹੈ। ਸੂਬਾ ਸਰਕਾਰ ਨੇ ਆਪਣੇ ਤੀਜੇ ਕਾਰਜਕਾਲ ਵਿੱਚ ਵੀ ਸੂਬੇ ਦੇ ਸਮੂਚੇ ਵਿਕਾਸ ਅਤੇ ਹਰ ਵਰਗ ਦੇ ਹਿੱਤਾਂ ਦੀ ਸੁਰੱਖਿਆ ਦੇ ਲਹੀ ਅਨੇਕ ਠੋਸ ਕਦਮ ਚੁੱਕੇ ਹਨ। ਇਸੀ ਦਾ ਤਹਿਤ ਗਰੀਬ ਮਹਿਲਾਵਾਂ ਨੂੰ ਆਪਣੀ ਰਸੋਈ ਚਲਾਉਣ ਲਈ ਹਰ ਮਹੀਨੇ ਸਿਰਫ 500 ਰੁਪਏ ਵਿੱਚ ਗੈਸ ਸਿਲੇਂਡਰ ਦਿੱਤਾ ਜਾ ਰਿਹਾ ਹੈ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਹਿੱਤ ਸਾਡੀ ਨੀਤੀਆਂ ਦੇ ਕੇਂਦਰ ਵਿੱਚ ਹਨ। ਕਾਂਗਰਸ ਦੇ ਰਾਜ ਵਿੱਚ ਸਵਾਮੀਨਾਥਨ ਆਯੋਗ ਦੀ ਸਿਫਾਰਿਸ਼ਾਂ ਨੂੰ ਡੱਬੇ ਵਿੱਚ ਪਾ ਦਿੱਤਾ ਗਿਆ ਸੀ, ਪਰ ਬੀਜੇਪੀ ਸਰਕਾਰ ਨੇ ਹਮੇਸ਼ਾ ਕਿਸਾਨਾਂ ਦੇ ਲਈ ਹੀ ਕੰਮ ਕੀਤਾ ਹੈ। ਅੱਜ ਸੂਬੇ ਵਿੱਚ ਕਿਸਾਨਾਂ ਦੀ ਸਾਰੀ ਫਸਲਾਂ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ ’ਤੇ ਕੀਤੀ ਜਾ ਰਹੀ ਹੈ। ਹੁਣ ਤੱਕ 12 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ ਫਸਲ ਖਰੀਦ ਦੇ 1 ਲੱਖ 64 ਹਜਾਰ ਕਰੋੜ ਰੁਪਏ ਪਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ, ਸੂਬੇ ਵਿੱਚ ਫਸਲ ਖਰਾਬ ਹੋਣ ’ਤੇ ਪਿਛਲੇ 11 ਸਾਲਾਂ ਵਿੱਚ ਕਿਸਾਨਾਂ ਨੂੰ ਮੁਆਵਜੇ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਹੁਣ ਤੱਕ 15 ਹਜਾਰ 448 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ 10 ਸਾਲ ਦੇ ਸ਼ਾਸਨਕਾਲ ਵਿੱਚ 1 ਹਜਾਰ 138 ਕਰੋੜ ਰੁਪਏ ਦੀ ਮੁਆਵਜਾ ਰਕਮ ਜਾਰੀ ਕੀਤੀ ਗਈ ਸੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੈ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਮਿਲ ਕੇ ਲੜਦੀ ਹੈ। ਕੁਰੂਕਸ਼ੇਤਰ ਵਿੱਚ ਲੋਕਸਭਾ ਚੋਣ ਦੌਰਾਨ ਵੀ ਇੰਨ੍ਹਾਂ ਨੇ ਅਜਿਹਾ ਹੀ ਕੀਤਾ ਸੀ, ਪਰ ਜਨਤਾ ਨੇ ਇੰਨ੍ਹਾਂ ਨੂੰ ਸਰਕ ਸਿਖਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਪੰਜਾਬ ਵਿੱਚ ਵਾਅਦਾ ਕੀਤਾ ਕਿ 1 ਹਜਾਰ ਰੁਪਏ ਮਹਿਲਾਵਾਂ ਨੂੰ ਦੇਣਗੇ, ਹੁਣ ਚੋਣ ਵਿੱਚ ਸਿਰਫ 7-8 ਮਹੀਨੇ ਬਚੇ ਹਨ, ਪਰ ਹੁਣ ਤੱਕ ਉੱਥੇ ਕਿਸੀ ਨੂੰ ਕੁੱਝ ਨਹੀਂ ਮਿਲਿਆ। ਜਦੋਂ ਕਿ ਹਰਿਆਣਾ ਵਿੱਚ ਭੈਣਾ-ਬੇਟੀਆਂ ਨੂੰ ਆਰਥਕ ਤੇ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ ਸੂਬੇ ਦੀ ਬੀਜੇਪੀ ਸਰਕਾਰ ਨੇ ਦੀਨਦਿਆਲ ਲਾਡੋ ਲੱਛਮੀ ਯੋਜਨਾ ਸ਼ੁਰੂ ਕੀਤੀ।

ਇਸ ਯੋਜਨਾ ਤਹਿਤ 2100 ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਹੁਣ ਤੱਕ 9 ਲੱਖ 22 ਹਜਾਰ ਤੋਂ ਵੱਧ ਭੈਣ-ਬੇਟੀਆਂ ਨੂੰ 634 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਇੱਕ ਸਾਲ ਵਿੱਚ 36 ਹਜਾਰ ਨੌਜੁਆਨਾ ਨੂੰ ਬਿਨ੍ਹਾ ਪਰਚੀ-ਖਰਚੀ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇੰਨ੍ਹਾਂ ਨੂੰ ਮਿਲਾ ਕੇ ਪਿਛਲੇ 11 ਸਾਲਾਂ ਵਿੱਚ 1 ਲੱਖ 80 ਹਜਾਰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਦਾ ਕੰਮ ਸਿਰਫ ਅਤੇ ਸਿਰਫ ਗਲਤ ਪ੍ਰਚਾਰ ਕਰਨਾ ਹੈ। ਮੁਦਰਾ ਹਾਸਲ ਕਰਨ ਲਈ ਇਹ ਹੱਥ-ਪੈਰ ਮਾਰ ਰਹੇ ਹਨ, ਪਰ ਇੰਨ੍ਹਾਂ ਦੇ ਪੱਲੇ ਕੁੱਝ ਵੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਮਨਰੇਗਾ ਦੀ ਆੜ ਵਿੱਚ ਹੋਏ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੇਂਦਰ ਸਰਕਾਰ ਨੇ ਵਿਕਸਿਤ ਭਾਰਤ-ਜੀ ਰਾਮ ਜੀ ਗ੍ਰਾਮੀਣ ਨੂੰ ਸ਼ੁਰੂ ਕੀਤਾ। 100 ਨਹੀ, 125 ਦਿਨ ਦੀ ਰੁਜ਼ਗਾਰ ਦੀ ਗਾਰੰਅੀ ਦਿੱਤੀ, ਨਾਲ ਹੀ 1 ਲੱਖ 51 ਹਜਾਰ 282 ਕਰੋੜ ਇਸ ਦੇ ਲਈ ਅਲਾਟ ਕੀਤੇ। ਪਰ ਕਾਂਗਰਸ ਇਸ ਨੂੰ ਲੈ ਕੇ ਵੀ ਗਲਤ ਪ੍ਰਚਾਰ ਕਰਨ ਲੱਗੀ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਸਿਰਫ ਅਤੇ ਸਿਰਫ ਝੂਠ ਬੋਲਦੀ ਹੈ, 24 ਘੰਟੇ ਬਿਜਲੀ ਦੇਣ ਦੀ ਵੀ ਕਾਂਗਰਸ ਨੇ ਗੱਲ ਕਹੀ ਸੀ, ਪਰ ਕੀਤਾ ਕੁੱਝ ਨਹੀਂ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੈ ਪੈਨਸ਼ਨ ਦੇ ਮੁੱਦੇ ’ਤੇ ਵੀ ਸੂਬੇ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ।

ਵਿਕਾਸ ਰੈਲੀ ਦੇ ਆਯੋਜਕ ਅਤੇ ਉਚਾਨਾ ਵਿਧਾਨਸਭਾ ਤੋਂ ਵਿਧਾਹਿਕ ਸ੍ਰੀ ਦੇਵੇਂਦਰ ਚਤੁਰਭੁੱਜ ਅੱਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਧੰਨਵਾਦ ਰੈਲੀ ਸਿਰਫ ਪ੍ਰੋਗਰਾਮ ਨਹੀਂ ਹੈ, ਸਗੋ ਇਹ ਸੰਦੇਸ਼ ਹੈ ਕਿ ਉਚਾਨਾ ਹੁਣ ਵਿਕਾਸ ਦੀ ਰਾਹ ’ਤੇ ਤੇਜੀ ਨਾਲ ਅੱਗੇ ਵੱਧ ਰਿਹਾ ਹੈ। ਸੂਬੇ ਵਿੱਚ ਤੀਜੀ ਵਾਰ ਬਣੀ ਬੀਜੇਪੀ ਸਰਕਾਰ ਵਿੱਚ ਵਿਕਾਸ ਦੀ ਰਫਤਾਰ ਵੀ ਵੱਧਦੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਉਚਾਨਾ ਵਿੱਚ ਵਿਕਾਸ ਤੇਜੀ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਨੇ ਉਚਾਨਾ ਖੇਤਰ ਦੇ 6 ਪਿੰਡਾਂ ਦਾ ਆਈਐਮਟੀ ਵਿੱਚ ਚੋਣ ਹੋਣ ’ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਵੀ ਜਤਾਇਆ। ਸ੍ਰੀ ਦੇਵੇਂਦਰ ਚਤੁਰਭੁੱਜ ਅੱਤਰੀ ਨੇ ਕਿਹਾ ਕਿ ਪਹਿਲਾਂ ਜੋ ਵੀ ਉਚਾਨਾ ਤੋਂ ਚੋਣ ਜਿੱਤਿਆ, ਉਸ ਨੇ ਦਿੱਲੀ ਅਤੇ ਚੰਡੀਗੜ੍ਹ ਤੋਂ ਹੀ ਰਾਜਨੀਤੀ ਕੀਤੀ। ਇੰਨ੍ਹਾਂ ਹੀ ਨਹੀਂ, ਉਚਾਨਾ ਤੋਂ ਜਿੱਤ ਹੋਣ ਵਾਲੇ ਵੱਡੇ-ਵੱਡੇ ਅਹੁਦਿਆਂ ’ਤੇ ਵੀ ਰਹੇ, ਪਰ ਉਨ੍ਹਾਂ ਦਾ ਜਨਤਾ ਨਾਲ ਕੋਈ ਲੈਣਾ ਦੇਣਾ ਨਹੀਂ ਸੀ।

## ਉਚਾਨਾ ਧੰਨਵਾਦ ਰੈਲੀ ਵਿੱਚ ਗਰਜੇ ਕੈਬਨਿਟ ਮੰਤਰੀ, ਕਿਹਾ-ਮੁੱਖ ਮੰਤਰੀ ਦੀ ਅਗਵਾਈ ਵਿੱਚ ਹੋ ਰਿਹਾ ਸੂਬੇ ਦਾ ਚਹੁੰਮੁੱਖੀ ਵਿਕਾਸ




**ਚੰਡੀਗੜ੍ਹ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜੀਂਦ ਜ਼ਿਲ੍ਹੇ ਦੇ ਉਚਾਨਾ ਵਿੱਚ ਆਯੋਜਿਤ ਵਿਕਾਸ ਰੈਲੀ ਵਿੱਚ ਉਚਾਨਾ ਵਿਧਾਨਸਭਾ ਖੇਤਰ ਨੂੰ 103 ਕਰੋੜ 31 ਲੱਖ ਰੁਪਏ ਦੀ ਲਾਗਤ ਦੀ 5 ਵਿਕਾਸ ਪਰਿਯੋਜਨਾਵਾਂ ਦੇ ਉਦਘਾਟਨ ਵੀ ਕੀਤੇ। ਇਨ੍ਹਾਂ ਵਿੱਚੋਂ 28 ਕਰੋੜ 54 ਲੱਖ ਦੀ ਲਾਗਤ ਦੇ 3 ਉਦਘਾਟਨ ਅਤੇ 74 ਕਰੋੜ 77 ਲੱਖ ਰੁਪਏ ਦੀ ਲਾਗਤ ਦੇ 2 ਨੀਂਹ ਪੱਥਰ ਸ਼ਾਮਲ ਹਨ।

ਇਸ ਦੌਰਾਨ ਮੌਜੂਦ ਜਨਸਮੂਹ ਨੂੰ ਸੂਬੇ ਦੇ ਜਨਸਿਹਤ ਇੰਜੀਨਿਅਰਿੰਗ ਅਤੇ ਲੋਕਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ, ਸਮਾਜ ਭਲਾਈ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਬੇਦੀ ਅਤੇ ਹਰਿਆਣਾ ਵਿਧਾਨਸਭਾ ਦੇ ਡਿਪਟੀ ਸਪੀਕਰ ਡਾ. ਕ੍ਰਿਸ਼ਣ ਮਿੱਡਾ ਨੇ ਵੀ ਸੰਬੋਧਿਤ ਕੀਤਾ।

ਜਨਸਿਹਤ ਇੰਜੀਨਿਅਰਿੰਗ ਅਤੇ ਲੋਕਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬੇ ਵਿੱਚ ਡਬਲ ਇੰਜਨ ਦੀ ਸਰਕਾਰ ਤੇਜੀ ਨਾਲ ਵਿਕਾਸ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਵਿਧਾਨਸਭਾ ਚੋਣਾ ਦੌਰਾਨ ਸੂਬੇ ਵਿੱਚ ਜੋ ਮਾਹੌਲ ਸੀ, ਉਸ ਨੂੰ ਦੂਰ ਕਰਨ ਦਾ ਕੰਮ ਕਰਦੇ ਹੋਏ ਉਚਾਨਾ ਦੀ ਜਨਤਾ ਨੇ ਬੀਜੇਪੀ ਸਰਕਾਰ ਬਣਾਈ। ਅੱਜ ਪੂਰੇ ਹਰਿਆਣਾ ਵਿੱਚ ਮੁੱਖ ਮੰਤਰੀ ਸਮਾਨ ਵਿਕਾਸ ਕਰਨ ਦਾ ਕੰਮ ਕਰ ਰਹੇ ਹਨ। ਸ੍ਰੀ ਗੰਗਵਾ ਨੇ ਕਿਹਾ ਕਿ ਕਈ ਲੋਕਾਂ ਨੂੰ ਵਹਿਮ ਸੀ ਕਿ ਇੱਥੋਂ ਸਿਰਫ ਵੱਡੇ ਘਰਾਨੇ ਹੀ ਜਿੱਤ ਸਕਦੇ ਹਨ। ਇਨ੍ਹਾਂ ਹੀ ਨਹੀਂ ਇਹ ਵਹਿਮ ਵੀ ਸੀ ਕਿ ਉਹ ਬੀਜੇਪੀ ਵਿੱਚੇ ਆਏ ਤਾਂ ਬੀਜੇਪੀ ਦੀ ਸਰਕਾਰ ਬਣੀ। ਇਹ ਵਹਿਮ ਵੀ ਕੱਡਣ ਦਾ ਕੰਮ ਉਚਾਨਾ ਦੀ ਜਨਤਾ ਨੇ ਕੀਤਾ ਹੈ।

ਸਮਾਜ ਭਲਾਈ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਬੇਦੀ ਨੇ ਕਿਹਾ ਕਿ ਬਾਂਗਰ ਦੀ ਧਰਦੀ ਦਾ ਸਦਾ ਤੋਂ ਹੀ ਰਾਜਨੀਤੀ ਵਿੱਚ ਅਹਿਮ ਰੋਲ ਰਿਹਾ ਹੈ। ਇੱਕ ਸਮਾਂ ਸੀ ਜਦੋਂ ਕਾਂਗਰਸ ਦੀ ਇੱਥੋਂ 5 ਸੀਟ ਆਈ ਸੀ ਅਜਿਹੇ ਹੀ ਚੌਧਰੀ ਦੇਵੀਲਾਲ ਵੀ ਇੱਥੋਂ ਹੀ ਜਿੱਤੇ। ਪਰ ਹੁਣ ਇੱਥੇ ਦੀ ਜਨਤਾ ਬੀਜੇਪੀ ’ਤੇ ਰਾਜੀ ਹੈ ਅਤੇ ਸ੍ਰੀ ਨਰੇਂਦਰ ਮੋਦੀ ਅਤੇ ਸ੍ਰੀ ਨਾਇਬ ਸਿੰਘ ਸੈਣੀ ’ਤੇ ਇੱਥੇ ਦੀ ਜਨਤਾ ਨੇ ਭਰੋਸਾ ਜਤਾਇਆ ਹੈ। ਸ੍ਰੀ ਬੇਦੀ ਨੇ ਕਿਹਾ ਕਿ ਇੱਥੋਂ ਜਿੱਤਣ ਵਾਲਿਆਂ ਨੇ ਰਾਜਨੀਤੀ ਦਾ ਲਾਭ ਲੈਂਦੇ ਹੋਏ ਦੇਸ਼ ਅਤੇ ਸੂਬੇ ਵਿੱਚ ਰਾਜਨੀਤੀ ਕੀਤੀ। ਪਰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾ ਸਿਰਫ ਆਮਜਨ ਵਿੱਚਕਾਰ ਆ ਕੇ ਉਨ੍ਹਾਂ ਦੀ ਸਮੱਸਿਆਵਾਂ ਦਾ ਹੱਲ ਕਰਦੇ ਹਨ ਸਗੋਂ ਵਿਕਾਸ ਕੰਮਾਂ ਨੂੰ ਵੀ ਗਤੀ ਦੇ ਰਹੇ ਹਨ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉਚਾਨਾ ਹਲਕੇ ਵਿੱਚ ਖੋਲਿਆ ਐਲਾਨਾ ਦਾ ਪਿਟਾਰਾ

**ਚੰਡੀਗੜ੍ਹ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜੀਂਦ ਜਿਲ੍ਹਾ ਦੇ ਉਚਾਨਾ ਵਿਧਾਨਸਭਾ ਖੇਤਰ ਵਿੱਚ ਸਿਹਤ, ਸੜਕ ਅਤੇ ਸਿੰਚਾਈ ਸਮੇਤ ਮੁੱਢਲੀ ਸਹੂਲਤਾਂ ਨੂੰ ਪ੍ਰੋਤਸਾਹਨ ਦੇਣ ਲਈ ਕਈ ਅਹਿਮ ਐਲਾਨ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਵੱਲੋਂ ਉਚਾਨਾ ਵਿੱਚ ਨਵੀਂ ਵੱਧ ਅਨਾਜ ਮੰਡੀ ਅਤੇ ਮਾਰਕਿਟ ਕਮੇਟੀ ਦੇ ਭਵਨ ਦਾ ਨਿਰਮਾਣ ਕਰਵਾਇਆ ਜਾਵੇਗਾ।

ਮੁੱਖ ਮੰਤਰੀ ਬੁੱਧਵਾਰ ਨੂੰ ਉਚਾਨਾ ਵਿੱਚ ਆਯੋਜਿਤ ਧੰਨਵਾਦ ਰੈਲੀ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਇਸ ਦੌਰਾਨ ਉਚਾਨਾ ਵਿਧਾਨਸਭਾ ਦੇ ਵਿਕਾਸ ਲਈ 5 ਕਰੋੜ ਰੁਪਏ, ਇਸ ਤੋਂ ਇਲਾਵਾ ਉਚਾਨਾ ਸ਼ਹਿਰ ਦੀ ਬ੍ਰਾਹਮਣ ਧਰਮਸ਼ਾਲਾ, ਪਿਛੜਾ ਸਮਾਜ ਦੀ ਧਰਮਸ਼ਾਲਾ ਅਤੇ ਅਗਰਵਾਲ ਸਮਾਜ ਦੀ ਧਰਮਸ਼ਾਲਾ ਲਈ ਸਵੈਛਿੱਕ ਕੋਟੇ ਤੋਂ 11-11 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।

ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਪਿੰਡ ਥੁਆ ਦੇ ਮੋਗਾ ਨੰਬਰ 3600 ਐਲ ਬਧਾਨਾ ਮਾਈਨਰ ਦੇ ਖਾਲ ਨੂੰ 75 ਲੱਖ ਰੁਪਏ ਦੀ ਲਾਗਤ ਨਾਲ ਪੱਕਾ ਕੀਤਾ ਜਾਵੇਗਾ। ਨਾਲ ਹੀ ਉਚਾਨਾ ਵਿਧਾਨਸਭਾ ਖੇਤਰ ਦੇ ਵੱਖ-ਵੱਖ ਵਾਟਰ ਕੋਰਸ ਦੀ ਰਿਮਾਡਿਲਿੰਗ ਅਤੇ ਰਿਹੈਬਿਲਿਟੇਸ਼ਨ ਅਤੇ ਛੇ ਜਲ੍ਹ ਮਾਰਗਾਂ ਦੀ ਰਿਮਾਡਲਿੰਗ ਅਤੇ ਰਿਹੈਬਿਲਿਟੇਸ਼ਨ ਕਰਾਈ ਜਾਵੇਗੀ। ਇਸ ਕੰਮ ’ਤੇ 3 ਕਰੋੜ 72 ਲੱਖ ਰੁਪਏ ਦਾ ਖਰਚਾ ਆਵੇਗਾ।

ਉਨ੍ਹਾਂ ਨੇ ਕਿਹਾ ਕਿ ਘੋਘੜਿਆ ਦੇ ਪ੍ਰਾਥਮਿਕ ਸਿਹਤ ਕੇਂਦਰ ਅਤੇ ਉਚਾਨਾ ਖੁਰਦ ਵਿੱਚ ਪ੍ਰਾਥਮਿਕ ਸਿਹਤ ਕੇਂਦਰ ਦਾ ਨਵਾਂ ਭਵਨ ਬਣਵਾਇਆ ਜਾਵੇਗਾ। ਨਾਲ ਹੀ ਪ੍ਰਾਥਮਿਕ ਸਿਹਤ ਕੇਂਦਰ ਕਰਸਿੰਧੂ ਨੂੰ ਕਮਿਊਨਿਟੀ ਸਿਹਤ ਕੇਂਦਰ ਵਿੱਚ ਅਪਗ੍ਰੇਡ ਕੀਤਾ ਜਾਵੇਗਾ। ਇੰਨ੍ਹਾ ਵਿਕਾਸ ਕੰਮਾਂ ’ਤੇ ਲਗਭਗ 20 ਕਰੋੜ ਰੁਪਏ ਦਾ ਖਰਚ ਆਵੇਗਾ।

ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਸਿੰਚਾਈ ਵਿਪਾਗ ਦੀ ਪਿੰਡ ਬਰਸੋਲਾ ਸਬ-ਮਾਈਨਰ ਆਰਡੀ 19000 ਤੋਂ 36500 ਤੱਕ ਦਾ ਪੁਨਰਵਾਸ ਕੀਤਾ ਜਾਵੇਗਾ। ਉਚਾਨਾ ਵਿਧਾਨਸਭਾ ਵਿੱਚ ਪੰਚਾਇਤੀ ਰਾਜ ਵਿਭਾਗ ਤਹਿਤ ਪਿੰਡ ਪੰਚਾਇਤਾਂ ਵੱਲੋਂ ਦਿੱਤੇ ਗਏ ਭਵਨਾਂ ਵਿੱਚ ਈ-ਲਾਇਬ੍ਰੇਰੀ ਅਤੇ ਜਿਮ ਹਾਲ ਖੋਲੇ ਜਾਣਗੇ। ਪੀਡਬਲਿਯੂਡੀ ਦੇ ਦਾਇਰੇ ਵਿੱਚ ਆਉਣ ਵਾਲੇ ਕਹਿਸੁਨ-ਬੜੌਦਾ ਤੋਂ ਲੈ ਕੇ ਬਾਬਾ ਨਾਗਦੇਵ ਮੰਦਿਰ ਤੱਕ ਦੀ ਸੜਕ ਨੂੰ 18 ਫੁੱਟ ਚੌੜਾ ਕੀਤਾ ਜਾਵੇਗਾ। ਇਸੀ ਤਰ੍ਹਾ ਪਿੰਡ ਸਫਾ ਖੇੜੀ, ਤਾਰਖਾ, ਸੁਦਕੈਨ ਖੁਰਦ ਅਤੇ ਥੂਆ ਵਿੱਚ ਆਂਗਨਵਾੜੀ ਕੇਂਦਰਾਂ ਦਾ ਨਿਰਮਾਣ ਕਰਵਾਇਆ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਪਿੰਡ ਕਹਿਸੁਨ ਵਿੱਚ ਜਲ੍ਹ ਘਰ ਦਾ ਨਵੀਨੀਕਰਣ, ਬੂਸਟਿੰਗ ਸਟੇਸ਼ਨ, ਵਾਟਰ ਟ੍ਰੀਟਮੈਂਟ ਪਲਾਂਟ ਤੇ ਗਲੀਆਂ ਵਿੱਚ ਨਵੀਂ ਪਾਇਪਲਾਇਨ ਵਿਛਾਈ ਜਾਵੇਗੀ। ਇੰਨ੍ਹਾ ਵਿਕਾਸ ਕੰਮਾਂ ’ਤੇ 3 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ 9 ਕਰੋੜ ਰੁਪਏ ਦੀ ਲਾਗਤ ਨਾਲ ਉਚਾਨਾ ਸ਼ਹਿਰੀ ਦੀ ਪੁਰਾਣੀ ਤੇ ਅਧੂਰੀ ਸੀਵਰੇਜ ਵਿਵਸਥਾ ਨੂੰ ਦਰੁਸਤ ਕਰਵਾਉਣ ਦਾ ਐਲਾਨ ਵੀ ਕੀਤਾ। ਉਨ੍ਹਾਂ ਨੇ ਪਿੰਡ ਪੇਗਾ ਵਿੱਚ ਜਲ੍ਹ ਨਿਕਾਸੀ ਯੋਜਨਾ ਦੇ ਵਿਸਤਾਰ ਕਰਨ ਅਤੇ ਡੀਆਈ ਪਾਇਪ ਲਾਇਨ ਵਿਛਾਉਣ ਦਾ ਐਲਾਨ ਵੀ ਕੀਤਾ। ਇੰਨ੍ਹਾਂ ਵਿਕਾਸ ਕੰਮਾਂ ’ਤੇ ਲਗਭਗ 9 ਕਰੋੜ 33 ਲੱਖ ਰੁਪਏ ਦੀ ਧਨਰਾਸ਼ੀ ਖਰਚ ਕੀਤੀ ਜਾਵੇਗੀ। ਇਸੀ ਤਰ੍ਹਾ ਪਿੰਡ ਕਰਸਿੰਧੂ ਨੂੰ ਮਹਾਗ੍ਰਾਮ ਯੋਜਨਾ ਵਿੱਚ ਸ਼ਾਮਿਲ ਕਰ ਉੱਥੇ ਸੀਵਰੇਜ ਸਿਸਟਮ ਅਤੇ ਐਸਟੀਪੀ ਲਗਾਉਣ ਵਰਗੇ ਵਿਕਾਸ ਕੰਮਾਂ ’ਤੇ ਲਗਭਗ 50 ਕਰੋੜ ਦੀ ਰਕਮ ਖਰਚ ਕੀਤੀ ਜਾਵੇਗੀ।ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਘਾਸੋ, ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲ ਕਲਸੁਨ ਅਤੇ ਸਰਕਾਰੀ ਸੈਕੇਂਡਰੀ ਸਕੂਲ ਵਿਘਾਨਾ, ਸਰਕਾਰੀ ਕੰਨਿਆ ਸੀਨੀਅਰ ਸੈਕੇਂਡਰੀ ਸਕੂਲ ਅਲੇਵਾ ਅਤੇ ਸਰਕਾਰੀ ਸੈਕੇਂਡਰੀ ਸਕੂਲ ਖਾਂਡਾ ਵਿੱਚ ਕੁੱਲ 15 ਵੱਧ ਕਲਾਸਰੂਮ ਦਾ ਨਿਰਮਾਣ ਅਤੇ ਹੋਰ ਕੰਮ ਕਰਾਏ ਜਾਣ ਦਾ ਐਲਾਨ ਵੀ ਕੀਤਾ। ਉਨ੍ਹਾਂ ਨੇ ਕਿਹਾ ਕਿ ਕਰਸੋਲਾ ਮਾਈਨਰ ਅਤੇ ਢਾਕਲ ਹੈਡ ਦੇ ਲਈ ਇੱਕ ਕਮੇਟੀ ਬਣਾ ਕੇ ਇਸ ਕੰਮ ਨੂੰ ਪੂਰਾ ਕਰਵਾਉਣ ਦਾ ਕੰਮ ਕਰਵਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਉਚਾਨਾ ਵਿੱਚ ਟੀਐਸਸੀ ਅਤੇ ਪੁਰਾਣੀ ਅਨਾਜ ਮੰਡੀ ਦੀ ਸਪੈਸ਼ਲ ਰਿਪੇਅਰ ਕਰਾਈ ਜਾਵੇਗੀ। ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਵੱਲੋਂ ਉਚਾਨਾ ਹਲਕੇ ਦੇ ਵੱਖ-ਵੱਖ ਪਿੰਡਾਂ ਦੀ ਲਗਭਗ 5 ਕਰੋੜ ਦੀ ਲਾਗਤ ਨਾਲ ਪੁਰਾਣੀ ਸੜਕਾਂ ਨੂੰ ਚੌੜਾ ਅਤੇ ਉਨ੍ਹਾਂ ਦੀ ਮੁਰੰਮਤ ਕਰਾਈ ਜਾਵੇਗੀ ਅਤੇ 25 ਕਿਲੋਮੀਟਰ ਦੀ ਨਵੀਂ ਸੜਕਾਂ ਦਾ ਨਿਰਮਾਣ ਵੀ ਕੀਤਾ ਜਾਵੇਗਾ। ਉਚਾਨਾ ਵਿਧਾਨਸਭਾ ਦੀ 122 ਕਿਲੋਮੀਟਰ ਦੀ 146 ਸੜਕ ਜੋ ਡੀਐਨਪੀ ਦੀ ਮਿਆਦ ਵਿੱਚ ਹਨ, ਉਨ੍ਹਾਂ ਨੂੰ ਜਰੂਰਤ ਅਨੁਸਾਰ ਸਬੰਧਿਤ ਏਜੰਸੀ ਵੱਲੋਂ ਠੀਕ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਖੇਤਰ ਵਿੱਚ ਇਸੀ ਤਰ੍ਹਾ 15 ਕਿਲੋਮੀਟਰ ਦੀ 7 ਸੜਕਾਂ ਦਾ ਨਿਰਮਾਣ ਪ੍ਰਗਤੀ ’ਤੇ ਹੈ। ਅਤੇ 3 ਕਿਲੋਮੀਟਰ ਦੀ ਦੋ ਸੜਕਾਂ ਦੀ 51 ਲੱਖ 61 ਹਜਾਰ ਦੀ ਲਾਗਤ ਨਾਲ ਸਪੈਸ਼ਲ ਰਿਪੇਅਰ ਕਰਵਾਈ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਉਚਾਨਾ ਵਿਧਾਨਸਭਾ ਖੇਤਰ ਵਿੱਚ ਲੋਕ ਨਿਰਮਾਣ ਵਿਭਾਗ ਦੀ 18 ਸੜਕਾਂ ਦੀ 32 ਕਰੋੜ 75 ਲੱਖ ਰੁਪਏ ਦੀ ਲਾਗਤ ਨਾਲ ਵਿਸ਼ੇਸ਼ ਮੁਰੰਮਤ ਅਤੇ ਨਵੀਨੀਕਰਣ ਕਰਵਾਇਆ ਜਾਵੇਗਾ। ਇੰਨ੍ਹਾਂ ਸੜਕਾਂ ਦੀ ਕੁੱਲ ਲੰਬਾਈ 68 ਕਿਲੋਮੀਟਰ ਹੈ। ਇਸ ਤੋਂ ਇਲਾਵਾ ਉਚਾਨਾ ਵਿਧਾਨਸਭਾ ਖੇਤਰ ਦੀ ਲੋਕ ਨਿਰਮਾਣ ਵਿਭਾਗ ਦੀ 617 ਕਿਲੋਮੀਟਰ ਦੀ 146 ਸੜਕਾਂ ਜੋ ਹੁਣ ਡੀਐਨਪੀ ਦੀ ਮਿਆਦ ਵਿੱਚ ਹਨ, ਜਰੂਰਤ ਅਨੁਸਾਰ ਏਜੰਸੀ ਵੱਲੋ ਠੀਕ ਕਰਵਾਇਆ ਜਾਵੇਗਾ। ਇਸੀ ਤਰ੍ਹਾ 392 ਕਿਲੋਮੀਟਰ ਦੀ 88 ਸੜਕਾਂ ਦਾ ਨਿਰਮਾਣ ਪ੍ਰਗਤੀ ’ਤੇ ਹੈ।

ਵਿਧਾਨਸਭਾ ਖੇਤਰ ਦੀ 54 ਕਿਲੋਮੀਟਰ ਦੀ 10 ਸੜਕਾਂ ਦੀ 26 ਕਰੋੜ ਦੀ ਲਾਗਤ ਨਾਲ ਸਪੈਸ਼ਲ ਰਿਪੇਅਰ ਦਾ ਕੰਮ ਕਰਵਾਇਆ ਜਾਵੇਗਾ। ਮੁੱਖ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਉਚਾਨਾ ਵਿਧਾਨਸਭਾ ਦੇ ਖੇਡ ਖਲਿਆਨ ਦੇ ਲਈ 25 ਕਿਲੋਮੀਟਰ ਲੰਬਾਈ ਤੱਕ ਦੇ ਕੱਚੇ ਰਸਤਿਆਂ ਨੂੰ ਪੱਕਾ ਕਰਾਇਆ ਜਾਵੇਗਾ।

# ਕੌਮੀ ਲੋਕ ਅਦਾਲਤ ਦਾ ਆਯੋਜਨ 14 ਮਾਰਚ 2026 ਨੂੰ

**ਫਾਜ਼ਿਲਕਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਧਰਮਿੰਦਰ ਪਾਲ ਸਿੰਗਲਾ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੇ ਦਿਸ਼ਾ ਨਿਰਦੇਸ਼ਾਂ ਤੇ 14 ਮਾਰਚ 2026 ਨੂੰ ਫਾਜ਼ਿਲਕਾ, ਅਬੋਹਰ ਅਤੇ ਜਲਾਲਾਬਾਦ ਦੀਆਂ ਅਦਾਲਤਾਂ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਨੇ ਦਿੱਤੀ ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇ ਕੇਸ ਅਦਾਲਤ ਵਿੱਚ ਚੱਲ ਰਹੇ ਹਨ ਉਹ ਆਪਣੇ ਕੇਸਾਂ ਦਾ ਨਿਪਟਾਰਾ ਲੋਕ ਅਦਾਲਤਾਂ ਰਾਹੀਂ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਟੋਲ-ਫ੍ਰੀ ਨੰਬਰ 15100 ਜਾਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੇ ਦਫ਼ਤਰੀ ਨੰਬਰ 01638-261500 ’ਤੇ ਸੰਪਰਕ ਕਰ ਸਕਦੇ ਹਨ ।

# ਪ੍ਰਸ਼ਾਸ਼ਨ ਵੱਲੋਂ ਹੋਲੇ ਮਹੱਲੇ ਸਬੰਧੀ ਹੋਰ ਤਿਆਰੀਆਂ ਵੀ ਜ਼ੋਰ ਸ਼ੋਰ ਨਾਲ ਜਾਰੀ



**ਸ੍ਰੀ ਆਨੰਦਪੁਰ ਸਾਹਿਬ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲੇ ਮਹੱਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਚਰਨ ਗੰਗਾ ਸਟੇਡੀਅਮ, ਸ੍ਰੀ ਅਨੰਦਪੁਰ ਸਾਹਿਬ ਵਿੱਚ ਵਣ ਵਿਭਾਗ ਵੱਲੋਂ ਵਿਸ਼ੇਸ਼ ਸਫਾਈ ਮੁਹਿੰਮ ਚਲਾਈ ਜਾ ਰਹੀ ਹੈ। ਹੋਲੇ ਮਹੱਲੇ ਦੌਰਾਨ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਦੀ ਆਮਦ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਟੇਡੀਅਮ ਅਤੇ ਇਸਦੇ ਆਲੇ-ਦੁਆਲੇ ਪੈਂਦੇ ਖੇਤਰਾਂ ਵਿੱਚ ਇਕੱਠੇ ਹੋਏ ਕੂੜੇ-ਕਰਕਟ ਨੂੰ ਹਟਾਇਆ ਜਾ ਰਿਹਾ ਹੈ ਅਤੇ ਸਫਾਈ ਕਰਮਚਾਰੀ ਲਗਾਤਾਰ ਕੰਮ ਕਰ ਰਹੇ ਹਨ।

ਵਣ ਵਿਭਾਗ ਦੀਆਂ ਟੀਮਾਂ ਵੱਲੋਂ ਘਾਹ-ਬੂਟਿਆਂ ਦੀ ਕੱਟ-ਛਾਂਟ, ਸੁੱਕੇ ਪੱਤਿਆਂ ਅਤੇ ਝਾੜੀਆਂ ਦੀ ਸਫਾਈ, ਨਾਲ ਹੀ ਖੁੱਲ੍ਹੇ ਮੈਦਾਨ ਨੂੰ ਸੁਚੱਜਾ ਬਣਾਉਣ ਲਈ ਮਿੱਟੀ ਸਮਤਲ ਕਰਨ ਵਰਗਾ ਕੰਮ ਕੀਤਾ ਜਾ ਰਿਹਾ ਹੈ। ਇਸ ਨਾਲ ਸਿਰਫ਼ ਸਫਾਈ ਹੀ ਨਹੀਂ, ਸਗੋਂ ਇਲਾਕੇ ਦੀ ਸੁੰਦਰਤਾ ਵਿੱਚ ਵੀ ਵਾਧਾ ਹੋ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਟੇਡੀਅਮ ਦੇ ਆਲੇ-ਦੁਆਲੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਖਤਰਨਾਕ ਟਾਹਣੀਆਂ ਨੂੰ ਵੀ ਕੱਟਿਆ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਣਹੋਣੀ ਤੋਂ ਬਚਿਆ ਜਾ ਸਕੇ।

ਪ੍ਰਸ਼ਾਸਨ ਵੱਲੋਂ ਕਿਹਾ ਗਿਆ ਹੈ ਕਿ ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪਹੁੰਚਦੀ ਹੈ ਅਤੇ ਚਰਨ ਗੰਗਾ ਸਟੇਡੀਅਮ ਸਮੇਤ ਕਈ ਖੁੱਲ੍ਹੇ ਮੈਦਾਨ ਅਸਥਾਈ ਠਹਿਰਾਉ ਅਤੇ ਪ੍ਰੋਗਰਾਮਾਂ ਲਈ ਵਰਤੇ ਜਾਂਦੇ ਹਨ। ਇਸ ਲਈ ਸਮੇਂ ਸਿਰ ਸਫਾਈ ਅਤੇ ਤਿਆਰੀਆਂ ਬਹੁਤ ਜ਼ਰੂਰੀ ਹਨ।
ਵਣ ਵਿਭਾਗ ਨੇ ਸ਼ਹਿਰ ਵਾਸੀਆਂ ਅਤੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਤਿਉਹਾਰ ਦੌਰਾਨ ਸਫਾਈ ਦਾ ਧਿਆਨ ਰੱਖਣ, ਕੂੜਾ ਨਿਰਧਾਰਤ ਥਾਵਾਂ ‘ਤੇ ਹੀ ਪਾਉਣ ਅਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ। ਇਸ ਸਾਂਝੀ ਕੋਸ਼ਿਸ਼ ਨਾਲ ਹੋਲ਼ੇ ਮਹੱਲੇ ਨੂੰ ਸੁਚੱਜੇ ਅਤੇ ਸੁਰੱਖਿਅਤ ਢੰਗ ਨਾਲ ਮਨਾਇਆ ਜਾ ਸਕੇਗਾ।

# ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹੇ ਵਿੱਚ 57 ਥਾਵਾਂ ਤੇ ਵਿਸ਼ੇਸ਼ ਕੈਂਪ ਜਾਰੀ : ਵਧੀਕ ਡਿਪਟੀ ਕਮਿਸ਼ਨਰ



**ਬਠਿੰਡਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹੇ ’ਚ ਵਿਸ਼ੇਸ਼ ਮੁਹਿੰਮ ਲਗਾਤਾਰ ਜਾਰੀ ਹੈ। ਇਸ ਮੁਹਿੰਮ ਤਹਿਤ ਪਹਿਲੇ ਪੜਾਅ ਵਿੱਚ ਰੋਜ਼ਾਨਾ ਜ਼ਿਲ੍ਹੇ ਭਰ ਵਿਚ 57 ਥਾਵਾਂ ’ਤੇ ਵਿਸ਼ੇਸ਼ ਕੈਂਪ ਲਗਾ ਕੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਬੀਮਾ ਯੋਜਨਾ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਬਠਿੰਡਾ ਸ਼੍ਰੀ ਜਤਿੰਦਰ ਸਿੰਘ ਭੱਲਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਨਾਗਰਿਕ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਬਣਾ ਕੇ ਦਿੱਤਾ ਜਾਣਾ ਹੈ, ਜਿਸ ਨਾਲ ਹਰ ਪਰਿਵਾਰ ਦਾ 10 ਲੱਖ ਰੁਪਏ ਸਾਲਾਨਾ ਦਾ ਨਕਦੀ ਰਹਿਤ ਇਲਾਜ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹੇ ਦੇ ਸਰਕਾਰੀ ਦੇ ਨਾਲ-ਨਾਲ ਪ੍ਰਾਈਵੇਟ ਹਸਪਤਾਲ ਵੀ ਸੂਚੀਬੱਧ ਕੀਤੇ ਗਏ ਹਨ। ਰਜਿਸਟ੍ਰੇਸ਼ਨ ਲਈ ਆਪਣਾ ਆਧਾਰ ਕਾਰਡ, ਵੋਟਰ ਕਾਰਡ ਅਤੇ ਨਾਬਾਲਗ ਦੀ ਰਜਿਸਟ੍ਰੇਸ਼ਨ ਲਈ ਜਨਮ ਸਰਟੀਫਿਕੇਟ ਨਾਲ ਲਿਆਉਣਾ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਇਹ ਕੈਂਪ ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ), ਬਠਿੰਡਾ (ਦਿਹਾਤੀ), ਤਲਵੰਡੀ ਸਾਬੋ, ਰਾਮਪੁਰਾ ਫੂਲ, ਭੁੱਚੋ ਅਤੇ ਮੌੜ ਵਿਖੇ ਵੱਖ-ਵੱਖ ਥਾਵਾਂ ਤੇ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਸਾਰੇ ਸੀ.ਐੱਸ.ਸੀ. ਸੈਂਟਰਾਂ ਵਿਖੇ ਵੀ ਰੇਜਿਸਟ੍ਰੇਸ਼ਨ ਦੀ ਸਹੂਲਤ ਦਿੱਤੀ ਗਈ ਹੈ ।

ਚੇਅਰਮੈਨ ਨਗਰ ਸੁਧਾਰ ਟਰੱਸਟ ਬਠਿੰਡਾ ਸ਼੍ਰੀ ਜਤਿੰਦਰ ਸਿੰਘ ਭੱਲਾ ਨੇ ਮੀਟਿੰਗ ਦੌਰਾਨ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਵਿਸ਼ੇਸ਼ ਕੈਂਪ ਵਿੱਚ ਪਹੁੰਚ ਕੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਆਪਣੀ ਰਜਿਸਟ੍ਰੇਸ਼ਨ ਲਾਜ਼ਮੀ ਤੌਰ ‘ਤੇ ਕਰਵਾਉਣ। ਉਨ੍ਹਾਂ ਇਹ ਵੀ ਦੱਸਿਆ ਕਿ ਮੌਜੂਦਾ ਇਲਾਕਿਆਂ ਵਿੱਚ ਰਜਿਸਟ੍ਰੇਸ਼ਨ ਕਾਰਜ ਸੰਪੂਰਣ ਹੋਣ ਤੋਂ ਬਾਅਦ ਅਗਲੇ ਪੜਾਅ ਵਿੱਚ ਇਹ ਕੈਂਪ ਹੋਰ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਵੀ ਆਯੋਜਿਤ ਕੀਤੇ ਜਾਣਗੇ, ਤਾਂ ਜੋ ਹਰ ਵਿਅਕਤੀ ਤੱਕ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਪਹੁੰਚ ਸਕੇ। ਇਸ ਮੌਕੇ ਡੀ.ਐਮ.ਸੀ.ਐੱਸ.ਸੀ ਤਰਸੇਮ ਸਿੰਘ ਬਰਾੜ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਵਚਨਬੱਧ : ਰਾਜਦੀਪ ਸਿੰਘ ਬਰਾੜ

**ਤਰਨਤਾਰਨ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਪਾਰੀਆਂ ਅਤੇ ਉਦਯੋਗਪਤੀਆਂ ਲਈ ਪਾਰਦਰਸ਼ੀ, ਸਰਲ ਅਤੇ ਸੁਰੱਖਿਅਤ ਵਪਾਰਕ ਮਾਹੌਲ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਰਾਜਦੀਪ ਸਿੰਘ ਬਰਾੜ ਨੇ ਅੱਜ ਰਾਜ ਕਰ ਕਮਿਸ਼ਨਰ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਥਾਨਕ ਬਾਠ ਰੋਡ ’ਤੇ ਲਗਾਏ ਵਿਸ਼ੇਸ਼ ਜ਼ਿਲ੍ਹਾ ਪੱਧਰੀ ਟਰੇਡਰਸ ਕੈਂਪ ਦੌਰਾਨ ਮੁੱਖ ਮਹਿਮਾਨ ਵਜੋਂ ਵਪਾਰੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇਗਾ ਤਾਂ ਜੋ ਵਪਾਰਕ ਸਰਗਰਮੀਆਂ ਨੂੰ ਹੋਰ ਤੇਜ਼ੀ ਮਿਲ ਸਕੇ।ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਦੀ ਅਗਵਾਈ ਹੇਠ ਜੀ.ਐਸ.ਟੀ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਲਗਾਏ ਗਏ ਇਸ ਜ਼ਿਲ੍ਹਾ ਪੱਧਰੀ ਕੈਂਪ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ




ਸਮੱਸਿਆਵਾਂ, ਸੁਝਾਵਾਂ ਅਤੇ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕਰਨਾ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਪੂਰਾ ਸਹਿਯੋਗ ਪ੍ਰਦਾਨ ਕਰਨਾ ਹੈ।

ਇਸ ਮੌਕੇ ਵਪਾਰੀਆਂ ਵੱਲੋਂ ਵੱਖ-ਵੱਖ ਮੁੱਦਿਆਂ, ਜਿਵੇਂ ਕਿ ਬੁਨਿਆਦੀ ਢਾਂਚੇ, ਸਹੂਲਤਾਂ, ਸੁਰੱਖਿਆ ਅਤੇ ਪ੍ਰਸ਼ਾਸਕੀ ਪ੍ਰਕਿਰਿਆਵਾਂ ਨੂੰ ਸੌਖਾ ਬਣਾਉਣ ਸਬੰਧੀ ਆਪਣੇ ਸੁਝਾਅ ਸਾਂਝੇ ਕੀਤੇ ਗਏ। ਵਧੀਕ ਡਿਪਟੀ ਕਮਿਸ਼ਨਰ ਨੇ ਭਰੋਸਾ ਦਿੱਤਾ ਕਿ ਇਹ ਸਾਰੇ ਸੁਝਾਅ ਸਬੰਧਿਤ ਵਿਭਾਗਾਂ ਤੱਕ ਪਹੁੰਚਾ ਕੇ ਜਲਦੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ ਵਿਧਾਇਕ ਤਰਨ ਤਾਰਨ ਹਰਮੀਤ ਸਿੰਘ ਸੰਧੂ ਦੇ ਭਰਾਤਾ ਰਾਜਬੀਰ ਸਿੰਘ ਸੰਧੂ ਨੇ ਕਿਹਾ ਕਿ ਵਪਾਰੀ ਵਰਗ ਪੰਜਾਬ ਦੀ ਆਰਥਿਕ ਤਰੱਕੀ ਦਾ ਮਹੱਤਵਪੂਰਨ ਹਿੱਸਾ ਹੈ ਅਤੇ ਸਰਕਾਰ ਵੱਲੋਂ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਕਦਮ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਬੈਠਕਾਂ ਰਾਹੀਂ ਸਰਕਾਰ ਅਤੇ ਵਪਾਰੀਆਂ ਦਰਮਿਆਨ ਸਿੱਧਾ ਸੰਵਾਦ ਮਜ਼ਬੂਤ ਹੋਵੇਗਾ।

ਮੀਟਿੰਗ ਦੌਰਾਨ ਪੰਜਾਬ ਸਟੇਟ ਟਰੇਡਰਸ ਕਮਿਸ਼ਨ ਦੇ ਜ਼ਿਲ੍ਹਾ ਚੇਅਰਮੈਨ ਹਰਮਨਦੀਪ ਸਿੰਘ ਮੈਣੀ ਨੇ ਕਿਹਾ ਕਿ ਟਰੇਡ ਕਮਿਸ਼ਨ ਵੱਲੋਂ ਬਲਾਕ ਪੱਧਰ ਉੱਤੇ ਵੀ ਵਪਾਰੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇਗਾ।

ਇਸ ਮੌਕੇ ਵਪਾਰੀਆਂ ਨੇ ਪੰਜਾਬ ਸਰਕਾਰ ਵੱਲੋਂ ਵਪਾਰੀਆਂ ਲਈ ਲਏ ਜਾ ਰਹੇ ਲੋਕਪੱਖੀ ਫ਼ੈਸਲਿਆਂ ਦੀ ਪ੍ਰਸੰਸਾ ਕਰਦਿਆਂ ਭਵਿੱਖ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਦੌਰਾਨ ਏ.ਈ.ਟੀ.ਸੀ ਅੰਜਲੀ ਸਿੰਘ ਅਤੇ ਸਿਮਰਨਦੀਪ ਸਿੰਘ ਬਰਾੜ ਨੇ ਆਏ ਮਹਿਮਾਨਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਵਿਭਾਗ ਵੱਲੋਂ ਵਪਾਰੀਆਂ ਲਈ ਕੀਤੀਆਂ ਪਹਿਲਕਦਮੀਆਂ ਦਾ ਜ਼ਿਕਰ ਕੀਤਾ।

ਇਸ ਮੌਕੇ ਐਸ.ਡੀ.ਐਮ ਤਰਨ ਤਾਰਨ ਗੁਰਮੀਤ ਸਿੰਘ ਮਾਨ, ਚੇਅਰਮੈਨ ਅਮਰਿੰਦਰ ਸਿੰਘ, ਚੇਅਰਮੈਨ ਦਿਲਬਾਗ ਸਿੰਘ, ਜੀ.ਐਮ ਜ਼ਿਲ੍ਹਾ ਉਦਯੋਗ ਕੇਂਦਰ ਸੁਖਪਾਲ ਸਿੰਘ, ਡੀ.ਐਫ.ਐਸ.ਸੀ ਜਸਮੀਤ ਕੌਰ, ਈ.ਟੀ.ਓ ਸੁਖਪ੍ਰੀਤ ਕੌਰ ਤੇ ਕੁਲਦੀਪ ਸਿੰਘ, ਆੜਤੀਆ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਕਰਿਆਨਾ ਯੂਨੀਅਨ ਦੇ ਪ੍ਰਧਾਨ ਸੁਖਵੀਰ ਸਿੰਘ, ਸ਼ੈਲਰ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਤਨੇਜਾ ਹਰਜਿੰਦਰ ਸਿੰਘ ਸੰਧੂ, ਵਰਿੰਦਰ ਮੋਹਨ ਸਿੰਘ, ਵਿਨੇ ਮਲਹੋਤਰਾ ਭਿੱਖੀਵਿੰਡ ਤੂੰ ਇਲਾਵਾ ਵੱਖ-ਵੱਖ ਵਪਾਰਕ ਯੂਨੀਅਨਾਂ ਅਤੇ ਐਸੋਸੀਏਸ਼ਨਾਂ ਦੇ ਚੇਅਰਮੈਨਾਂ ਅਤੇ ਪ੍ਰਧਾਨਾਂ ਤੋਂ ਇਲਾਵਾ ਜ਼ਿਲ੍ਹੇ ਭਰ ’ਚੋਂ ਵਪਾਰੀ ਭਰਾ ਮੌਜੂਦ ਸਨ।

# ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਦੇ ਦੋਸ਼ੀ ਬੀਐਸਐਫ ਕਾਂਸਟੇਬਲ ਨੂੰ 15 ਸਾਲ ਦੀ ਸਖ਼ਤ ਕੈਦ ਅਤੇ 4 ਲੱਖ ਰੁਪਏ ਦੇ ਜੁਰਮਾਨੇ ਦੀ ਸਜ਼ਾ

**ਫਾਜ਼ਿਲਕਾ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਅਜੀਤ ਪਾਲ ਸਿੰਘ ਜੱਜ ਵਿਸ਼ੇਸ਼ ਅਦਾਲਤ ਦੀ ਅਦਾਲਤ ਨੇ ਪਾਕਿਸਤਾਨ ਤੋਂ ਨਸ਼ਾ ਤਸਕਰੀ ਦੇ ਦੋਸ਼ੀ ਬੀਐਸਐਫ ਦੇ ਕਾਂਸਟੇਬਲ ਨੂੰ 15 ਸਾਲਾਂ ਦੀ ਸਖ਼ਤ ਕੈਂਦ ਅਤੇ 4 ਲੱਖ ਰੁਪਏ ਦੇ ਜੁਰਮਾਨੇ ਦੀ ਸਜਾ ਸੁਣਾਈ ਹੈ।

ਜਾਣਕਾਰੀ ਅਨੁਸਾਰ 21.06.2022 ਨੂੰ ਅਪਰਾਧ ਨੰਬਰ 44 ਵਾਲੇ ਮਾਮਲੇ ਵਿੱਚ ਐਨਡੀਪੀਐਸ ਐਕਟ ਤਹਿਤ ਪੁਲਿਸ ਸਟੇਸ਼ਨ ਐਨਸੀਬੀ ਚੰਡੀਗੜ੍ਹ ਵਿਖੇ ਧਾਰਾ 8, 21, 23 ਦੇ ਤਹਿਤ ਬੀਐਸਐਫ ਦੇ ਸਾਬਕਾ ਕਾਂਸਟੇਬਲ ਅਰਵਿੰਦ ਸਰੋਏ ਖਿਲਾਫ ਪਰਚਾ ਦਰਜ ਕੀਤਾ ਗਿਆ ਸੀ

ਜਿਸ ਵਿਚ ਸੁਣਵਾਈ ਤੋਂ ਬਾਅਦ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਇਆ ਅਤੇ 15 ਸਾਲ ਦੀ ਸਖ਼ਤ ਕੈਦ ਅਤੇ 4,00,000/- ਰੁਪਏ ਦਾ ਜੁਰਮਾਨਾ ਅਦਾ ਕਰਨ ਦੀ ਸਜ਼ਾ ਸੁਣਾਈ ।

ਜੁਰਮਾਨੇ ਦੀ ਅਦਾਇਗੀ ਨਾ ਕਰਨ ਦੀ ਸੂਰਤ ਵਿੱਚ 2 ਸਾਲ ਦੀ ਹੋਰ ਸਖ਼ਤ ਕੈਦ ਦੀ ਸਜ਼ਾ ਸੁਣਾਈ।

ਦੱਸਣਯੋਗ ਹੈ ਕਿ 21.06.2022 ਨੂੰ ਬਾਰਡਰ ਪੋਸਟ ਜੋਧਾਵਾਲਾ ਦੇ ਖੇਤਰ ਵਿੱਚ, ਦੋਸ਼ੀ ਨੂੰ ਪਾਕਿਸਤਾਨ ਤੋਂ ਆਯਾਤ ਕੀਤੀ ਗਈ ਲਗਭਗ 4.235 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ।

ਉਸ ’ਤੇ ਐਨਡੀਪੀਐਸ ਐਕਟ ਦੀ ਧਾਰਾ 21(ਸੀ), 23(ਸੀ) ਅਤੇ 8 ਤਹਿਤ ਦੋਸ਼ ਲਗਾਇਆ ਗਿਆ ਸੀ। ਨਾਰਕੋਟਿਕ ਕੰਟਰੋਲ ਬਿਊਰੋ ਦੁਆਰਾ ਮਾਮਲੇ ਦੀ ਪੂਰੀ ਜਾਂਚ ਕੀਤੀ ਗਈ ਸੀ।

ਅਦਾਲਤ ਨੇ ਕਿਹਾ ਕਿ ਦੋਸ਼ੀ ਬੀਐਸਐਫ ਅਧਿਕਾਰੀ ਹੋਣ ਦੇ ਨਾਤੇ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਪਤਾ ਲਗਾਉਣ ਅਤੇ ਰੋਕਣ ਲਈ ਪਾਬੰਦ ਸੀ ਪਰ, ਉਸਨੇ ਘਿਨਾਉਣਾ ਅਪਰਾਧ ਕੀਤਾ ਜਦੋਂ ਉਹ ਖੁਦ ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਵਿੱਚ ਖੁਦ ਸ਼ਾਮਲ ਹੋ ਗਿਆ ਅਤੇ ਇਸ ਲਈ, ਉਹ ਮਿਸਾਲੀ ਸਜ਼ਾ ਦਾ ਹੱਕਦਾਰ ਸੀ।

# ਜਿਲ੍ਹਾ ਮੈਜਿਸਟ੍ਰੇਟ ਵਲੋਂ ਹੋਲਾ ਮੁਹੱਲਾ ਮੌਕੇ 27 ਫਰਵਰੀ ਤੋ 4 ਮਾਰਚ ਤੱਕ ਪਾਬੰਦੀ ਦੇ ਹੁਕਮ ਜਾਰੀ

**ਸ੍ਰੀ ਆਨੰਦਪੁਰ ਸਾਹਿਬ, 21 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਦਿੱਤਿਆ ਡੇਚਲਵਾਲ ਆਈ.ਏ.ਐਸ ਜਿਲ੍ਹਾ ਮੈਜਿਸਟ੍ਰੇਟ ਰੂਪਨਗਰ ਨੇ The Bharatiya Nagarik Suraksha Sanhita, B@BC (DF of B@BC) Chapter XI (C-Urgent cases of nuisance or apprehended danger) u/s AFC ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਰੂਪਨਗਰ ਦੀ ਹਦੂਦ ਵਿਚ 27 ਫਰਵਰੀ ਤੋ 4 ਮਾਰਚ ਤੱਕ ਹੋਲਾ ਮੁਹੱਲਾ ਦੇ ਤਿਉਹਾਰ ਮੌਕੇ ਜਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਆਉਂਦੇ ਸਤਲੁਜ ਦਰਿਆ, ਨਦੀਆਂ ਅਤੇ ਨਹਿਰਾਂ ਵਿਚ ਆਮ ਲੋਕਾਂ ਦੇ ਨਹਾਉਣ ਤੇ ਪੂਰਨ ਰੂਪ ਵਿਚ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਹੋਲੇ ਮੁਹੱਲੇ ਦਾ ਇਤਿਹਾਸਕ ਤਿਉਹਾਰ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 27 ਫਰਵਰੀ ਤੋ 4 ਮਾਰਚ ਤੱਕ ਮਨਾਇਆ ਜਾ ਰਿਹਾ ਹੈ।ਇਸ ਮੇਲੇ ਵਿਚ ਲੱਖਾਂ ਦੀ ਤਾਦਾਦ ਵਿਚ ਦੇਸ਼ ਵਿਦੇਸ਼ ਤੋ ਸੰਗਤਾਂ ਮੱਥਾ ਟੇਕਣ ਆਉਂਦੀਆਂ ਹਨ। ਪ੍ਰਸਾਸ਼ਨ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਇਸ ਮੇਲੇ ਦੌਰਾਨ ਬਹੁਤ ਜਿਆਦਾ ਲੋਕ ਸਤਲੁਜ ਦਰਿਆ ਅਤੇ ਨਹਿਰਾਂ ਵਿਚ ਨਹਾਉਣਾ ਸੁਰੂ ਕਰ ਦਿੰਦੇ ਹਨ। ਜਿਸ ਕਾਰਨ ਮੰਦਭਾਗੀ ਘਟਨਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਸਤਲੁਜ ਦਰਿਆ ਅਤੇ ਨਹਿਰਾਂ ਵਿਚ ਨਹਾਉਣ ਤੇ ਪੂਰਨ ਪਾਬੰਦੀ ਲਗਾਈ ਗਈ ਹੈ।ਜਿਲ੍ਹਾ ਮੈਜਿਸਟ੍ਰੇਟ ਵਲੋ ਹੋਲੇ ਮੁਹੱਲਾ ਮੌਕੇ ਆਉਣ ਵਾਲੀਆਂ ਸੰਗਤਾਂ ਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ 27 ਫਰਵਰੀ ਤੋ 4 ਮਾਰਚ ਤੱਕ ਇਹ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

*ਪੀਏਯੂ ਦੀਆਂ ਵਿਗਿਆਨਕ ਖੇਤੀ ਖੋਜਾਂ ਨੇ ਦੇਸ਼ ਵਿਚ ਹਰੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਇਨ੍ਹਾਂ ਖੋਜਾਂ ਨਾਲ ਖੇਤੀ ਨੂੰ ਹੁਲਾਰਾ ਦੇਣ ਲਈ ਯੂਨੀਵਰਸਿਟੀ ਵੱਲੋਂ ਸੂਬੇ ਭਰ 'ਚ ਕਿਸਾਨ ਮੇਲੇ ਲਗਾਏ ਜਾਂਦੇ ਹਨ...*

# ਵਿਗਿਆਨਕ ਖੇਤੀ ਨੂੰ ਹੁਲਾਰਾ ਦਿੰਦੇ ਨੇ ਕਿਸਾਨ ਮੇਲੇ



• ਧਰਮਿੰਦਰ ਸਿੰਘ, ਜਸਵਿੰਦਰ ਸਿੰਘ ਭੱਲਾ
98726-12124

ਕੁਝ ਦਹਾਕੇ ਪਹਿਲਾਂ ਮੇਲਿਆਂ ਪ੍ਰਤੀ ਕਿਸਾਨ ਦੀ ਉਤਸੁਕਤਾ ਨੂੰ ਪੇਸ਼ ਕਰਦੀ ਇਕ ਲੋਕ ਬੋਲੀ ਸੁਣਨ ਨੂੰ ਮਿਲਦੀ ਸੀ, 'ਚੱਲ ਚਲੀਏ ਚੜ੍ਹਿੱਕ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ" ਪਰ ਅਜੋਕੇ ਸਮੇਂ ਧਾਰਮਿਕ ਤੇ ਸੱਭਿਆਚਾਰਕ ਮੇਲਿਆਂ ਦੇ ਨਾਲ-ਨਾਲ ਪੀਏਯੂ ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਪ੍ਰਤੀ ਵਧਿਆ ਲੋਕਾਂ ਦਾ ਰੁਝਾਨ ਇਸ ਗੱਲ ਦਾ ਸਬੂਤ ਹੈ ਕਿ ਅੱਜ ਦਾ ਕਿਸਾਨ ਖੇਤੀ ਦੀਆਂ ਨਵੀਆਂ ਤਕਨੀਕਾਂ ਜਾਨਣ ਲਈ ਇਨ੍ਹਾਂ ਕਿਸਾਨ ਮੇਲਿਆਂ 'ਤੇ ਜਾਣ ਲਈ ਕਿੰਨਾ ਉਤਾਵਲਾ ਰਹਿੰਦਾ ਹੈ। ਅਜੋਕੀ ਖੇਤੀ ਗਿਆਨ ਦੀ ਖੇਤੀ ਹੈ। ਗਿਆਨ ਦੀ ਘਾਟ ਕਾਰਨ ਖੇਤੀ ਸਬੰਧੀ ਮੁਸ਼ਕਿਲਾਂ ਹੋਰ ਪੇਚੀਦਾ ਹੋ ਜਾਂਦੀਆਂ ਹਨ। ਖੇਤੀ ਗਿਆਨ ਦੀ ਪੂਰਤੀ ਲਈ 1962 'ਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਲੁਧਿਆਣਾ ਵਿਖੇ ਸਥਾਪਨਾ ਕੀਤੀ ਗਈ। ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੀ ਕਾਢ ਨਾਲ ਹਰੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਅਜਿਹੀਆਂ ਖੋਜਾਂ ਅੱਜ ਵੀ ਜਾਰੀ ਹਨ। ਇਨ੍ਹਾਂ ਖੋਜਾਂ ਦੇ ਪਸਾਰ ਤੇ ਵਿਗਿਆਨਕ ਖੇਤੀ ਨੂੰ ਹੁਲਾਰਾ ਦੇਣ ਲਈ ਪੀਏਯੂ ਵੱਲੋਂ ਸੂਬੇ ਭਰ 'ਚ ਕਿਸਾਨ ਮੇਲੇ ਲਗਾਏ ਜਾਂਦੇ ਹਨ।

## ਕਿਸਾਨਾਂ ਨੂੰ ਮਿਲਦੀ ਹੈ ਵਿਗਿਆਨਕ ਜਾਣਕਾਰੀ

ਪੀਏਯੂ ਨੇ ਵੱਖ-ਵੱਖ ਫ਼ਸਲਾਂ, ਸਬਜ਼ੀਆਂ, ਫਲਾਂ ਤੇ ਫੁੱਲਾਂ ਦੀਆਂ ਉੱਨਤ ਕਿਸਮਾਂ ਪੰਜਾਬ 'ਚ ਕਾਸ਼ਤ ਲਈ ਸਿਫ਼ਾਰਸ਼ ਕੀਤੀਆਂ। ਇਹ ਕਿਸਮਾਂ ਵੱਧ ਝਾੜ ਦੇਣ, ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਦੇ ਸਮਰਥ ਹਨ। ਇਨ੍ਹਾਂ ਕਿਸਮਾਂ ਦੇ ਬੀਜ ਫ਼ਸਲ ਦਾ ਝਾੜ ਵਧਾਉਣ 'ਚ ਮਦਦਗਾਰ ਸਾਬਤ ਹੁੰਦੇ ਹਨ। ਬਾਜ਼ਾਰ 'ਚੋਂ ਖ਼ਰੀਦੇ ਗ਼ੈਰ ਮਿਆਰੀ ਤੇ ਅਪ੍ਰਮਾਣਿਤ ਬੀਜ ਭਰਪੂਰ ਝਾੜ ਨਹੀਂ ਦਿੰਦੇ। ਕਿਸਾਨਾਂ ਨੂੰ ਵਧੇਰੇ ਝਾੜ ਤੇ ਲਾਭ ਪ੍ਰਾਪਤ ਕਰਨ ਲਈ ਪੀਏਯੂ ਜਾਂ ਭਰੋਸੇਯੋਗ ਵਸੀਲਿਆਂ ਤੋਂ ਬੀਜ ਖ਼ਰੀਦਣੇ ਚਾਹੀਦੇ ਹਨ। ਖੇਤੀ ਦੇ ਨਾਲ-ਨਾਲ ਸ਼ਹਿਦ ਦੀਆਂ ਮਖੀਆਂ ਪਾਲਣਾ, ਖੁੰਭਾਂ ਦੀ ਕਾਸ਼ਤ, ਡੇਅਰੀ ਫਾਰਮਿੰਗ, ਮੁਰਗੀ ਪਾਲਣ ਆਦਿ ਸਹਾਇਕ ਖੇਤੀ ਧੰਦੇ ਅਪਣਾ ਕੇ ਵੀ ਕਿਸਾਨ ਆਮਦਨ ਵਧਾ ਸਕਦੇ ਹਨ। ਖੇਤੀ ਪੈਦਾਵਾਰ ਵਧਣ ਦੇ ਨਾਲ-ਨਾਲ ਕੁਦਰਤੀ ਸੋਮਿਆਂ ਦਾ ਸਮਤੋਲ ਵੀ ਵਿਗੜ ਰਿਹਾ ਹੈ। ਝੋਨੇ ਕਾਰਨ ਜ਼ਮੀਨਦੋਜ਼ ਪਾਣੀ ਦਾ ਪੱਧਰ ਤੇਜ਼ੀ ਨਾਲ ਘਟ ਰਿਹਾ ਹੈ। ਖੇਤੀ ਰਸਾਇਣਾਂ ਦੀ ਬੇਲੋੜੀ ਵਰਤੋਂ ਨਾਲ, ਜਿਥੇ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ, ਉੱਥੇ ਖੇਤੀ ਖ਼ਰਚੇ ਵੀ ਵਧ ਰਹੇ ਹਨ। ਪੀਏਯੂ ਵੱਲੋਂ ਲਗਾਏ ਜਾਂਦੇ ਮੇਲੇ 'ਚ ਵਿਭਾਗਾਂ ਵੱਲੋਂ ਪਾਣੀ, ਖਾਦਾਂ ਤੇ ਰਸਾਇਣਾਂ ਦੀ ਸਹੀ ਵਰਤੋਂ ਸਬੰਧੀ ਤਕਨੀਕੀ ਨੁਕਤਿਆਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਪੇਂਡੂ ਸੁਆਣੀਆਂ ਨੂੰ ਵੱਖ-ਵੱਖ ਵਿਸ਼ਿਆਂ ਸਬੰਧੀ ਜਾਣਕਾਰੀ ਦੇਣ ਲਈ ਸਟਾਲ ਲਾਏ ਜਾਂਦੇ ਹਨ, ਜਿਨ੍ਹਾਂ 'ਚ ਕੱਪੜਿਆਂ ਦੀ ਕਟਾਈ, ਸਿਲਾਈ-ਕਢਾਈ, ਕੱਪੜਿਆਂ ਦੀ ਰੰਗਾਈ, ਫੈਬਰਿਕ ਪੇਂਟਿੰਗ, ਆਚਾਰ, ਚਟਣੀਆਂ, ਸਕੁਐਸ਼, ਜੈਮ ਬਣਾਉਣ, ਪੌਸ਼ਟਿਕ ਭੋਜਨ, ਤੇ ਪੁਰਾਣੀਆਂ ਚੀਜ਼ਾਂ ਤੋਂ ਵਰਤੋਂਯੋਗ ਸਮਾਨ ਬਣਾਉਣ ਤੋਂ ਇਲਾਵਾ ਪਰਿਵਾਰਿਕ ਸਿਹਤ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।



### ਕਿਸਾਨ ਮੇਲਿਆਂ ਦੀ ਰੂਪਰੇਖਾ

ਪੀਏਯੂ ਲੁਧਿਆਣਾ - 23-24 ਮਾਰਚ।
ਗੁਰਦਾਸਪੁਰ - 14 ਮਾਰਚ।
ਰੌਣੀ (ਪਟਿਆਲਾ) - 19 ਮਾਰਚ।
ਬਠਿੰਡਾ - 27 ਮਾਰਚ।

ਫ਼ਸਲਾਂ ਦੀ ਵਧੀਆ ਪੈਦਾਵਾਰ ਦੇ ਨਾਲ-ਨਾਲ ਕਿਸਾਨਾਂ ਨੂੰ ਸੁਚੱਜੇ ਮੰਡੀਕਰਨ ਦੇ ਨੁਕਤੇ ਅਪਨਾਉਣੇ ਚਾਹੀਦੇ ਹਨ। ਆਮਦਨ ਤੇ ਖ਼ਰਚਿਆਂ ਦੇ ਲੇਖੇ-ਜੋਖੇ ਲਈ ਵਹੀ-ਖਾਤਾ ਲਗਾਉਣਾ ਚਾਹੀਦਾ ਹੈ। ਇਸ ਨਾਲ ਖੇਤੀ ਸਬੰਧੀ ਫ਼ੈਸਲੇ ਲੈਣ 'ਚ ਮਦਦ ਮਿਲੇਗੀ। ਮੇਲੇ 'ਚੋਂ ਕਿਸਾਨ ਪ੍ਰਦਰਸ਼ਨੀਆਂ ਜ਼ਰੀਏ ਜਾਣਕਾਰੀ ਪ੍ਰਾਪਤ ਕਰਨ ਤੋਂ ਇਲਾਵਾ ਮਿੱਟੀ-ਪਾਣੀ ਦੀ ਪਰਖ ਕਰਵਾ ਸਕਦੇ ਹਨ ਤੇ ਖੇਤੀ ਸਾਹਿਤ ਤੇ ਸੁਧਰੀਆਂ ਕਿਸਮਾਂ ਦੇ ਬੀਜ ਵੀ ਪ੍ਰਾਪਤ ਕਰ ਸਕਦੇ ਹਨ। ਲੁਧਿਆਣਾ ਵਿਖੇ ਯੂਨੀਵਰਸਿਟੀ ਦੇ ਵਿਹੜੇ ਵਿਚ ਲੱਗਣ ਵਾਲੇ ਮੇਲੇ ਦੌਰਾਨ ਕਿਸਾਨਾਂ ਦੀ ਸਹੂਲਤ ਦਾ ਪੂਰਾ ਖ਼ਿਆਲ ਰੱਖਿਆ ਜਾਂਦਾ ਹੈ। ਮੇਲੇ ਦਾ ਆਨੰਦ ਮਾਣਨ ਲਈ ਕਿਸਾਨ ਆਪਣੇ ਖ਼ਰੀਦਿਆ ਹੋਏ ਸਮਾਨ ਤੇ ਬੀਜ ਆਦਿ ਕੈਰੋਂ ਕਿਸਾਨ ਘਰ ਦੇ ਗਠੜੀ ਘਰ 'ਚ ਜਮ੍ਹਾਂ ਕਰਵਾ ਕੇ ਨਿਸ਼ਚਿੰਤ ਹੋ ਕੇ ਮੇਲੇ ਦਾ ਆਨੰਦ ਮਾਣ ਸਕਦੇ ਹਨ। •

*50 ਸਾਲ ਪਹਿਲਾਂ ਹਰੀ ਕ੍ਰਾਂਤੀ ਲਿਆਉਣਾ ਸਮੇਂ ਦੀ ਲੋੜ ਸੀ ਪਰ ਅੱਜ ਇਸ ਨੂੰ ਹੁਲਾਰਾ ਦੇਣ ਲਈ ਕੇਂਦਰ ਸਰਕਾਰ ਵੱਲੋਂ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ ਜਾ ਰਹੀ। ਪੰਜਾਬ ਦੇਸ਼ ਨੂੰ ਅੰਨ ਸੁਰੱਖਿਆ ਦੇ ਸੰਕਟ 'ਚੋਂ ਕੱਢਣ ਲਈ ਫਰਜ਼ਾਂ ਦੀ ਪਾਲਣਾ ਕਰਦਾ ਰਿਹਾ ਪਰ ਅੱਜ ਇਹ ਸਭ ਕੁਝ ਭੁਲਾ ਕੇ ਉਸ ਨੂੰ ਦਰਪੇਸ਼ ਮੁਸ਼ਕਿਲਾਂ ਨਾਲ ਆਪਣੇ ਤੌਰ 'ਤੇ ਨਜਿੱਠਣ ਦੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ...*







# ਅੰਨ ਸੁਰੱਖਿਆ
# ਦੇਸ਼ ਲਈ ਵਰਦਾਨ, ਪੰਜਾਬ ਲਈ ਸਰਾਪ

• ਬਲਦੇਵ ਸਿੰਘ ਢਿੱਲੋਂ, ਰਾਜਿੰਦਰ ਸਿੰਘ ਸਿੱਧੂ

ਫਰਵਰੀ 2018 ਨੂੰ ਅਖ਼ਬਾਰਾਂ ਦੀਆਂ ਸੁਰਖ਼ੀਆਂ ਪੜ੍ਹਦਿਆਂ ਬੜਾ ਧੱਕਾ ਜਿਹਾ ਲੱਗਾ ਕਿ ਨੀਤੀ ਆਯੋਗ ਨੇ ਪੰਜਾਬ ਦੀ ਖੇਤੀ ਨੂੰ ਸੰਕਟ 'ਚੋਂ ਬਾਹਰ ਕੱਢਣ ਲਈ ਮਦਦ ਦੇਣੋਂ ਕੋਰੀ ਨਾਂਹ ਕਰ ਦਿੱਤੀ ਹੈ। ਉਹ ਪੰਜਾਬ, ਜਿਸ ਨੇ ਦੇਸ਼ ਦੇ ਅੰਨ ਭੰਡਾਰ ਨੂੰ ਭਰਪੂਰ ਕਰਨ ਲਈ ਨਾ ਸਿਰਫ਼ ਕੁਦਰਤੀ ਸੋਮਿਆਂ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਵੀ ਦਾਅ 'ਤੇ ਲਾ ਦਿੱਤਾ ਹੋਵੇ, ਅੱਜ ਸੰਕਟ ਵੇਲੇ ਉਸ ਦੀ ਬਾਂਹ ਫੜਣ ਦੀ ਥਾਂ ਉਸ ਨੂੰ ਇਹ ਕਿਹਾ ਜਾਵੇ ਕਿ ਦੇਸ਼ ਦੀ ਚਿੰਤਾ ਛੱਡ ਕੇ ਆਪਣੇ ਕਿਸਾਨਾਂ ਦੀ ਆਮਦਨ ਦੀ ਸੁਰੱਖਿਆ ਬਾਰੇ ਆਪ ਹੀ ਦੇਖੋ, ਸਚਮੁੱਚ ਦੁਖਦਾਈ ਹੈ।

ਕੀ ਪੰਜਾਬ ਨੂੰ ਦੇਸ਼ ਦੇ ਹਿੱਤਾਂ ਤੋਂ ਮੂੰਹ ਫੇਰ ਲੈਣਾ ਚਾਹੀਦਾ ਹੈ? ਕੀ ਦੇਸ਼ ਨੂੰ ਉਸ ਪੰਜਾਬ ਦੇ ਪ੍ਰਤੀ ਚਿੰਤਤ ਨਹੀਂ ਹੋਣਾ ਚਾਹੀਦਾ, ਜਿਸ ਨੇ ਰਾਸ਼ਟਰੀ ਹਿੱਤਾਂ ਲਈ ਆਪਣੇ ਆਪ ਨੂੰ ਸਮੱਸਿਆਵਾਂ 'ਚ ਪਾ ਲਿਆ ਹੋਵੇ? ਕੁਝ ਵਰ੍ਹੇ ਪਹਿਲਾਂ ਤਕ ਸਾਰੇ ਨੀਤੀ ਵਿਚਾਰ-ਵਟਾਂਦਰਿਆਂ ਦੌਰਾਨ ਪੰਜਾਬ ਨੂੰ ਵੱਧ ਤੋਂ ਵੱਧ ਕਣਕ-ਝੋਨੇ ਦਾ ਉਤਪਾਦਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਪਰ ਹੁਣ ਇਸ ਨੂੰ ਹਰ ਕੋਈ ਇਹ ਨਸੀਹਤਾਂ ਦਿੰਦਾ ਨਹੀਂ ਥੱਕਦਾ ਕਿ ਤੁਸੀਂ ਬਾਗ਼ਬਾਨੀ, ਦਾਲਾਂ, ਤੇਲ ਬੀਜਾਂ, ਪਸ਼ੂਧਨ, ਪੋਲਟਰੀ ਆਦਿ ਵੱਲ ਧਿਆਨ ਦਿਓ, ਹਾਲਾਂਕਿ ਇਸ ਬਾਰੇ ਕੋਈ ਠੋਸ ਨੀਤੀ ਨਹੀਂ ਉਲੀਕੀ ਜਾ ਸਕੀ ਜਦਕਿ ਪੰਜਾਬ ਲੰਬੇ ਸਮੇਂ ਤੋਂ ਮਦਦ ਦੀਆਂ ਅਪੀਲਾਂ ਕਰਦਾ ਆ ਰਿਹਾ ਹੈ। ਇਉਂ ਲਗਦੈ ਜਿਵੇਂ ਨੀਤੀ ਉਲੀਕਣ ਵਾਲੇ ਇਸ ਤੱਥ ਤੋਂ ਜਾਣੂੰ ਨਹੀਂ ਕਿ ਹਰੀ ਕ੍ਰਾਂਤੀ ਲਿਆਉਣ ਲਈ ਕਿੰਨਾ ਤਰਦੱਦ ਕਰਨਾ ਪਿਆ ਤੇ ਇਸ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਪੰਜਾਬ ਨੇ ਕੀ ਕੁਝ ਗਵਾਇਆ।

## ਪੰਜਾਬ ਨੇ ਰੱਖੀ ਦੇਸ਼ ਦੀ ਲਾਜ

ਅੰਨ-ਸੰਕਟ ਦੀਆਂ ਇਨ੍ਹਾਂ ਘੜੀਆਂ ਦੌਰਾਨ ਕਣਕ ਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਸਾਡੇ ਲਈ ਵਰਦਾਨ ਬਣ ਕੇ ਆਈਆਂ। ਅੰਤਰਰਾਸ਼ਟਰੀ ਮੱਕੀ ਤੇ ਕਣਕ ਸੁਧਾਰ ਕੇਂਦਰ (CIMMYT), ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਆਈਸੀਏਆਰ ਸੰਸਥਾਵਾਂ ਨੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ, ਜਿਵੇਂ ਕਣਕ ਦੀਆਂ 'ਪੀਬੀ-18', 'ਕਲਿਆਣ ਸੋਨਾ' ਤੇ ਝੋਨੇ ਦੀਆਂ 'ਆਈਆਰ-8', 'ਜਯਾ', 'ਪੀਆਰ-106' ਕਿਸਮਾਂ ਤੇ ਉਨ੍ਹਾਂ ਦੀਆਂ ਉਤਪਾਦਨ ਤਕਨੀਕਾਂ ਵਿਕਸਿਤ ਕੀਤੀਆਂ।

ਇਹ ਕਿਸਮਾਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਤੇ ਸਿੰਚਾਈ ਪ੍ਰਤੀ ਹਾਂ-ਪੱਖੀ ਸਨ। ਨਵੀਆਂ ਤਕਨੀਕਾਂ ਪੁਰਾਣੀਆਂ ਨਾਲੋਂ ਵਧੇਰੇ ਉੱਤਮ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਕਿਸਾਨਾਂ ਦੀ ਬਰੂਹਾਂ ਤਕ ਪਹੁੰਚਾਉਣ ਤੇ ਅਪਨਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਕਈ ਹੀਲੇ-ਵਸੀਲੇ ਕਰਨੇ ਪਏ। 1966 'ਚ ਕਣਕ ਦਾ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦਾ 18,000 ਟਨ ਬੀਜ ਬਾਹਰੋਂ ਮੰਗਵਾਇਆ ਗਿਆ। ਦੂਜੇ ਸੂਬਿਆਂ ਨੇ ਇਹ ਬੀਜ ਬੀਜਣ ਤੋਂ ਇਨਕਾਰ ਕਰ ਦਿੱਤਾ ਤਾਂ ਇਸ ਨੂੰ ਬੀਜਣ ਦਾ ਬੀੜਾ ਪੰਜਾਬ ਨੇ ਚੁੱਕਿਆ। ਪੰਜਾਬ ਨੇ ਜੇਲ੍ਹਾਂ 'ਚ ਬੰਦ ਕੈਦੀਆਂ ਤੋਂ ਛੋਟੀਆਂ-ਛੋਟੀਆਂ ਗੁੱਥੀਆਂ ਦੀ ਸਿਲਾਈ ਕਰਵਾਈ ਤਾਂ ਜੋ ਕਿਸਾਨਾਂ ਨੂੰ ਸਮੇਂ ਸਿਰ ਇਹ ਬੀਜ ਪਹੁੰਚਦਾ ਕੀਤਾ ਜਾ ਸਕੇ। ਪੰਜਾਬ 'ਚ ਖਾਦ ਦੇ 38 ਰੈਕਜ਼ ਪਹੁੰਚਾਉਣ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ। ਰੋਜ਼ ਖਾਦ ਦਾ ਇਕ ਰੈਕ ਪਹੁੰਚਦਾ ਸੀ ਤੇ ਰੇਲਵੇ ਗੁਦਾਮ ਨੂੰ ਨਾਲ ਦੀ ਨਾਲ ਖਾਲੀ ਕੀਤਾ ਜਾਂਦਾ ਸੀ ਤਾਂ ਜੋ ਅਗਲੀ ਗੱਡੀ ਉਸ 'ਚ ਉਤਾਰੀ ਜਾ ਸਕੇ। ਸੰਸਥਾਗਤ ਕਰਜ਼ਿਆਂ ਲਈ ਫੰਡ ਵਧਾਉਣ ਵਾਸਤੇ ਪੰਜਾਬ ਰਾਜ ਐਗਰੀਕਲਚਰਲ ਰਿਫਾਈਨੈਂਸ ਐਂਡ ਡਿਵੈਲਪਮੈਂਟ ਕਾਰਪੋਰੇਸ਼ਨ ਤਕ ਪਹੁੰਚ ਕੀਤੀ ਗਈ ਤੇ 7 ਫ਼ੀਸਦੀ ਵਿਆਜ ਦਰ ਨਾਲ ਫੰਡ ਹਾਸਲ ਕੀਤੇ ਅਤੇ ਇਸ ਦੇ ਲਈ ਸੂਬੇ ਦੀ ਵਿੱਤੀ ਸਹਾਇਤਾ ਨਾਲ ਦਿੱਤੇ ਜਾਣ ਵਾਲੇ ਤਕਾਵੀ ਕਰਜ਼ੇ (3 ਫ਼ੀਸਦੀ ਵਿਆਜ ਦਰ) ਬੰਦ ਕਰ ਦਿੱਤੇ।

ਝੋਨੇ ਹੇਠ ਰਕਬਾ ਵਧਾਉਣ ਲਈ ਸਿੰਚਾਈ ਸਹੂਲਤਾਂ ਵਧਾਈਆਂ ਗਈਆਂ, ਜਿਸ ਦੇ ਤਹਿਤ ਜ਼ਮੀਨ ਉੱਪਰਲੇ ਤੇ ਜ਼ਮੀਨਦੋਜ਼ ਪਾਣੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਟਿਊਬਵੈੱਲ ਲਗਾਉਣ ਲਈ ਨਾ ਕੇਵਲ ਖੁੱਲ੍ਹੇ ਦਿਲ ਨਾਲ ਕਰਜ਼ੇ ਵੰਡੇ ਗਏ ਬਲਕਿ ਬਿਜਲੀ ਦੀਆਂ ਤਾਰਾਂ ਵਿਛਾਉਣ ਲਈ ਪੰਜ ਹਜ਼ਾਰ ਰੁਪਏ ਪ੍ਰਤੀ ਲਾਈਨ ਦੇ ਹਿਸਾਬ ਨਾਲ ਸਾਰਾ ਖ਼ਰਚਾ ਵੀ ਸੂਬੇ ਨੇ ਚੁੱਕਿਆ।

## ਕੁਦਰਤੀ ਵਸੀਲਿਆਂ ਦਾ ਘਾਣ

ਵਧੇਰੇ ਮੁਨਾਫ਼ੇ ਨੂੰ ਸਫਲਤਾ ਦੀ ਕੁੰਜੀ ਮੰਨਦਿਆਂ ਹੋਇਆਂ ਮਦਦ ਨੂੰ ਬੀਜਾਂ, ਖਾਦਾਂ ਤੇ ਸਿੰਚਾਈ ਸਾਧਨਾਂ ਤਕ ਹੀ ਸੀਮਿਤ ਨਹੀਂ ਰੱਖਿਆ ਗਿਆ, ਸਗੋਂ ਇਸ ਕਾਰਜ ਨੂੰ ਹੋਰ ਹੁਲਾਰਾ ਦੇਣ ਲਈ ਸਰਕਾਰ ਨੇ ਕਣਕ ਤੇ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਲਈ ਖੇਤੀ ਲਾਗਤਾਂ ਤੇ ਮੁੱਲ ਕਮਿਸ਼ਨ ਬਣਾਉਣ ਤੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਰਾਹੀਂ ਜਿਣਸ ਦਾ ਮੰਡੀਕਰਨ ਯਕੀਨੀ ਬਣਾਉਣ ਦਾ ਅਹਿਮ ਫ਼ੈਸਲਾ ਲਿਆ।

ਫਿਰ ਦੇਸ਼ 'ਚ ਹਰੀ ਕ੍ਰਾਂਤੀ ਆਈ। ਇਹ ਕ੍ਰਾਂਤੀ ਮਹਿਜ਼ ਇਕ ਘਟਨਾ ਨਹੀਂ ਸੀ। ਇਹ ਨਵੀਨਤਮ ਤਕਨੀਕਾਂ ਤੇ ਆਧੁਨਿਕ ਤਕਨਾਲੋਜੀ ਨਾਲ ਲੈਸ ਸੀ ਅਤੇ ਵਿਓਤਬੱਧ ਤੇ ਬਹੁਪੱਖੀ ਨੀਤੀ ਉੱਪਰ ਆਧਾਰਿਤ ਸੀ। ਉਤਪਾਦਨ ਤੇ ਮੁਨਾਫ਼ਾ ਵਧੇਰੇ ਹੋਣ ਕਰਕੇ ਕਣਕ ਤੇ ਝੋਨੇ ਹੇਠ ਰਕਬੇ 'ਚ ਵਾਧਾ ਹੋਇਆ। ਇਸ ਨਾਲ ਫ਼ਸਲਾਂ ਦਾ ਝਾੜ ਚੋਖਾ ਵਧਿਆ ਤੇ ਭਾਰਤ ਅਨਾਜ ਪੱਖੋਂ ਨਾ ਸਿਰਫ਼ ਆਤਮ-ਨਿਰਭਰ ਹੋਇਆ ਸਗੋਂ ਅਨਾਜ ਦੀ ਬਰਾਮਦ ਪੱਖੋਂ ਵੀ ਵੱਡੇ ਰਾਸ਼ਟਰ ਵਜੋਂ ਉਭਰਿਆ। ਝੋਨੇ ਦਾ ਸ਼ੁਮਾਰ ਪੰਜਾਬ ਦੀਆਂ ਮੁੱਖ ਫ਼ਸਲਾਂ 'ਚ ਹੋਣ ਲੱਗਾ, ਦੂਜੇ ਪਾਸੇ ਇਸ ਨੇ ਬਾਜਰੇ, ਮੂੰਗਫਲੀ, ਤਿਲ, ਮੂੰਗਬੀਨ, ਉਰਦਬੀਨ ਤੇ ਅਰਹਰ ਦਾ ਸਫ਼ਾਇਆ ਕਰਨ ਦੇ ਨਾਲ-ਨਾਲ ਮੱਕੀ ਦੀ ਕਾਸ਼ਤ ਨੂੰ ਵੀ ਖੋਰਾ ਲਾਇਆ। ਇਸ ਤਰ੍ਹਾਂ ਪੰਜਾਬ ਨੂੰ ਭਾਰੀ ਕੀਮਤ ਚੁਕਾਉਣੀ ਪਈ ਕਿਉਂਕਿ ਇਸ ਨਾਲ ਜਿੱਥੇ ਜ਼ਮੀਨਦੋਜ਼ ਜਲ ਸੋਮਿਆਂ ਦਾ ਘਾਣ ਹੋਇਆ ਉੱਥੇ ਇਸ ਨੇ ਭੂਮੀ ਤੱਤਾਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਤੇ ਉਨ੍ਹਾਂ ਦੀ ਵਰਤੋਂ 'ਚ ਵਾਧਾ ਕੀਤਾ।

## ਪੰਜਾਬ ਨੂੰ ਕੀਤਾ ਜਾ ਰਿਹੈ ਨਜ਼ਰ-ਅੰਦਾਜ਼

ਪੰਜਾਬ 'ਚ ਜ਼ਮੀਨਦੋਜ਼ ਪਾਣੀ ਦੇ ਰੱਖ-ਰਖਾਅ ਸਬੰਧ ਕਾਨੂੰਨ 2009 ਦੇ ਲਾਗੂ ਹੋਣ ਤੋਂ ਬਾਵਜੂਦ 2014-16 ਦੌਰਾਨ ਧਰਤੀ ਹੇਠਲੇ ਪਾਣੀ ਦਾ ਪੱਧਰ 83 ਸੈਂਮੀ. ਸਾਲਾਨਾ ਦੀ ਦਰ ਨਾਲ ਘਟਿਆ। ਇਹ ਗੰਭੀਰ ਮੁੱਦਾ ਭਵਿੱਖ 'ਚ ਪੰਜਾਬ ਲਈ ਵੱਡਾ ਸੰਕਟ ਖੜ੍ਹਾ ਕਰ ਸਕਦਾ ਹੈ। ਪਰਾਲੀ ਦਾ ਉਚਿਤ ਪ੍ਰਬੰਧ ਵੀ ਵੱਡੀ ਚੁਣੌਤੀ ਹੈ। ਅਦਾਲਤਾਂ ਤੇ ਟ੍ਰਿਬਿਊਨਲ ਪਰਾਲੀ ਨੂੰ ਸਾੜੇ ਬਿਨਾਂ ਇਸ ਦਾ ਪ੍ਰਬੰਧ ਕਰਨ ਲਈ ਸੂਬਾ ਸਰਕਾਰ 'ਤੇ ਦਬਾਅ ਪਾ ਰਹੇ ਹਨ ਜਦਕਿ ਅਜਿਹਾ ਕਰਨ ਨਾਲ 5000 ਰੁਪਏ ਪ੍ਰਤੀ ਹੈਕਟੇਅਰ ਲਾਗਤ ਆਉਂਦੀ ਹੈ। ਪੰਜਾਬ ਤਾਂ ਰਾਸ਼ਟਰੀ ਨੀਤੀਆਂ 'ਤੇ ਚੱਲਦਿਆਂ ਦੇਸ਼ ਨੂੰ ਅੰਨ ਦੇ ਸੰਕਟ 'ਚੋਂ ਕੱਢਣ ਲਈ ਫਰਜ਼ਾਂ ਦੀ ਪਾਲਣਾ ਕਰਦਾ ਰਿਹਾ ਪਰ ਇਹ ਸਭ ਕੁਝ ਭੁਲਾ ਕੇ ਅੱਜ ਉਸ ਨੂੰ ਦਰਪੇਸ਼ ਮੁਸ਼ਕਿਲਾਂ ਨਾਲ ਆਪਣੇ ਤੌਰ 'ਤੇ ਨਜਿੱਠਣ ਵਾਸਤੇ ਕਿਹਾ ਜਾ ਰਿਹਾ ਹੈ। ਖੇਤੀ ਵੰਨ-ਸੁਵੰਨਤਾ ਤੇ ਖੇਤੀ ਦੇ ਨਿਰੰਤਰ ਵਿਕਾਸ ਦੇ ਨਾਲ-ਨਾਲ ਜਿੱਥੇ ਕੁਦਰਤੀ ਸੋਮਿਆਂ ਦਾ ਰੱਖ-ਰਖਾਅ ਜ਼ਰੂਰੀ ਹੈ, ਉਥੇ ਆਉਣ ਵਾਲੇ ਸਮਿਆਂ ਲਈ ਵੀ ਮਹੱਤਵਪੂਰਨ ਹੈ। 50 ਸਾਲ ਪਹਿਲਾਂ ਹਰੀ ਕ੍ਰਾਂਤੀ ਲਿਆਉਣਾ ਸਮੇਂ ਦੀ ਲੋੜ ਸੀ ਪਰ ਅੱਜ ਇਸ ਨੂੰ ਹੁਲਾਰਾ ਦੇਣ ਲਈ ਕੇਂਦਰ ਸਰਕਾਰ ਵੱਲੋਂ ਕੋਈ ਵਿੱਤੀ ਸਹਾਇਤਾ ਨਹੀਂ ਦਿੱਤੀ ਜਾ ਰਹੀ। ਪੰਜਾਬ ਦੇ ਕਿਸਾਨਾਂ ਦੇ ਜੀਵਨ ਨਿਰਬਾਹ ਨੂੰ ਸੁਧਾਰਨ ਦੇ ਅਹਿਮ ਨੁਕਤੇ ਨੂੰ ਵੀ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਜਿਵੇਂ-ਜਿਵੇਂ ਖੇਤੀ ਖੇਤਰ ਨੇ ਤਰੱਕੀ ਕੀਤੀ ਤਿਵੇਂ-ਤਿਵੇਂ ਕਿਸਾਨਾਂ ਦੀ ਆਮਦਨ 'ਚ ਵੀ ਵਾਧਾ ਹੋਇਆ। 2012-13 ਦੇ ਐੱਨਐੱਸਐੱਸਓ ਦੇ ਸਰਵੇਖਣ ਅਨੁਸਾਰ ਪੰਜਾਬ 'ਚ ਇਕ ਖੇਤੀ ਪਰਿਵਾਰ ਦੀ ਖੇਤੀ ਤੋਂ ਆਮਦਨ ਸਾਰੇ ਸੂਬਿਆਂ ਤੋਂ ਵੱਧ (16,349 ਰੁਪਏ ਪ੍ਰਤੀ ਮਹੀਨਾ) ਹੈ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਪੰਜਾਬ ਦੇ ਕਿਸਾਨਾਂ ਦਾ ਜੀਵਨ ਮਿਆਰ ਹੋਰਾਂ ਨਾਲੋਂ ਉੱਚਾ ਹੈ। ਅਰਥਚਾਰੇ ਦੇ ਹੋਰਨਾਂ ਖੇਤਰਾਂ 'ਚ ਹੋ ਰਹੇ ਵਿਕਾਸ ਦੀ ਤਰਜ਼ 'ਤੇ ਕਿਸਾਨ ਵੀ ਫ਼ਸਲਾਂ ਦੇ ਵਧੇਰੇ ਝਾੜ ਤੇ ਵਧੇਰੇ ਮੁੱਲ ਹਾਸਲ ਕਰ ਕੇ ਉਚੇਰੇ ਜੀਵਨ ਨਿਰਬਾਹ ਦੀ ਤਾਂਘ ਰੱਖਦੇ ਹਨ।

## 100 ਤੋਂ ਵੱਧ ਅਸਾਮੀਆਂ ਖ਼ਤਮ

ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਵੱਲੋਂ ਕੀਤੀ ਗਈ ਮਦਦ ਦੀ ਫ਼ਰਿਆਦ ਨੂੰ ਕਿਸੇ ਨੇ ਵੀ ਬੂਰ ਨਾ ਪਾਇਆ। ਡਾ. ਸਰਦਾਰਾ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਨੇ 2002 'ਚ ਕੇਂਦਰ ਕੋਲ ਤਜਵੀਜ਼ ਰੱਖੀ ਸੀ ਕਿ ਕਿਸਾਨਾਂ ਨੂੰ ਝੋਨੇ ਦੇ ਬਦਲ ਵਜੋਂ ਲਾਈ ਜਾਣ ਵਾਲੀ ਘੱਟ ਮੁਨਾਫ਼ੇ ਵਾਲੀ ਫ਼ਸਲ ਦੇ ਇਵਜ਼ 'ਚ 5,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣਾ ਚਾਹੀਦਾ ਹੈ ਪਰ ਯੋਜਨਾ ਕਮਿਸ਼ਨ ਤੇ ਹੋਰਾਂ ਨਾਲ ਵਿਚਾਰ-ਵਟਾਂਦਰਿਆਂ ਉਪਰੰਤ ਇਹ ਤਜਵੀਜ਼ ਫਾਈਲਾਂ 'ਚ ਦੱਬ ਕੇ ਰਹਿ ਗਈ। ਇਸ ਦੇ ਬਦਲ ਵਜੋਂ ਠੇਕਾ ਆਧਾਰਿਤ ਖੇਤੀ ਰਾਹੀਂ ਉੱਚ ਗੁਣਵੱਤਾ ਵਾਲੀਆਂ ਫ਼ਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੀ ਤਜਵੀਜ਼ ਰੱਖੀ ਗਈ, ਜਿਸ ਲਈ ਸਿਰਫ਼ 25 ਕਰੋੜ ਰੁਪਏ ਦੀ ਨਾਮਾਤਰ ਰਾਸ਼ੀ ਜਾਰੀ ਕੀਤੀ ਗਈ। 2013-14 ਦੌਰਾਨ ਪੰਜਾਬ, ਹਰਿਆਣਾ ਤੇ ਉੱਤਰ-ਪ੍ਰਦੇਸ਼ 'ਚ ਖੇਤੀ ਵੰਨ-ਸੁਵੰਨਤਾ ਲਈ 500 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਕੀਤੀ ਗਈ ਪਰ ਇਸ ਸਬੰਧੀ ਉਚਿਤ ਨੀਤੀ ਨਾ ਹੋਣ ਕਾਰਨ ਠੋਸ ਨਤੀਜੇ ਨਾ ਮਿਲ ਸਕੇ। ਤਕਨਾਲੋਜੀ ਦਾ ਖੇਤੀ ਵਿਕਾਸ 'ਚ ਅਹਿਮ ਯੋਗਦਾਨ ਹੈ। ਪੰਜਾਬ 'ਚ ਤਕਨਾਲੋਜੀ ਨੂੰ ਵਿਕਸਿਤ ਕਰਨ ਦਾ ਕਾਰਜ ਵੀ ਪੱਛੜ ਰਿਹਾ ਹੈ ਕਿਉਂਕਿ ਪਿਛਲੇ ਤਿੰਨ ਸਾਲ ਦੌਰਾਨ ਪੀਏਯੂ ਵਿਚ ਆਈਸੀਏਆਰ (ICAR) ਵੱਲੋਂ ਵਿੱਤੀ ਸਹਾਇਤਾ ਪ੍ਰਾਪਤ 100 ਤੋਂ ਵੀ ਵੱਧ ਅਸਾਮੀਆਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਇਸ ਤੋਂ



ਇਲਾਵਾ ਰਾਸ਼ਟਰੀ ਪੱਧਰ 'ਤੇ ਖੇਤੀ ਖੋਜ 'ਚ ਜਨਤਕ ਨਿਵੇਸ਼ ਵੀ 12ਵੀਂ ਯੋਜਨਾ ਦੇ ਅੰਤ 'ਤੇ 0.8 ਫ਼ੀਸਦੀ ਤੋਂ ਘਟ ਕੇ 2016-17 'ਚ ਖੇਤੀ ਜੀਡੀਪੀ ਦਾ 0.4 ਫ਼ੀਸਦੀ ਰਹਿ ਗਿਆ ਹੈ ਜਦਕਿ ਲੋੜੀਂਦਾ ਪੱਧਰ 1-2 ਫ਼ੀਸਦੀ ਹੋਣਾ ਚਾਹੀਦਾ ਹੈ।

## ਖੇਤੀ ਆਧਾਰਿਤ ਸਨਅਤਾਂ ਦੀ ਕਮੀ

ਪੰਜਾਬ 'ਚ ਖੇਤੀ ਉਤਪਾਦਨ ਤੇ ਫ਼ਸਲੀ ਘਣਤਾ ਦੇ ਵਧਣ ਅਤੇ ਪ੍ਰਤੀ ਜੀਅ ਜ਼ਮੀਨਾਂ ਤੇ ਜਲ ਸੋਮਿਆਂ ਦੇ ਘਟਣ ਨਾਲ ਖੇਤੀ ਕਾਮਿਆਂ ਨੂੰ ਆਮਦਨ ਦੇ ਵਸੀਲੇ ਵਧਾਉਣ ਲਈ ਹੋਰਨਾਂ ਖੇਤਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਇਸ ਲਈ ਸਨਅਤ ਤੇ ਹੋਰ ਸੇਵਾ ਖੇਤਰਾਂ ਨੂੰ ਵਿਕਾਸ ਕਰਨਾ ਪਵੇਗਾ ਪਰ ਬਦਕਿਸਮਤੀ ਨਾਲ ਪਿਛਲੇ ਲਗਪਗ ਡੇਢ ਦਹਾਕੇ ਤੋਂ ਸਨਅਤ ਨੇ ਵੀ ਕੋਈ ਬਹੁਤੀ ਤਰੱਕੀ ਨਹੀਂ ਕੀਤੀ। ਇਸ ਸਬੰਧੀ ਅੰਕੜਿਆਂ ਨੂੰ ਐੱਨਐੱਸਐੱਸਓ 2012-13 ਦੇ ਸਰਵੇਖਣ ਤੋਂ ਵੇਖਿਆ ਜਾ ਸਕਦਾ ਹੈ। ਪੰਜਾਬ ਦੇ ਖੇਤੀ ਨਾਲ ਜੁੜੇ ਪਰਿਵਾਰਾਂ ਦੀ ਹੋਰਨਾਂ ਸੋਮਿਆਂ ਤੋਂ ਆਮਦਨ ਸਿਰਫ਼ 9.5 ਫ਼ੀਸਦੀ (1,710 ਰੁਪਏ) ਪ੍ਰਤੀ ਮਹੀਨਾ ਹੈ ਜਦਕਿ ਰਾਸ਼ਟਰੀ ਪੱਧਰ 'ਤੇ ਇਹ 47.9 ਫ਼ੀਸਦੀ (3,026 ਰੁਪਏ) ਹੈ। ਅਜਿਹੀ ਮਾੜੀ ਸਥਿਤੀ ਦਾ ਵੱਡਾ ਕਾਰਨ ਗੁਆਂਢੀ ਪਹਾੜੀ ਸੂਬਿਆਂ ਨੂੰ ਟੈਕਸਾਂ ਤੋਂ ਛੋਟ ਦੇਣਾ ਵੀ ਹੈ, ਜਿਸ ਕਾਰਨ ਸਨਅਤੀ ਇਕਾਈਆਂ ਪੰਜਾਬ ਵਿੱਚੋਂ ਨਿਕਲ ਕੇ ਇਨ੍ਹਾਂ ਸੂਬਿਆਂ ਵੱਲ ਰੁਖ਼ ਕਰ ਰਹੀਆਂ ਹਨ। ਪੰਜਾਬ ਕੋਲ ਮੁੱਢਲੇ ਤੌਰ 'ਤੇ ਖੇਤੀ ਅਰਥਚਾਰਾ ਹੀ ਹੈ ਤੇ ਖੇਤੀ ਜਿਣਸਾਂ ਤੋਂ ਇਲਾਵਾ ਹੋਰ ਕੋਈ ਕੁਦਰਤੀ ਸਰੋਤ ਨਹੀਂ ਹਨ, ਜੋ ਇਸ ਦੇ ਅਰਥਚਾਰੇ ਅਤੇ ਵਿਕਾਸ ਨੂੰ ਸੁਧਾਰ ਸਕਦੇ ਹੋਣ। ਇਸ ਲਈ ਖੇਤੀ ਪ੍ਰੋਸੈਸਿੰਗ ਹੀ ਦੂਜਾ ਉਚਿਤ ਰਾਹ ਹੈ। ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਾਲੇ ਜ਼ਿਲ੍ਹੇ, ਜੋ ਗੁਆਂਢੀ ਪਹਾੜੀ ਸੂਬਿਆਂ ਦੇ ਨਾਲ ਲਗਦੇ ਹਨ ਤੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਅਤਿ ਸੰਵੇਦਨਸ਼ੀਲ ਜ਼ਿਲ੍ਹਿਆਂ 'ਚ ਖੇਤੀ ਆਧਾਰਿਤ ਸਨਅਤਾਂ ਲਗਾਉਣੀਆਂ ਤਾਂ ਬਣਦੀਆਂ ਹੀ ਹਨ। ਪੰਜਾਬ ਦੀ ਖੇਤੀ ਆਧਾਰਿਤ ਸਨਅਤ ਕਿਸੇ ਵੀ ਤਰ੍ਹਾਂ ਪਹਾੜੀ ਸੂਬਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਏਗੀ ਕਿਉਂਕਿ ਪੰਜਾਬ ਦਾ ਖੇਤੀ ਆਧਾਰ ਪਹਾੜੀ ਸੂਬਿਆਂ ਨਾਲੋਂ ਬਿਲਕੁਲ ਵੱਖਰਾ ਹੈ। ਪੰਜਾਬ ਇਕ ਸਰਹੱਦੀ ਸੂਬਾ ਤੇ ਸਮੁੰਦਰ ਤਟ ਤੋਂ ਦੂਰ ਹੋਣ ਕਰਕੇ ਵਿਸ਼ੇਸ਼ ਤਵੱਜੋਂ ਮੰਗਦਾ ਹੈ।

## ਗੁਆਂਢੀ ਸੂਬਿਆਂ ਨੂੰ ਸਹਾਇਤਾ, ਪੰਜਾਬ ਨੂੰ ਨਸੀਹਤਾਂ

ਪੰਜਾਬ ਨੇ ਦੇਸ਼ ਨੂੰ ਅੰਨ ਸੁਰੱਖਿਆ ਪ੍ਰਦਾਨ ਕਰਨ ਲਈ ਦਿਨ-ਰਾਤ ਇਕ ਕੀਤਾ। ਇਸ ਨੇ ਦੇਸ਼ ਦੀ ਸੇਵਾ ਉਨ੍ਹਾਂ ਵੇਲਿਆਂ ਵਿਚ ਕੀਤੀ ਜਦੋਂ ਦੇਸ਼ ਨੂੰ ਇਸ ਦੀ ਸਖ਼ਤ ਲੋੜ ਸੀ। ਰਾਸ਼ਟਰੀ ਹਿੱਤਾਂ 'ਚ ਆਪਣੇ ਫਰਜ਼ਾਂ ਦੀ ਪਾਲਣਾ ਕਰਦਿਆਂ ਇਸ ਨੇ ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ। ਅਜਿਹਾ ਕਰਦਿਆਂ ਅੱਜ ਇਹ ਖ਼ੁਦ ਵਿੱਤੀ ਤੇ ਵਾਤਾਵਰਨ ਸੰਕਟਾਂ 'ਚ ਘਿਰ ਚੁੱਕਾ ਹੈ। ਗੁਆਂਢੀ ਪਹਾੜੀ ਸੂਬਿਆਂ ਵਿਚ ਸਨਅਤ ਨੂੰ ਹੱਲਾਸ਼ੇਰੀ ਮਿਲਣ ਨਾਲ ਪੰਜਾਬ ਦਾ ਸੰਕਟ ਹੋਰ ਵਧ ਗਿਆ। ਇਨ੍ਹਾਂ ਹਾਲਤਾਂ ਵਿਚ ਪੰਜਾਬ ਦੀ ਬਾਂਹ ਫੜਣ ਦੀ ਥਾਂ ਇਸ ਨੂੰ ਆਪਣੀਆਂ ਸਮੱਸਿਆਵਾਂ ਨਾਲ ਖ਼ੁਦ ਨਜਿੱਠਣ ਲਈ ਕਿਹਾ ਜਾ ਰਿਹਾ ਹੈ। ਜੇ ਪੰਜਾਬ ਸਚਮੁੱਚ ਕਿਸੇ ਤਰ੍ਹਾਂ ਦੀ ਮਦਦ ਲੈਣ ਦਾ ਹੱਕਦਾਰ ਨਹੀਂ ਹੈ ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਨੂੰ ਪਹਿਲਾਂ ਇਸ ਰਸਤੇ ਕਿਉਂ ਤੋਰਿਆ ਗਿਆ? ਜਿਸ ਨਾਲ ਉਸ ਨੂੰ ਆਪਣੇ ਚਿਰ-ਸਥਾਈ ਹਿੱਤਾਂ ਤੋਂ ਵੀ ਵਾਂਝਿਆ ਹੋਣਾ ਪਿਆ। ਸਪਸ਼ਟ ਹੈ ਕਿ ਉਸ ਵੇਲੇ ਰਾਸ਼ਟਰੀ ਹਿੱਤ ਮੁੱਖ ਸਨ। ਜੇ ਅਜਿਹਾ ਹੈ ਤਾਂ ਕੀ ਹੁਣ ਦੇਸ਼ ਨੂੰ ਪੰਜਾਬ ਲਈ ਕੁਝ ਨਹੀਂ ਕਰਨਾ ਚਾਹੀਦਾ? ਕੀ ਕੋਈ ਸਾਨੂੰ ਇਸ ਮੁੱਢਲੇ ਪ੍ਰਸ਼ਨ ਦਾ ਜਵਾਬ ਦੇਵੇਗਾ ਕਿ 'ਪੰਜਾਬ ਨੇ ਦੇਸ਼ ਨੂੰ ਅੰਨ-ਸੁਰੱਖਿਆ ਪ੍ਰਦਾਨ ਕਰਨ ਦੇ ਰਾਹ ਤੁਰ ਕੇ ਕੋਈ ਗ਼ਲਤੀ ਕੀਤੀ ਹੈ?' ਅਤੇ ਨਾਲ ਹੀ ਇਹ ਸਲਾਹ ਦੇ ਸਕਦਾ ਹੈ ਕਿ ਕੀ ਪੰਜਾਬ ਦੇ ਕਿਸਾਨਾਂ ਨੂੰ ਬਦਲਵੀਆਂ ਫ਼ਸਲਾਂ, ਜਿਨ੍ਹਾਂ ਦੀ ਕਾਸ਼ਤ ਨਾਲ ਉਨ੍ਹਾਂ ਦਾ ਜੀਵਨ ਪੱਧਰ ਮੌਜੂਦਾ ਨਾਲੋਂ ਵੀ ਨੀਵਾਂ ਜਾ ਸਕਦਾ ਹੋਵੇ, ਬੀਜਣ ਲਈ ਕਿਵੇਂ ਮਜਬੂਰ ਕੀਤਾ ਜਾ ਸਕਦਾ ਹੈ? ਅਤੇ ਖੇਤੀ ਆਧਾਰਿਤ ਸਨਅਤਾਂ ਨੂੰ ਕਿਵੇਂ ਵਿਕਸਿਤ ਕੀਤਾ ਜਾਵੇ ਜਦਕਿ ਸਨਅਤੀ ਖੇਤਰ ਵਿਚ ਟੈਕਸ ਦੀਆਂ ਛੋਟਾਂ ਕਈ ਸਾਲਾਂ ਤੋਂ ਗੁਆਂਢੀ ਪਹਾੜੀ ਸੂਬਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ?' •

### ਨੀਤੀਗਤ ਕਮੀਆਂ ਤਰੱਕੀ ਦੇ ਰਾਹ 'ਚ ਰੋੜਾ

*ਦੂਜੇ ਪਾਸੇ 1980ਵਿਆਂ ਦੇ ਅਖ਼ੀਰ ਤੋਂ ਉਤਪਾਦਨ ਦੀ ਵਿਕਾਸ ਦਰ 'ਚ ਕਮੀ ਆਈ ਹੈ ਤੇ ਲਾਗਤ ਮੁੱਲ ਤੇ ਵੱਟਕ ਵਿਚ ਅਸੰਤੁਲਨ ਹੋਣ ਕਰਕੇ ਕੁੱਲ ਆਮਦਨ ਵੀ ਘਟੀ ਹੈ। ਹੁਣ ਦੇ ਸਾਲਾਂ ਦੌਰਾਨ ਬਾਸਮਤੀ, ਮਟਰ, ਗੋਭੀ, ਗਾਜਰ ਆਦਿ ਦੇ ਉਤਪਾਦਨ 'ਚ ਵਾਧਾ ਹੋਇਆ ਹੈ ਪਰ ਭਾਅ ਡਿੱਗ ਗਏ ਹਨ ਅਤੇ ਤਿੰਨ ਸਾਲਾਂ ਤੋਂ ਆਲੂ ਦੀ ਫ਼ਸਲ ਵੀ ਸੰਕਟਾਂ 'ਚ ਘਿਰੀ ਰਹੀ। ਇਨ੍ਹਾਂ ਫ਼ਸਲਾਂ ਅਧੀਨ ਥੋੜ੍ਹਾ ਜਿਹਾ ਰਕਬਾ ਵਧਾਉਣ ਨਾਲ ਇਨ੍ਹਾਂ ਦੇ ਮੰਡੀਕਰਨ 'ਚ ਕਈ ਦਿੱਕਤਾਂ ਆਈਆਂ ਜਿਸ ਨਾਲ ਕਿਸਾਨਾਂ ਨੂੰ ਕਾਫੀ ਨੁਕਸਾਨ ਝੱਲਣਾ ਪਿਆ। ਇਸ ਤੋਂ ਇਲਾਵਾ ਮੱਕੀ ਵਰਗੀਆਂ ਫ਼ਸਲਾਂ ਨੂੰ ਕਈ ਵਾਰ ਘੱਟੋ-ਘੱਟ ਸਮਰਥਨ ਮੁੱਲ ਦੇ ਲਗਪਗ 60 ਫ਼ੀਸਦੀ ਤੋਂ ਵੀ ਘੱਟ ਕੀਮਤ ਮਿਲਦੀ ਹੈ। ਅਸੀਂ ਕਿਸੇ ਸੂਝਵਾਨ ਕਿਸਾਨ ਨੂੰ ਕਿਵੇਂ ਰਾਜੀ ਕਰ ਸਕਦੇ ਹਾਂ ਕਿ ਉਹ ਬਿਨਾਂ ਮਾਲੀ ਜਾਂ ਨੀਤੀਗਤ ਸਹਾਇਤਾ ਦੇ ਘੱਟ ਮੁਨਾਫ਼ੇ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰੇ, ਜਦਕਿ ਉਹ ਪਹਿਲਾਂ ਹੀ ਆਰਥਿਕ ਸੰਕਟ 'ਚ ਘਿਰਿਆ ਹੋਣ ਕਰਕੇ ਖ਼ੁਦਕੁਸ਼ੀ ਵਰਗੇ ਰਾਹ ਅਖ਼ਤਿਆਰ ਕਰ ਰਿਹਾ ਹੈ। ਹਾਲਾਂਕਿ ਬਹੁਤ ਸਾਰੀਆਂ ਬਦਲਵੀਆਂ ਫ਼ਸਲਾਂ ਲਈ ਤਕਨੀਕਾਂ ਤਾਂ ਹਨ ਪਰ ਲੋੜ ਹੈ ਅਜਿਹੀਆਂ ਨੀਤੀਆਂ (ਵੱਧ ਕੀਮਤਾਂ, ਮੰਡੀ ਦਾ ਬੁਨਿਆਦੀ ਢਾਂਚਾ, ਯਕੀਨਨ ਮੰਡੀਕਰਨ ਆਦਿ) ਬਣਾਉਣ ਦੀ, ਤਾਂ ਜੋ ਝੋਨੇ ਹੇਠੋਂ ਰਕਬਾ ਘਟਾ ਕੇ ਬਦਲਵੀਆਂ ਫ਼ਸਲਾਂ ਹੇਠ ਲਿਆਂਦਾ ਜਾ ਸਕੇ। ਇਸ ਤੋਂ ਇਲਾਵਾ ਇਨ੍ਹਾਂ ਫ਼ਸਲਾਂ ਦੀ ਮੰਡੀ ਵਿਚ ਮੰਗ ਸੀਮਤ ਹੋਣਾ, ਮੰਡੀ ਦੇ ਬੁਨਿਆਦੀ ਢਾਂਚੇ ਵਿਚ ਕਮੀਆਂ ਹੋਣ, ਘਾਟਾ ਪੈਣ ਦਾ ਖ਼ਤਰਾ ਵਧੇਰੇ ਹੋਣਾ, ਗੁਣਵੱਤਾ ਵਧਾਉਣ ਅਤੇ ਪ੍ਰੋਸੈਸਿੰਗ ਸਬੰਧੀ ਵਸੀਲਿਆਂ ਦੀ ਘਾਟ ਹੋਣ 'ਤੇ ਸਾਨੂੰ ਵੱਡੇ ਪੱਧਰ 'ਤੇ ਇਨ੍ਹਾਂ ਉੱਚ ਗੁਣਵੱਤਾ ਵਾਲੀਆਂ ਫ਼ਸਲਾਂ ਦੀ ਕਾਸ਼ਤ ਵਲ ਜਾਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ।*

### ਦੇਸ਼ ਉੱਪਰ ਸੰਕਟ ਦਾ ਸਮਾਂ



*1960 ਦੇ ਦਹਾਕੇ ਵਿਚ ਜਦੋਂ ਦੇਸ਼ ਅੰਨ ਸੁਰੱਖਿਆ ਨੂੰ ਲੈ ਕੇ ਜੱਦੋਜ਼ਹਿਦ ਕਰ ਰਿਹਾ ਸੀ ਅਤੇ ਸਾਡੇ ਨੀਤੀ ਘਾੜੇ ਖਾਲੀ ਠੂਠਾ ਲੈ ਕੇ ਬਾਹਰਲੇ ਮੁਲਕਾਂ ਤੋਂ ਮਦਦ ਦੀਆਂ ਉਮੀਦਾਂ ਲਾਈ ਬੈਠੇ ਸਨ ਤੇ ਜੋ ਸਲੂਕ ਉਨ੍ਹਾਂ ਨਾਲ ਹੋਇਆ, ਉਸ ਬਾਰੇ ਇਥੇ ਕੋਈ ਗੱਲ ਨਾ ਕਰੀਏ ਤਾਂ ਚੰਗਾ ਹੈ। ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਤਾਂ ਸੋਮਵਾਰ ਦੀ ਸ਼ਾਮ ਨੂੰ ਦੇਸ਼ ਭਰ ਦੇ ਸਾਰੇ ਭੋਜਨਾਲਯ ਬੰਦ ਰੱਖੇ ਜਾਣ ਦੀ ਅਪੀਲ ਕੀਤੀ ਸੀ। ਪ੍ਰੈਸ ਰਾਹੀਂ ਲੋਕਾਂ ਨੂੰ ਆਪਣਾ ਢਿੱਡ ਕੱਟ ਕੇ ਤਿੰਨ ਰੋਟੀਆਂ ਦੀ ਥਾਂ ਦੋ ਰੋਟੀਆਂ ਖਾਣ ਦੀ ਵੀ ਅਪੀਲ ਕੀਤੀ ਜਾਂਦੀ ਰਹੀ ਤਾਂ ਕਿ ਅੰਨ ਦੀ ਬੱਚਤ ਹੋ ਸਕੇ। ਪੈਡੋਕ ਬ੍ਰਦਰਜ਼ ਨੇ ਆਪਣੀ ਪੁਸਤਕ 'ਫੈਮਿਨ-1975' ਵਿਚ ਭਾਰਤ ਬਾਰੇ ਟਿੱਪਣੀ ਕਰਦਿਆਂ ਲਿਖਿਆ ਹੈ ਕਿ ਇਸ ਨੂੰ 'ਬਚਾਇਆ ਨਹੀਂ ਜਾ ਸਕਦਾ' ਤੇ ਯੂਐੱਸਏ ਨੂੰ ਸਲਾਹ ਦਿੱਤੀ ਸੀ ਕਿ ਜਿਹੜੀ ਕਣਕ ਭਾਰਤ ਨੂੰ ਭੇਜੀ ਜਾਂਦੀ ਹੈ, ਉਹ ਅਫਰੀਕਾ ਨੂੰ ਭੇਜੀ ਜਾਵੇ।*

---

ਪਸ਼ੂ ਪਾਲਣ ਮੇਲਾ

# ਪਸ਼ੂਧਨ ਦੀ ਸੰਭਾਲ ਦਾ ਹੀਲਾ



• ਡਾ. ਹਰੀਸ਼ ਕੁਮਾਰ ਵਰਮਾ

*"ਵੈਟਰਨਰੀ ਯੂਨੀਵਰਸਿਟੀ ਵੱਲੋਂ ਲੁਧਿਆਣਾ ਵਿਖੇ 23-24 ਮਾਰਚ ਨੂੰ ਪਸ਼ੂ ਪਾਲਣ ਮੇਲਾ ਲਗਾਇਆ ਜਾ ਰਿਹਾ ਹੈ। ਇਸ ਵਿਚ ਮਾਹਿਰਾਂ ਵੱਲੋਂ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀਆਂ ਬਿਮਾਰੀਆਂ, ਉਨ੍ਹਾਂ ਤੋਂ ਬਚਾਅ ਤੇ ਯੂਨੀਵਰਸਿਟੀ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ..."*

ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਾਲ 'ਚ ਦੋ ਵਾਰ ਯੂਨੀਵਰਸਿਟੀ ਕੈਂਪਸ 'ਚ ਪਸ਼ੂ ਪਾਲਣ ਮੇਲਾ ਲਗਾਇਆ ਜਾਂਦਾ ਹੈ। ਇਹ ਮੇਲੇ ਮਾਰਚ ਤੇ ਸਤੰਬਰ ਵਿਚ ਲਗਾਏ ਜਾਂਦੇ ਹਨ। ਮਾਰਚ ਮਹੀਨੇ ਲਗਾਇਆ ਜਾਣਾ ਵਾਲਾ ਮੇਲਾ ਇਸ ਵਾਰ 23-24 ਮਾਰਚ ਨੂੰ ਲਗਾਇਆ ਜਾ ਰਿਹਾ ਹੈ।

## ਪਸ਼ੂ ਪਾਲਣ ਬਾਰੇ ਵਿਗਿਆਨਕ ਜਾਣਕਾਰੀਆਂ

ਮੇਲੇ ਵਿਚ ਵਧੀਆ ਨਸਲ ਦੇ ਜਾਨਵਰਾਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਖਰਗੋਸ਼, ਬਰਾਇਲਰ, ਬਟੇਰੇ, ਮੁਰਗੀਆਂ, ਮੱਛੀਆਂ, ਵਲਾਇਤੀ ਗਾਵਾਂ, ਬੀਟਲ ਬੱਕਰੀਆਂ, ਸਤਲੁਜ ਮੁਰਗੀਆਂ, ਆਈਬੀਐੱਲ-80 ਬਰਾਇਲਰ, ਪੰਜਾਬ ਬਟੇਰ ਆਦਿ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਪਸ਼ੂ ਨਸਲ ਸੁਧਾਰ ਲਈ ਵਰਤੇ ਜਾਂਦੇ ਸਾਨ੍ਹਾਂ, ਝੋਟਿਆਂ, ਬੱਕਰਿਆਂ ਦੀ ਵੀ ਨੁਮਾਇਸ਼ ਲਗਾਈ ਜਾਵੇਗੀ। ਮਸਨੂਈ ਗਰਭਦਾਨ ਤੇ ਭਰੂਣ ਤਬਾਦਲੇ ਦੀ ਵਿਧੀ ਬਾਰੇ ਵੀ ਮੇਲੇ 'ਚ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ। ਪਸ਼ੂਆਂ ਲਈ ਅਰਾਮਦੇਹ ਤੇ ਸਸਤੇ ਸ਼ੈੱਡ ਬਣਾਉਣ ਬਾਰੇ ਜਾਣਕਾਰੀ ਤੋਂ ਇਲਾਵਾ ਸਾਫ਼ ਸੁਥਰੇ ਦੁੱਧ ਦੀ ਪੈਦਾਵਾਰ, ਚੁਆਈ ਦੇ ਸਹੀ ਤਰੀਕੇ ਤੇ ਮਸ਼ੀਨ ਨਾਲ ਦੁੱਧ ਦੀ ਚੁਆਈ ਬਾਰੇ ਵੀ ਪਸ਼ੂਪਾਲਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

ਕਟੜੂਆਂ/ਵਛੜੂਆਂ ਦੇ ਸੁਚੱਜੇ ਪ੍ਰਬੰਧ ਬਾਰੇ ਮਾਹਿਰ ਜਾਣਕਾਰੀ ਦੇਣਗੇ। ਜਾਨਵਰਾਂ ਦੀ ਸਾਂਭ ਸੰਭਾਲ ਦੇ ਤਰੀਕਿਆਂ ਤੇ ਸੰਤੁਲਿਤ ਵੰਡ-ਦਾਣਾ ਬਣਾਉਣ ਦੀਆਂ ਤਕਨੀਕਾਂ ਸਾਂਝੀਆਂ ਕੀਤੀਆਂ ਜਾਣਗੀਆਂ। ਪਸ਼ੂ ਖ਼ੁਰਾਕ 'ਚ ਧਾਤਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਜਾਏਗਾ। ਧਾਤਾਂ ਦਾ ਇਹ ਮਿਸ਼ਰਣ ਮੇਲੇ ਵਿਚ ਪਸ਼ੂ ਪਾਲਕਾਂ ਨੂੰ ਸਸਤੀ ਕੀਮਤ 'ਤੇ ਉਪਲੱਬਧ ਕਰਵਾਇਆ ਜਾਵੇਗਾ। ਕਿਸਾਨਾਂ ਤੇ ਪਸ਼ੂ ਪਾਲਕਾਂ ਨੂੰ 'ਯੂਰੋਮਿਨ ਚਾਟ' ਤੇ 'ਸੁਬਾਬੂਲ ਚਾਟ' ਬਣਾਉਣ ਦੀ ਵਿਧੀ ਦੱਸੀ ਜਾਵੇਗੀ। ਤੂੜੀ ਅਤੇ ਪਰਾਲੀ ਦੀ ਯੂਰੀਏ ਨਾਲ ਸੋਧ ਕਰਨ ਦੀ ਵਿਧੀ ਤੋਂ ਇਲਾਵਾ ਹਰੇ ਚਾਰੇ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਏਗਾ। ਫਾਲਤੂ ਹਰੇ ਚਾਰੇ ਨੂੰ ਲੰਬੇ ਸਮੇਂ ਤਕ ਸੰਭਾਲਣ ਦੇ ਤਰੀਕੇ ਤੇ ਆਚਾਰ/ਸਾਈਲੇਜ ਬਣਾਉਣ ਬਾਰੇ ਪ੍ਰਦਰਸ਼ਨੀ ਲਗਾਈ ਜਾਏਗੀ। ਪਸ਼ੂ ਖ਼ੁਰਾਕ ਤੇ ਖ਼ੁਰਾਕੀ ਵਸਤਾਂ ਦੀ ਪ੍ਰਯੋਗਸ਼ਾਲਾ ਰਾਹੀਂ ਪਰਖ ਕਰਨ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਵੇਗੀ।

## ਸਿਹਤ ਸਮੱਸਿਆਵਾਂ ਤੇ ਮੁੱਢਲੀ ਸਹਾਇਤਾ

ਪਸ਼ੂਆਂ ਦੀਆਂ ਸਿਹਤ ਸਮੱਸਿਆਵਾਂ ਅਫਾਰਾ, ਲੰਙ ਮਾਰਨਾ, ਖੁਰ ਵਧਣੇ, ਲੇਵੇ ਦੀ ਸੋਜ਼, ਲਹੂ ਮੂਤਣ, ਧਾਤਾਂ ਦੀ ਘਾਟ ਤੋਂ ਰੋਕਥਾਮ ਬਾਰੇ ਮਾਹਿਰ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਮਲ੍ਹੱਪਾਂ ਤੇ ਚਿੱਚੜਾਂ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਛੁਟਕਾਰੇ ਦੇ ਉਪਾਅ ਦੱਸੇ ਜਾਣਗੇ। ਆਪ੍ਰੇਸ਼ਨ ਰਾਹੀਂ ਇਲਾਜਯੋਗ ਤਕਲੀਫ਼ਾਂ ਜਿਵੇਂ ਰਸੌਲੀ, ਸਰਨ, ਟੁੱਟੀ ਹੱਡੀ, ਬੰਨ੍ਹ ਪੈਣਾ, ਹਰਨੀਆਂ, ਪਿਸ਼ਾਬ ਦਾ ਬੰਨ, ਥਣਾਂ ਦੇ ਬੰਦ ਹੋਣ ਦਾ ਮੌਕੇ 'ਤੇ ਹੀ ਇਲਾਜ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਸ਼ੂਆਂ ਵਿਚ ਪ੍ਰਜਨਣ ਸਬੰਧੀ ਸਮੱਸਿਆਵਾਂ ਜਿਵੇਂ ਗੂੰਗਾ ਹੇਹਾ, ਪਸ਼ੂ ਦਾ ਹੇਹੇ 'ਚ ਨਾ ਆਉਣਾ, ਵਾਰ-ਵਾਰ ਫਿਰਨਾ, ਪਿੱਛਾ ਮਾਰਨਾ, ਬੱਚ ਸੁੱਟਣਾ, ਜੇਰ ਨਾ ਪੈਣਾ, ਬੱਚੇਦਾਨੀ ਦਾ ਵਲੇਵਾਂ ਆਦਿ ਤੋਂ ਬਚਾਅ ਤੇ ਇਲਾਜ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

ਪਸ਼ੂਆਂ ਨੂੰ ਸਿਹਤਮੰਦ ਰੱਖਣ ਲਈ ਬਿਮਾਰੀਆਂ ਤੋਂ ਬਚਾਅ, ਟੀਕਾਕਰਣ ਬਾਰੇ ਜਾਗਰੂਕ ਕੀਤਾ ਜਾਵੇਗਾ। ਪਸ਼ੂਆਂ ਦੀਆਂ ਬਿਮਾਰੀਆਂ ਦਾ ਕਾਰਨ ਲੱਭਣ ਲਈ ਦੁੱਧ, ਗੋਹੇ, ਖ਼ੂਨ, ਪਿਸ਼ਾਬ ਅਦਿ ਦੀ ਮੌਕੇ 'ਤੇ ਜਾਂਚ ਕੀਤੀ ਜਾਵੇਗੀ। ਯੂਨੀਵਰਸਿਟੀ ਦੇ ਪਸ਼ੂ ਹਸਪਤਾਲ 'ਚ ਮੌਜੂਦ ਸਹੂਲਤਾਂ ਐਕਸਰੇ, ਅਲਟਰਾਸਾਊਂਡ, ਪ੍ਰਯੋਗਸ਼ਾਲਾ, ਪੋਸਟ ਮਾਰਟਮ ਆਦਿ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਪਸ਼ੂਆਂ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਹਲਕਾਅ, ਤਪਦਿਕ ਆਦਿ ਦੀ ਜਾਂਚ ਤੇ ਬਚਾਅ ਬਾਰੇ ਜਾਗਰੂਕ ਕੀਤਾ ਜਾਵਗਾ। ਚਾਰਿਆਂ ਦੇ ਜ਼ਹਿਰਬਾਦ ਤੇ ਹੋਰ ਜ਼ਹਿਰਾਂ ਤੋਂ ਬਚਾਅ ਵਿਧੀਆਂ ਬਾਰੇ ਵੀ ਦੱਸਿਆ ਜਾਵੇਗਾ।

## ਨਵੀਆਂ ਬਿਮਾਰੀਆਂ ਤੇ ਐਮਰਜੈਂਸੀ ਸੇਵਾਵਾਂ

ਜਾਨਵਰਾਂ ਵਿਚ ਕੀਟਨਾਸ਼ਕ ਵਰਤਣ ਦੇ ਸਹੀ ਢੰਗਾਂ ਤੇ ਸਾਵਧਾਨੀਆਂ ਬਾਰੇ ਤਕਨੀਕੀ ਜਾਣਕਾਰੀ ਦੇਣ ਤੋਂ ਇਲਾਵਾ ਨਵੀਆਂ ਬਿਮਾਰੀਆਂ ਜਿਵੇਂ ਸਵਾਇਨ ਫਲੂ, ਮੈਡ ਕਾਓ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਉੱਲੀ ਤੇ ਉੱਲੀ ਰੋਗਾਂ ਦੀ ਸਮੱਸਿਆ ਅਤੇ ਬਚਾਅ ਬਾਰੇ ਉਪਾਅ ਦੱਸੇ ਜਾਣਗੇ। ਮੁਰਗੀਆਂ ਦੀਆਂ ਬਿਮਾਰੀਆਂ ਖ਼ਾਸ ਕਰਕੇ ਬਰਡ ਫਲੂ ਬਾਰੇ ਚਾਨਣਾ ਪਾਇਆ ਜਾਏਗਾ। ਦੁੱਧ, ਆਂਡਿਆਂ ਤੇ ਮਾਸ ਤੋਂ ਖਾਣਯੋਗ ਪਦਾਰਥ ਬਣਾਉਣ ਬਾਰੇ ਗਿਆਨ ਦਿੱਤਾ ਜਾਵੇਗਾ। ਯੂਨੀਵਰਸਿਟੀ 'ਚ ਮੌਜੂਦ ਐਮਰਜੈਂਸੀ ਸੇਵਾਵਾਂ ਅਤੇ ਐਂਬੂਲੈਂਸ ਆਦਿ ਬਾਰੇ ਵੀ ਤਫ਼ਸੀਲ ਨਾਲ ਜਾਣਕਾਰੀ ਦਿੱਤੀ ਜਾਵੇਗੀ।

## ਸਿਖਲਾਈ ਕੋਰਸ ਤੇ ਦਾਖ਼ਲੇ ਬਾਰੇ ਦਿੱਤੀ ਜਾਵੇਗੀ ਜਾਣਕਾਰੀ

ਪਸ਼ੂ ਪਾਲਕਾਂ ਤੇ ਕਿਸਾਨਾਂ ਨੂੰ ਮੱਛੀ ਪਾਲਣ, ਝੀਂਗਾ ਮੱਛੀ ਤੇ ਸਜਾਵਟੀ ਮੱਛੀਆਂ ਦੀ ਸਾਂਭ ਸੰਭਾਲ, ਬਿਮਾਰੀਆਂ ਤੇ ਕਿੱਤਾ ਕਰਨ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਪਾਲਤੂ ਜਾਨਵਰ ਕੁੱਤੇ, ਬਿੱਲੀਆਂ ਅਦਿ ਦੀ ਸਹੀ ਸੰਭਾਲ ਤੋਂ ਇਲਾਵਾ ਪਸ਼ੂ ਪਾਲਣ, ਬੱਕਰੀ ਪਾਲਣ, ਸੂਰ ਪਾਲਣ, ਮੁਰਗੀ ਬਟੇਰ, ਬਰਾਇਲਰ ਪਾਲਣ ਤੇ ਮੱਛੀ ਪਾਲਣ ਆਦਿ ਧੰਦਿਆਂ ਸੰਬਧੀ ਲਗਾਏ ਜਾਣ ਵਾਲੇ ਸਿਖਲਾਈ ਕੋਰਸਾਂ 'ਚ ਦਾਖ਼ਲੇ ਬਾਰੇ ਵੀ ਸੂਚਿਤ ਕੀਤਾ ਜਾਏਗਾ। ਮੇਲੇ 'ਚ ਆਏ ਪਸ਼ੂ ਪਾਲਕਾਂ ਦੀਆਂ ਸਮੱਸਿਆਵਾਂ ਦੇ ਮਾਹਿਰਾਂ ਵੱਲੋਂ ਜਵਾਬ ਦਿੱਤੇ ਜਾਣਗੇ। ਪਸ਼ੂਧਨ ਨਾਲ ਸਬੰਧਤ ਵੱਖ-ਵੱਖ ਸਰਕਾਰੀ ਵਿਭਾਗਾਂ ਜਿਵੇਂ ਪਸ਼ੂ ਪਾਲਣ ਵਿਭਾਗ, ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈੱਡ, ਮਾਰਕਫੈੱਡ ਵੱਲੋਂ ਆਪਣੇ ਵਿਭਾਗਾਂ ਵੱਲੋਂ ਪਸ਼ੂ ਪਾਲਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਦਵਾਈਆਂ, ਪਸ਼ੂ ਖ਼ੁਰਾਕ ਤੇ ਮਸ਼ੀਨਾਂ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਵੀ ਆਪਣੇ ਉਤਪਾਦਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਯੂਨੀਵਰਸਿਟੀ ਦੇ ਸਹਿਯੋਗ ਨਾਲ ਕੰਮ ਕਰ ਰਹੀਆਂ ਪਸ਼ੂ ਪਾਲਕਾਂ ਦੀਆਂ ਜਥੇਬੰਦੀਆਂ ਵੱਲੋਂ ਵੀ ਮੇਲੇ ਵਿਚ ਆਪਣੇ ਸਟਾਲ ਲਗਾਏ ਜਾਣਗੇ। ਯੂਨੀਵਰਸਿਟੀ ਵਿਚ ਪੜ੍ਹਾਈ ਅਤੇ ਬੱਚਿਆਂ ਦੇ ਦਾਖ਼ਲੇ ਦੀ ਪ੍ਰਕਿਰਿਆ ਬਾਰੇ ਵੀ ਦੱਸਿਆ ਜਾਵੇਗਾ। •

### ਮਾਣ-ਸਨਮਾਨ

ਪਸ਼ੂ ਪਾਲਣ ਯੂਨੀਵਰਸਿਟੀ ਪਸ਼ੂ ਪਾਲਕਾਂ ਨੂੰ ਮਿਆਰੀ ਸਹੂਲਤਾਂ ਦੇਣ ਕਾਰਨ ਲਗਾਤਾਰ ਬੁਲੰਦੀਆਂ ਵੱਲ ਵਧ ਰਹੀ ਹੈ। ਇਸੇ ਲਈ ਭਾਰਤੀ ਖੇਤੀ ਖੋਜ ਪ੍ਰੀਸ਼ਦ ਵੱਲੋਂ ਕੁਝ ਸਮਾਂ ਪਹਿਲਾਂ ਹੀ ਇਸ ਯੂਨੀਵਰਸਿਟੀ ਨੂੰ ਦੇਸ਼ ਦੀ ਅੱਵਲ ਪਸ਼ੂ ਵਿਗਿਆਨ ਯੂਨੀਵਰਸਿਟੀ ਐਲਾਨਿਆ ਗਿਆ ਹੈ। ਪਸ਼ੂ ਪਾਲਕਾਂ ਨੂੰ ਉਤਸ਼ਾਹਿਤ ਕਰਨ ਲਈ ਮਾਰਚ ਮੇਲੇ ਵਿਚ ਗਾਂਵਾਂ, ਮੱਝਾਂ, ਬੱਕਰੀਆਂ, ਸੂਰ, ਮੁਰਗੀਆਂ, ਮੱਛੀਆਂ ਤੇ ਪਸ਼ੂਧਨ ਉਤਪਾਦ ਬਨਾਉਣ ਵਾਲੇ ਅਗਾਂਹਵਧੂ ਪਸ਼ੂ ਪਾਲਕਾਂ ਨੂੰ ਮੁੱਖ ਮੰਤਰੀ ਪੁਰਸਕਾਰਾਂ ਨਾਲ ਨਿਵਾਜਿਆ ਜਾਂਦਾ ਹੈ, ਜਿਸ ਵਿਚ ਨਕਦ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰ ਤੇ ਦੁਸ਼ਾਲਾ ਭੇਟ ਕੀਤਾ ਜਾਂਦਾ ਹੈ।





# ਖ਼ਾਲਸਾ ਕਾਲਜ ਇੰਜੀਨੀਅਰਿੰਗ ਵਿਖੇ 11ਵੀਂ ਸਾਲਾਨਾ ਐਥਲੈਟਿਕ ਮੀਟ ਕਰਵਾਈ ਗਈ

ਕੌਮੀ ਪਤ੍ਰਿਕਾ
ਕ੍ਰਿਸ਼ਨ ਸਿੰਘ ਦੁਸਾਂਝ

ਅੰਮ੍ਰਿਤਸਰ, 21 ਫਰਵਰੀ : ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਵਿਦਿਆਰਥੀਆਂ 'ਚ ਖੇਡ ਅਤੇ ਏਕਤਾ ਦੀ ਭਾਵਨਾ ਨੂੰ ਉਜਾਗਰ ਕਰਨ ਦੇ ਮਕਸਦ ਤਹਿਤ 11ਵੀਂ ਸਾਲਾਨਾ ਐਥਲੈਟਿਕ ਮੀਟ ਕਰਵਾਈ ਗਈ। ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਸਮਾਗਮ ਮੌਕੇ ਦੌੜ, ਲੰਬੀ ਛਾਲ, ਸ਼ਾਟਪੁੱਟ, ਰੱਸਾਕਸ਼ੀ, ਸ਼ਤਰੰਜ, ਬੈਡਮਿੰਟਨ, ਵਾਲੀਬਾਲ, ਫੁੱਟਬਾਲ ਵਰਗੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਉਕਤ ਪ੍ਰੋਗਰਾਮ ਦੀ ਸ਼ੁਰੂਆਤ ਡਾ. ਮੰਜੂ ਬਾਲਾ ਵੱਲੋਂ ਸ਼ਮ?ਹਾ ਰੌਸ਼ਨ ਕਰਨ ਉਪਰੰਤ ਅਸਮਾਨ 'ਚ ਰੰਗ-ਬਿਰੰਗੇ ਗੁਬਾਰੇ ਛੱਡ ਕੇ ਕੀਤੀ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਇਕ ਅਨੁਸ਼ਾਸਿਤ ਅਤੇ ਤਾਲਮੇਲ ਵਾਲਾ ਮਾਰਚ-ਪਾਸਟ ਕੀਤਾ ਗਿਆ। ਇਸ ਮੌਕੇ ਡਾ. ਮੰਜੂ ਬਾਲਾ ਨੇ ਕਿਹਾ ਕਿ ਮਨੁੱਖੀ ਜੀਵਨ ਦੇ ਸਰਵਪੱਖੀ ਵਿਕਾਸ ਲਈ ਖੇਡਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਖੇਡਾਂ ਟੀਮ ਵਰਕ, ਦ੍ਰਿੜਤਾ ਅਤੇ ਅਡਿੱਗਤਾ ਵਰਗੀਆਂ ਮੁੱਲਵਾਨ ਸਿੱਖਿਆ ਦਿੰਦੀਆਂ ਹਨ। ਉਨ੍ਹਾਂ ਨੇ ਸਰੀਰਿਕ ਅਤੇ ਮਾਨਸਿਕ ਤੰਦਰੁਸਤੀ ਦੋਵਾਂ ਨੂੰ ਉਤਸ਼ਾਹਿਤ ਕਰਨ 'ਚ ਖੇਡਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦਿਆਂ ਵਿਦਿਆਰਥੀਆਂ ਨੂੰ ਖੇਡ ਗਤੀਵਿਧੀਆਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅਸਲ ਜਿੱਤ ਸਿਰਫ ਤਗਮੇ ਹਾਸਲ ਕਰਨ 'ਚ ਨਹੀਂ, ਸਗੋਂ ਖੇਡਾਂ 'ਚ ਹਿੱਸਾ ਲੈਣ ਅਤੇ ਚੰਗੇ ਵਿਵਹਾਰ ਦਾ ਪ੍ਰਦਰਸ਼ਨ ਕਰਨ 'ਚ ਹੈ । ਉਨ੍ਹਾਂ ਕਿਹਾ ਕਿ ਹਰੇਕ ਮੁਕਾਬਲਾ ਖ਼ੁਦ ਨੂੰ ਚੁਣੌਤੀ ਦੇਣ, ਨਿੱਜੀ ਹੱਦਾਂ ਤੋਂ ਪਰੇ ਜਾਣ ਅਤੇ ਮਜ਼ਬੂਤ ਉਭਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ 'ਚ ਜਿੱਤ ਸਿਰਫ਼ ਜਿੱਤਣ ਬਾਰੇ ਨਹੀਂ ਹੈ, ਸਫਲਤਾ ਦਾ ਅਸਲ ਮਾਪ ਭਾਗੀਦਾਰੀ, ਇਮਾਨਦਾਰੀ ਅਤੇ ਚਰਿੱਤਰ 'ਚ ਵੀ ਹੈ, ਜੋ ਵਿਅਕਤੀ ਮੈਦਾਨ ਦੇ ਅੰਦਰ ਅਤੇ ਬਾਹਰ ਦਿਖਾਉਂਦਾ ਹੈ। ਇਸ ਮੌਕੇ ਉਨ੍ਹਾਂ ਉਕਤ ਜੇਤੂ ਆਏ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਸਰਵੋਤਮ ਐਥਲੀਟ ਲੜਕੀਆਂ 'ਚ ਮਹਿਕਦੀਪ ਕੌਰ, ਸਰਵੋਤਮ ਐਥਲੀਟ ਲੜਕੇ ਮੁਹੰਮਦ ਨੂਰ ਚੁਣਿਆ ਗਿਆ। ਜਦਕਿ ਰਾਜਾ ਬਾਬੂ ਨੇ 100 ਮੀਟਰ ਲੜਕਿਆਂ




'ਚ ਪਹਿਲਾ ਅਤੇ ਪ੍ਰਾਚੀ ਨੇ 100 ਮੀਟਰ ਲੜਕੀਆਂ ਦੀ ਦੌੜ ਦੌਰਾਨ ਪਹਿਲਾ ਸਥਾਨ ਹਾਸਲ ਕੀਤਾ.ਇਸੇ ਤਰ੍ਹਾਂ 200 ਮੀਟਰ ਦੀ ਦੌੜ ਲੜਕਿਆਂ 'ਚ ਤਾਦੀਵਾਨਸ਼ੇ ਅਤੇ ਮੁਹੰਮਦ ਨੂਰ ਆਲਮ ਨੇ 800 ਮੀਟਰ ਅਤੇ 1600 ਮੀਟਰ ਦੌੜ ਲੜਕਿਆਂ ਦੀ ਖੈਰੀ ਅਹਿਮਦ ਨੇ ਜਿੱਤੀ। ਉਨ੍ਹਾਂ ਕਿਹਾ ਕਿ ਮੋਨੂ ਸ਼ਰਮਾ ਅਤੇ ਮਹਿਕਦੀਪ ਕੌਰ ਦੋਵੇਂ ਹੀ ਲੰਬੀ ਛਾਲ ਲੜਕਿਆਂ ਅਤੇ ਲੜਕੀਆਂ 'ਚ ਜੇਤੂ ਰਹੇ। ਸ਼ਾਟਪੁੱਟ ਲੜਕਿਆਂ ਅਤੇ ਲੜਕੀਆਂ ਦੇ ਅਰਸਲਾਨ ਅਤੇ ਆਕਾਸ਼ਦੀਪ ਪੰਨੂ ਨੂੰ ਕ੍ਰਮਵਾਰ ਜੇਤੂ ਐਲਾਨਿਆ ਗਿਆ। ਪੈਰਾ ਮੈਡੀਕਲ ਸਾਇੰਸ ਵਿਭਾਗ ਨੇ ਲੜਕੀਆਂ 'ਚ ਰੱਸਾਕਸ਼ੀ ਦਾ ਮੁਕਾਬਲਾ ਜਿੱਤਿਆ, ਜਦੋਂ ਕਿ ਇੰਜੀਨੀਅਰਿੰਗ ਵਿਭਾਗ ਨੇ ਲੜਕਿਆਂ 'ਚ ਟਗ ਆਫ਼ ਵਾਰ ਜਿੱਤਿਆ.ਸ਼ਤਰੰਜ ਟੂਰਨਾਮੈਂਟ ਮਨਵੀਰ ਸਿੰਘ ਅਤੇ ਮਹਿਕ ਲਕਸ਼ਮੀ ਨੇ ਜਿੱਤਿਆ। ਲੜਕਿਆਂ ਦੇ ਬੈਡਮਿੰਟਨ ਟੂਰਨਾਮੈਂਟ ਦੇ ਜੇਤੂ ਸੋਰਵ ਅਤੇ ਅੰਕੁਲ ਸਨ, ਜਦੋਂ ਕਿ ਲੜਕੀਆਂ 'ਚ ਸ਼?ਰੀਜਲਾ ਰਾਣਾ ਅਤੇ ਸੰਜਨਾ ਜੇਤੂ ਰਹੀਆਂ। ਉਨ੍ਹਾਂ ਕਿਹਾ ਕਿ ਇਸ ਦੌਰਾਨ ਵਾਲੀਬਾਲ ਟੂਰਨਾਮੈਂਟ ਕਾਲਜ ਦੇ ਇੰਜੀਨੀਅਰਿੰਗ ਵਿੰਗ ਨੇ ਜਿੱਤਿਆ, ਜਦੋਂ ਕਿ ਪੈਰਾ ਮੈਡੀਕਲ ਵਿੰਗ ਨੇ ਫੁੱਟਬਾਲ ਟੂਰਨਾਮੈਂਟ ਜਿੱਤਿਆ। ਉਨ੍ਹਾਂ ਕਿਹਾ ਕਿ ਸਪੋਰਟਸ ਮੀਟ ਦੇ ਆਖਰੀ ਦਿਨ ਬੈਡਮਿੰਟਨ, ਸ਼ਾਟਪੁੱਟ, ਵਾਲੀਬਾਲ, 100 ਮੀਟਰ ਦੌੜ ਅਤੇ ਰੱਸਾਕਸ਼ੀ ਵਰਗੇ ਵੱਖ.:.ਵੱਖ ਮੁਕਾਬਲੇ ਫੈਕਲਟੀ ਅਤੇ ਸਟਾਫ ਮੈਂਬਰਾਂ ਲਈ ਕਰਵਾਏ ਗਏ, ਜਿਸ 'ਚ ਫੈਕਲਟੀ ਮੈਂਬਰਾਂ 'ਚ ਐਡਮਿਨ ਬਲਾਕ ਤੋਂ ਆਸ਼ੀਸ਼ ਧੀਮਾਨ ਨੂੰ ਸਰਵੋਤਮ ਐਥਲੀਟ ਐਲਾਨਿਆ ਗਿਆ।

### ਪੰਜਾਬ ਨੂੰ ਅਪਰਾਧੀਆਂ ਤੇ 'ਆਪ' ਦੇ ਕੁਸ਼ਾਸਨ ਤੋਂ ਬਚਾਉਣ ਦੀ ਲੋੜ: ਪਰਗਟ ਸਿੰਘ

ਜਲੰਧਰ 21 ਫਰਵਰੀ। ਕਾਂਗਰਸੀ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪਰਗਟ ਸਿੰਘ ਨੇ ਤਰਨ ਤਾਰਨ ਵਿਚ ਵਿਆਹ ਸਮਾਗਮ ਵਿਚ ਆਮ ਆਦਮੀ ਪਾਰਟੀ ਦੇ ਸਰਪੰਚ ਦੇ ਕਤਲ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ। ਅਪਰਾਧ ਤੇ ਮੌਤਾਂ ਦਾ ਇਹ ਨੰਗਾ ਨਾਚ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਨੂੰ ਅਪਰਾਧੀਆਂ ਅਤੇ ਆਮ ਆਦਮੀ ਪਾਰਟੀ ਦੇ ਕੁਸ਼ਾਸਨ ਤੋਂ ਬਚਾਉਣ ਦੀ ਲੋੜ ਹੈ। ਪਰਗਟ ਸਿੰਘ ਨੇ ਟਵੀਟ ਕੀਤਾ, ਤਰਨ ਤਾਰਨ ਵਿਚ ਵਿਆਹ ਸਮਾਗਮ ਦੌਰਾਨ ਦਿਨ ਦਿਹਾੜੇ ਆਮ ਆਦਮੀ ਪਾਰਟੀ ਦੇ ਸਰਪੰਚ ਦਾ ਗੋਲ?ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਤੋਂ ਕੁਝ ਦਿਨ ਪਹਿਲਾਂ ਜਲੰਧਰ ਵਿਚ ਵੀ ਇਕ ਰਾਜਨੀਤਿਕ ਕਤਲ ਹੋ ਚੁੱਕਿਆ ਹੈ। ਪੰਜਾਬ ਵਿਚ ਕਾਨੂੰਨ-ਵਿਵਸਥਾ ਪੂਰੀ ਤਰ੍ਹਾਂ ਢਹਿ ਚੁੱਕੀ ਹੈ। ਅਪਰਾਧ ਅਤੇ ਮੌਤਾਂ ਦਾ ਇਹ ਬੇਲਗਾਮ ਨੰਗਾ ਨਾਚ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

# ਯੁੱਧ ਨਸ਼ਿਆਂ ਵਿਰੁੱਧ ਦੀ ਸਫਲਤਾ ਦੇ ਦਾਅਵੇ ਹੋਏ ਬੇਨਕਾਬ : ਪ੍ਰਤਾਪ ਸਿੰਘ ਬਾਜਵਾ

ਚੰਡੀਗੜ੍ਹ 21 ਫਰਵਰੀ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ () ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੂਬੇ ਵਿੱਚ ਨਸ?ਿਆਂ ਦੀ ਗੰਭੀਰ ਸਥਿਤੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਨੇ ਸਰਕਾਰ ਦੀ 'ਨਸ?ਿਆਂ ਵਿਰੁੱਧ ਜੰਗ' ਦੀ ਸਫਲਤਾ ਦੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਨਾਕਾਮ ਦੱਸਿਆ ਹੈ। ਬਾਜਵਾ ਨੇ ਇੱਕ ਬਹੁਤ ਹੀ ਦੁਖਦਾਈ ਘਟਨਾ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਪੰਜਾਬ ਪੁਲਸ ਦੇ ਇੱਕ ਸੇਵਾ ਨਿਭਾ ਰਹੇ ਏ.ਐੱਸ.ਆਈ. () ਦੇ 26 ਸਾਲਾ ਪੁੱਤ ਦੀ ਕਥਿਤ ਤੌਰ 'ਤੇ ਨਸੇ ਦੀ ਓਵਰਡੋਜ ਕਾਰਨ ਮੌਤ ਹੋ ਗਈ ਹੈ। ਬਾਜਵਾ ਨੇ ਸਵਾਲ ਉਠਾਇਆ ਕਿ ਜੇਕਰ ਇੱਕ ਪੁਲਸ ਅਧਿਕਾਰੀ ਦਾ ਪਰਿਵਾਰ ਹੀ ਇਸ ਖਤਰੇ ਤੋਂ ਸੁਰੱਖਿਅਤ ਨਹੀਂ ਹੈ ਤਾਂ ਆਮ ਪੰਜਾਬੀ ਦੀ ਸੁਰੱਖਿਆ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ? ਪੀੜਤ ਏ.ਐੱਸ.ਆਈ. ਨੇ ਬਹੁਤ ਹੀ



ਨਿਰਾਸਾ ਵਿੱਚ ਕਿਹਾ ਹੈ ਕਿ ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਨਸ?ਿਆਂ ਤੋਂ ਬਚਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਪੰਜਾਬ ਛੱਡ ਦੇਣਾ ਚਾਹੀਦਾ ਹੈ। ਪ੍ਰਤਾਪ ਸਿੰਘ ਬਾਜਵਾ ਨੇ ਇਸ ਬਿਆਨ 'ਤੇ ਚਿੰਤਾ ਪ੍ਰਗਟ ਕਰਦਿਆਂ ਪੁੱਛਿਆ, "ਕੀ ਇਹੀ ਹੱਲ ਬਚਿਆ ਹੈ?" ਉਨ੍ਹਾਂ ਦੋਸ ਲਾਇਆ ਕਿ ਸੂਬੇ ਵਿੱਚ ਨਸੇ ਬਿਨਾਂ ਕਿਸੇ ਡਰ ਦੇ ਖੁੱਲ੍ਹੇਆਮ ਵਿਕ ਰਹੇ ਹਨ। ਬਾਜਵਾ ਨੇ ਸਰਕਾਰ 'ਤੇ ਸਿਰਫ ਪ੍ਰਚਾਰ ਕਰਨ ਦੇ ਦੋਸ ਲਾਉਂਦਿਆਂ ਕਿਹਾ ਕਿ ਇਸਤਿਹਾਰਾਂ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਪਰ ਜਮੀਨੀ ਪੱਧਰ 'ਤੇ ਕੋਈ ਨਤੀਜਾ ਨਜਰ ਨਹੀਂ ਆ ਰਿਹਾ। ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਕੀ ਇਹੀ ਉਨ੍ਹਾਂ ਦਾ ਉਹ "ਨਸਾ ਮੁਕਤ ਪੰਜਾਬ" ਹੈ ਜਿਸ ਦਾ ਵਾਅਦਾ ਚੋਣਾਂ ਦੌਰਾਨ ਕੀਤਾ ਗਿਆ ਸੀ? ਕਾਂਗਰਸੀ ਆਗੂ ਨੇ ਕਿਹਾ ਕਿ ਪੰਜਾਬ ਨੂੰ ਹੁਣ ਸਿਰਫ ਪੀ.ਆਰ. () ਸਟੰਟਾਂ ਦੀ ਨਹੀਂ, ਸਗੋਂ ਅਸਲ ਕਾਰਵਾਈ ਅਤੇ ਜਵਾਬਦੇਹੀ ਦੀ ਲੋੜ ਹੈ। ਉਨ੍ਹਾਂ ਚਿੰਤਾ ਜਤਾਈ ਕਿ ਦਾਅਵਿਆਂ ਨੂੰ ਹਕੀਕਤ ਵਿੱਚ ਬਦਲਣ ਤੋਂ ਪਹਿਲਾਂ ਹੋਰ ਕਿੰਨੀਆਂ ਨੌਜਵਾਨ ਜਾਨਾਂ ਇਸ ਨਸੇ ਦੀ ਭੇਟ ਚੜ੍ਹਨਗੀਆਂ। ਬਾਜਵਾ ਨੇ ਇਸ ਮੁੱਦੇ 'ਤੇ ਕਾਂਗਰਸ ਦੇ ਰਾਸਟਰੀ ਆਗੂਆਂ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਸਮੇਤ ਹੋਰਾਂ ਨੂੰ ਵੀ ਟੈਗ ਕਰਕੇ ਪੰਜਾਬ ਦੀ ਮੌਜੂਦਾ ਸਥਿਤੀ ਵੱਲ ਧਿਆਨ ਦਿਵਾਇਆ ਹੈ।

# ਪੰਜਾਬ 'ਚ ਹਰ ਰੋਜ਼ 8 ਔਰਤਾਂ ਦੀ ਕੈਂਸਰ ਨਾਲ ਹੋ ਰਹੀ ਮੌਤ: ਸੰਸਦ 'ਚ ਬਲਬੀਰ ਸਿੰਘ ਸੀਚੇਵਾਲ ਨੇ ਉਠਾਇਆ ਮੁੱਦਾ

ਨੈਸ਼ਨਲ ਡੈਸਕ 21 ਫਰਵਰੀ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਵਿੱਚ ਔਰਤਾਂ ਵਿੱਚ ਕੈਂਸਰ ਨਾਲ ਹੋਣ



ਵਾਲੀਆਂ ਮੌਤਾਂ ਦੀ ਵੱਧ ਰਹੀ ਗਿਣਤੀ 'ਤੇ ਸੰਸਦ ਵਿੱਚ ਗੰਭੀਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰ ਰੋਜ਼ ਔਸਤਨ 8 ਔਰਤਾਂ ਕੈਂਸਰ ਨਾਲ ਮਰ ਰਹੀਆਂ ਹਨ। ਉਨ੍ਹਾਂ ਇਸ ਮੁੱਦੇ ਨੂੰ ਸੂਬੇ ਦੇ ਵਜੂਦ ਲਈ ਚਿੰਤਾ ਦਾ ਵਿਸ਼ਾ ਦੱਸਿਆ। ਸੀਚੇਵਾਲ ਨੇ ਸ਼ੁੱਕਰਵਾਰ ਨੂੰ ਰਾਜ ਸਭਾ ਵਿੱਚ ਇੱਕ ਵਿਸ਼ੇਸ਼ ਜ਼ਿਕਰ ਰਾਹੀਂ ਇਹ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਔਰਤਾਂ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਜੋ ਕਿ ਬਹੁਤ ਚਿੰਤਾਜਨਕ ਹੈ। ਕੇਂਦਰੀ ਸਿਹਤ ਮੰਤਰੀ ਵੱਲੋਂ ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਤਾਜ਼ਾ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਿਰਫ਼ 2025 ਵਿੱਚ ਹੀ ਪੰਜਾਬ ਵਿੱਚ ਲਗਭਗ 2,700 ਔਰਤਾਂ ਦੀ ਕੈਂਸਰ ਨਾਲ ਮੌਤ ਹੋ ਚੁੱਕੀ ਹੈ। ਸੀਚੇਵਾਲ ਨੇ ਕਿਹਾ ਕਿ ਵਾਤਾਵਰਣ ਪ੍ਰਦੂਸ਼ਣ, ਖਾਸ ਕਰਕੇ ਦੂਸ਼ਿਤ ਪਾਣੀ, ਕੈਂਸਰ ਦੇ ਵਧ ਰਹੇ ਮਾਮਲਿਆਂ ਪਿੱਛੇ ਇੱਕ ਵੱਡਾ ਕਾਰਨ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਖੇਤੀਬਾੜੀ ਵਿੱਚ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਲੋਕਾਂ ਦੀ ਸਿਹਤ 'ਤੇ ਗੰਭੀਰ ਪ੍ਰਭਾਵ ਪਾ ਰਹੀ ਹੈ। ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਡੀਡੀਟੀ ਵਰਗੇ ਰਸਾਇਣਾਂ 'ਤੇ ਸਭ ਤੋਂ ਪਹਿਲਾਂ ਛਾਤੀ ਦੇ ਦੁੱਧ ਵਿੱਚ ਪਾਏ ਜਾਣ ਤੋਂ ਬਾਅਦ ਪਾਬੰਦੀ ਲਗਾਈ ਗਈ ਸੀ। ਇਹ ਸਾਬਤ ਕਰਦਾ ਹੈ ਕਿ ਜ਼ਹਿਰੀਲੇ ਰਸਾਇਣ ਸਿੱਧੇ ਮਨੁੱਖੀ ਸਰੀਰ ਤੱਕ ਪਹੁੰਚ ਰਹੇ ਹਨ। ਸੰਸਦ ਮੈਂਬਰ ਸੀਚੇਵਾਲ ਨੇ ਮੰਗ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਔਰਤਾਂ ਨੂੰ 100% ਮੁਫ਼ਤ ਕੈਂਸਰ ਇਲਾਜ ਮੁਹੱਈਆ ਕਰਵਾਉਣ। ਉਨ੍ਹਾਂ ਕਿਹਾ ਕਿ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਘੱਟੋ-ਘੱਟ 75 ਤੋਂ 80 ਪ੍ਰਤੀਸ਼ਤ ਦੀ ਸਬਸਿਡੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਇਲਾਜ ਦਾ ਖਰਚਾ ਚੁੱਕ ਸਕਣ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕੈਂਸਰ ਦੇ ਮਰੀਜ਼ਾਂ ਨੂੰ ਵਿਸ਼ੇਸ਼ ਅਤੇ ਗੁਣਵੱਤਾ ਵਾਲੀ ਸਿਹਤ ਸੰਭਾਲ ਮਿਲਣੀ ਚਾਹੀਦੀ ਹੈ, ਭਾਵੇਂ ਉਨ੍ਹਾਂ ਦਾ ਇਲਾਜ ਸਰਕਾਰੀ ਜਾਂ ਨਿੱਜੀ ਹਸਪਤਾਲ ਵਿੱਚ ਹੋਵੇ।

# ਪੰਜਾਬ ਦੇ ਲੋਕਾਂ ਦੇ ਪੈਸੇ ਨਾਲ ਆਪਣੀ ਛਵੀ ਚਮਕਾਉਣ 'ਚ ਲੱਗੀ ਮਾਨ ਸਰਕਾਰ: ਸੁਖਪਾਲ ਖਹਿਰਾ

ਕੌਮੀ ਪਤ੍ਰਿਕਾ

ਚੰਡੀਗੜ੍ਹ/ਜਲੰਧਰ 21 ਫਰਵਰੀ। ਸੀਨੀਅਰ ਕਾਂਗਰਸ ਆਗੂ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਮੋਗਾ ਵਿਚ ਨਸ਼ਿਆਂ ਖ਼?ਲਾਫ਼ ਕਥਿਤ ਮੁਹਿੰਮ ਦੇ ਨਾਂ ਹੇਠ ਕਰਵਾਈ ਗਈ ਸਿਆਸੀ ਰੈਲੀ ਲਈ ਸਰਕਾਰੀ ਖਜ਼ਾਨੇ, ਸਰਕਾਰੀ ਆਵਾਜਾਈ ਅਤੇ ਪ੍ਰਸ਼ਾਸਨਿਕ ਮਸ਼ੀਨਰੀ ਦੇ ਖੁੱਲ੍ਹੇ ਦੁਰਉਪਯੋਗ ਦੀ ਕੜੀ ਨਿੰਦਾ ਕੀਤੀ ਹੈ। ਖਹਿਰਾ ਨੇ ਦੋਸ਼ ਲਗਾਇਆ ਕਿ ਇਸ ਸਮਾਗਮ ਲਈ ਭੀੜ ਇਕੱਠੀ ਕਰਨ ਵਾਸਤੇ ਹਜ਼ਾਰਾਂ ਸਰਕਾਰੀ ਬੱਸਾਂ, ਸਰਕਾਰੀ ਵਾਹਨਾਂ ਅਤੇ ਪ੍ਰਸ਼ਾਸਨਿਕ ਸਰੋਤਾਂ ਨੂੰ ਵਰਤਿਆ ਗਿਆ ਹੈ, ਜਿਸ ਕਾਰਨ ਕਈ ਜ਼ਿਲ੍ਹਿਆਂ ਵਿਚ ਰੋਜ਼ਾਨਾ ਯਾਤਰੀਆਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਸਰਕਾਰੀ ਆਵਾਜਾਈ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਅਤੇ ਕਈ ਯਾਤਰੀ ਰਸਤੇ ਵਿਚ ਫਸੇ ਰਹੇ, ਜਿਸ ਨਾਲ ਆਮ ਲੋਕਾਂ ਪ੍ਰਤੀ ਸਰਕਾਰ ਦੀ ਅਸੰਵੇਦਨਸ਼ੀਲਤਾ ਸਾਹਮਣੇ ਆਈ ਹੈ। ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਲੋਕਾਂ ਦੇ ਟੈਕਸ ਦੇ ਪੈਸੇ 'ਤੇ ਆਪਣੀ ਛਵੀ ਚਮਕਾਉਣ ਲਈ ਸਰਕਾਰੀ ਮਸ਼ੀਨਰੀ ਨੂੰ ਰਾਜਨੀਤਿਕ ਸਾਧਨ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇਹ ਪੈਸਾ ਬੁਨਿਆਦੀ ਸੇਵਾਵਾਂ ਦੇ ਸੁਧਾਰ 'ਤੇ ਖਰਚ ਹੋਣਾ ਚਾਹੀਦਾ ਸੀ, ਉੱਥੇ ਸਰਕਾਰ ਇਸ ਨੂੰ ਰਾਜਨੀਤਿਕ ਦਿਖਾਵੇ ਅਤੇ ਪ੍ਰਚਾਰ 'ਤੇ ਬਰਬਾਦ ਕਰ ਰਹੀ ਹੈ। ਉਨ੍ਹਾਂ ਨੇ ਸਰਕਾਰ ਦੀ ਕਥਿਤ ਨਸ਼ਿਆਂ ਖ਼?ਲਾਫ਼



ਜੰਗ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਉਠਾਉਂਦੇ ਕਿਹਾ ਕਿ ਜ਼ਮੀਨੀ ਹਕੀਕਤ ਪੰਜਾਬ ਵਿਚ ਨਸ਼ਿਆਂ ਦੀ ਵਧਦੀ ਸਮੱਸਿਆ ਨੂੰ ਦਰਸਾਉਂਦੀ ਹੈ। ਖਹਿਰਾ ਨੇ ਕਿਹਾ ਕਿ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਨਸ਼ੇ ਦੀ ਲਤ, ਓਵਰਡੋਜ਼ ਨਾਲ ਮੌਤਾਂ ਅਤੇ ਨਸ਼ੀਲੇ ਪਦਾਰਥਾਂ ਦੀ ਆਸਾਨ ਉਪਲਬਧਤਾ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ, ਜੋ ਇਸ ਮਾਮਲੇ 'ਤੇ ਸਰਕਾਰ ਦੀ ਨਾਕਾਮੀ ਨੂੰ ਬੇਨਕਾਬ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨਸ਼ਿਆਂ ਦੇ ਖ਼ਾਤਮੇ ਲਈ ਗੰਭੀਰ ਹੈ ਤਾਂ ਇਸਨੂੰ ਸਪਲਾਈ ਨੈੱਟਵਰਕ ਤੋੜਨ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਮਜ਼ਬੂਤ ਕਰਨ ਅਤੇ ਡੀ ਅਡਿਕਸ਼ਨ ਤੇ ਪੁਨਰਵਾਸ ਸਹੂਲਤਾਂ ਦਾ ਵਿਸਥਾਰ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ, ਨਾ ਕਿ ਮਹਿੰਗੇ ਸਿਆਸੀ ਸਮਾਗਮਾਂ 'ਤੇ ਖਰਚ ਕਰਨ 'ਤੇ। ਖਹਿਰਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਰਾਜਨੀਤਿਕ ਮਕਸਦਾਂ ਲਈ ਜਨਤਕ ਸਰੋਤਾਂ ਦੇ ਦੁਰਉਪਯੋਗ ਨੂੰ ਰੋਕੇ ਅਤੇ ਇਹ ਯਕੀਨੀ ਬਣਾਏ ਕਿ ਸਰਕਾਰੀ ਆਵਾਜਾਈ ਅਤੇ ਪ੍ਰਸ਼ਾਸਨਿਕ ਮਸ਼ੀਨਰੀ ਦਾ ਇਸਤੇਮਾਲ ਸਿਰਫ਼ ਲੋਕ ਭਲਾਈ ਲਈ ਹੀ ਹੋਵੇ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਸੂਬੇ ਵਿਚ ਨਸ਼ਾ ਤਸਕਰੀ ਅਤੇ ਨਸ਼ੇ ਦੀ ਲਤ ਨੂੰ ਕਾਬੂ ਕਰਨ ਲਈ ਕੀਤੀ ਗਈ ਅਸਲ ਕਾਰਵਾਈ ਬਾਰੇ ਇਕ ਪਾਰਦਰਸ਼ੀ ਰਿਪੋਰਟ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪ੍ਰਚਾਰ ਆਧਾਰਿਤ ਸਮਾਗਮਾਂ ਦੀ ਬਜਾਏ ਠੋਸ ਕਾਰਵਾਈ 'ਤੇ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਪੰਜਾਬ ਦੇ ਲੋਕਾਂ ਨੂੰ ਸਿਆਸੀ ਨਾਟਕ ਨਹੀਂ, ਸਗੋਂ ਨਤੀਜੇ ਚਾਹੀਦੇ ਹਨ।

# ਤਨਖਾਹ 'ਚੋਂ ਵਸੂਲੀ ਕਰਨ ਵਾਲੀ 'ਆਪ' ਦੀ ਸਰਪੰਚ ਨੂੰ ਝਟਕਾ ! ਅਗਾਊਂ ਜ਼ਮਾਨਤ ਅਰਜੀ ਖਾਰਿਜ

ਕੌਮੀ ਪਤ੍ਰਿਕਾ

ਬਠਿੰਡਾ 21 ਫਰਵਰੀ। ਤਨਖਾਹ ਤੋਂ ਗੈਰਕਾਨੂੰਨੀ ਵਸੂਲੀ ਦੇ ਗੰਭੀਰ ਦੋਸ਼ਾਂ 'ਚ ਫਸੀ ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਮੌਜੂਦਾ ਸਰਪੰਚ ਸਤਵੀਰ ਕੌਰ ਨੂੰ ਵੱਡਾ ਝਟਕਾ ਲੱਗਿਆ ਹੈ। ਜ਼ਿਲ੍ਹਾ ਅਦਾਲਤ ਨੇ ਸੋਮਵਾਰ ਨੂੰ ਉਨ੍ਹਾਂ ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਿਜ ਕਰ ਦਿੱਤੀ। ਇਸ ਦੀ ਪੁਸ਼ਟੀ ਸ਼ਿਕਾਇਤਕਰਤਾ ਦੇ ਵਕੀਲ ਅੰਗਰੇਜ਼ ਸਿੰਘ ਸੋਹਲ ਨੇ ਕੀਤੀ ਹੈ। ਇਹ ਮਾਮਲਾ ਪਿੰਡ ਭਵਾਨੀਗੜ੍ਹ (ਭੁਖਿਆਵਾਲੀ), ਤਹਿਸੀਲ ਤਲਵੰਡੀ ਸਾਬੋ ਨਿਵਾਸੀ ਜਤਿੰਦਰ ਸਿੰਘ ਦੀ ਸ਼ਿਕਾਇਤ ਨਾਲ ਸੰਬੰਧਿਤ ਹੈ, ਜਿਸ ਨੇ ਸਾਲ 2023 ਵਿੱਚ ਵਿਜੀਲੈਂਸ ਬਿਊਰੋ ਨੂੰ ਸ਼ਿਕਾਇਤ ਦਿੱਤੀ ਸੀ। ਸ਼ਿਕਾਇਤਕਰਤਾ ਨੂੰ 24 ਜੁਲਾਈ 2023 ਨੂੰ ਪੰਜਾਬ ਸਟੇਟ ਵਨ ਡਿਵੈਲਪਮੈਂਟ ਕਾਰਪੋਰੇਸ਼ਨ ਵਿੱਚ ਆਊਟਸੋਰਸਿੰਗ ਰਾਹੀਂ ਡਰਾਈਵਰ ਨਿਯੁਕਤ ਕੀਤਾ ਗਿਆ ਸੀ ਅਤੇ ਉਸ ਦੀ ਡਿਊਟੀ ਨਿਗਮ ਦੇ ਚੇਅਰਮੈਨ ਰਾਕੇਸ਼ ਪੁਰੀ ਨਾਲ ਲਗਾਈ ਗਈ ਸੀ। ਸ਼ਿਕਾਇਤ ਵਿੱਚ ਦੋਸ਼ ਲਗਾਇਆ ਗਿਆ ਕਿ ਸਤਵੀਰ ਕੌਰ ਅਤੇ ਚੇਅਰਮੈਨ ਰਾਕੇਸ਼ ਪੁਰੀ ਨੇ ਮਿਲ ਕੇ ਨੌਕਰੀ 'ਤੇ ਕਾਇਮ ਰੱਖਣ ਦੇ ਬਦਲੇ



ਹਰ ਮਹੀਨੇ 10 ਹਜ਼ਾਰ ਰੁਪਏ ਦੀ ਮੰਗ ਕੀਤੀ, ਜਿਸ ਨੂੰ ਬਾਅਦ ਵਿੱਚ 8,500 ਰੁਪਏ ਮਹੀਨਾ ਤੈਅ ਕਰ ਦਿੱਤਾ ਗਿਆ। ਦੋਸ਼ ਹੈ ਕਿ ਦੋ ਮਹੀਨਿਆਂ ਦੀ ਤਨਖਾਹ ਵਿੱਚੋਂ 10 ਹਜ਼ਾਰ ਰੁਪਏ ਕਿਸ਼ਤ ਵਜੋਂ ਵਸੂਲ ਵੀ ਕੀਤੇ ਗਏ। ਜਦੋਂ ਸ਼ਿਕਾਇਤਕਰਤਾ ਅਤੇ ਉਸ ਦੇ ਮਾਤਾ-ਪਿਤਾ ਨੇ ਅੱਗੇ ਭੁਗਤਾਨ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਅਕਤੂਬਰ 2023 ਤੋਂ ਬਾਅਦ ਉਸ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਜਾਂਚ ਦੌਰਾਨ ਸ਼ਿਕਾਇਤਕਰਤਾ ਨੇ 11 ਆਡੀਓ ਅਤੇ ਵੀਡੀਓ ਰਿਕਾਰਡਿੰਗ ਵਿਜੀਲੈਂਸ ਬਿਊਰੋ ਨੂੰ ਸੌਂਪੀਆਂ, ਜਿਨ੍ਹਾਂ ਦੀ ਟ?ਾਂਸਕ੍ਰਿਪਟ ਉਸ ਦੀ ਮੌਜੂਦਗੀ ਵਿੱਚ ਤਿਆਰ ਕੀਤੀ ਗਈ। ਸ਼ੁਰੂਆਤੀ ਜਾਂਚ ਵਿੱਚ ਗੱਲਬਾਤ ਦੌਰਾਨ 8,500 ਰੁਪਏ ਮਹੀਨਾ ਲੈਣ ਅਤੇ ਪਹਿਲਾਂ 10 ਹਜ਼ਾਰ ਰੁਪਏ ਲੈਣ ਦੀ ਪੁਸ਼ਟੀ ਹੋਣ ਦਾ ਦਾਅਵਾ ਕੀਤਾ ਗਿਆ ਹੈ। ਰਿਕਾਰਡਿੰਗ ਵਿੱਚ ਚੇਅਰਮੈਨ ਰਾਕੇਸ਼ ਪੁਰੀ ਨਾਲ ਨੌਕਰੀ ਅਤੇ ਪੈਸਿਆਂ ਨੂੰ ਲੈ ਕੇ ਹੋਈ ਗੱਲਬਾਤ ਵੀ ਸ਼ਾਮਲ ਦੱਸੀ ਗਈ ਹੈ। ਜਾਂਚ ਦੇ ਆਧਾਰ 'ਤੇ ਭ੍ਰਿਸ਼ਟਾਚਾਰ ਨਿਵਾਰਣ ਅਧਿਨਿਯਮ, 1988 ਦੀ ਧਾਰਾ 7-ਏ ਹੇਠ ਸਤਵੀਰ ਕੌਰ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਨਾਲ ਹੀ ਚੇਅਰਮੈਨ ਰਾਕੇਸ਼ ਪੁਰੀ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਵਿਜੀਲੈਂਸ ਦਾ ਕਹਿਣਾ ਹੈ ਕਿ ਜੇ ਕਿਸੇ ਹੋਰ ਅਧਿਕਾਰੀ ਜਾਂ ਕਰਮਚਾਰੀ ਦੀ ਸੰਲਿਪਤਤਾ ਸਾਹਮਣੇ ਆਉਂਦੀ ਹੈ, ਤਾਂ ਉਸ ਨੂੰ ਵੀ ਜਾਂਚ ਵਿੱਚ ਸ਼ਾਮਲ ਕੀਤਾ ਜਾਵੇਗਾ। ਸ਼ਿਕਾਇਤਕਰਤਾ ਦੇ ਵਕੀਲ ਅੰਗਰੇਜ਼ ਸਿੰਘ ਸੋਹਲ ਨੇ ਦੋਸ਼ ਲਗਾਇਆ ਕਿ ਰਾਜਨੀਤਿਕ ਦਬਾਅ ਕਾਰਨ ਸ਼ੁਰੂ ਵਿੱਚ ਵਿਜੀਲੈਂਸ ਨੇ ਸ਼ਿਕਾਇਤ 'ਤੇ ਕਾਰਵਾਈ ਨਹੀਂ ਕੀਤੀ। ਇਸ ਤੋਂ ਬਾਅਦ ਹਾਈਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਗਈ, ਜਿਸ ਦੇ ਹੁਕਮ 'ਤੇ ਮਾਮਲਾ ਦਰਜ ਹੋਇਆ। ਹਾਈਕੋਰਟ ਵਿੱਚ ਅਗਲੀ ਸੁਣਵਾਈ 7 ਅਪ੍ਰੈਲ ਨੂੰ ਨਿਰਧਾਰਤ ਹੈ। ਹਾਲ ਹੀ ਵਿੱਚ ਸਤਵੀਰ ਕੌਰ ਨੇ ਜ਼ਿਲ੍ਹਾ ਅਦਾਲਤ ਵਿੱਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ, ਪਰ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਅਰਜ਼ੀ ਖਾਰਿਜ਼ ਕਰ ਦਿੱਤੀ। ਇਹ ਮਾਮਲਾ ਪੰਜਾਬ ਵਿੱਚ ਆਊਟਸੋਰਸਿੰਗ ਕਰਮਚਾਰੀਆਂ ਤੋਂ ਕਥਿਤ ਗੈਰਕਾਨੂੰਨੀ ਵਸੂਲੀ ਦੇ ਗੰਭੀਰ ਦੋਸ਼ਾਂ ਨੂੰ ਬੇਨਕਾਬ ਕਰਦਾ ਹੈ ਅਤੇ ਆਮ ਆਦਮੀ ਪਾਰਟੀ ਦੀ ਛਵੀ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ।

# ਨਿਹੰਗ ਸਿੰਘ ਵੱਲੋਂ ਸਾਥੀ ਨਿਹੰਗ 'ਤੇ ਤਲਵਾਰ ਨਾਲ ਹਮਲਾ, ਹੱਥ ਦਾ ਅੰਗੂਠਾ ਵੱਢਿਆ, ਪੀ. ਜੀ. ਆਈ. ਰੈਫ਼ਰ

ਜ਼ੀਰਕਪੁਰ 21 ਫਰਵਰੀ। ਬਲਟਾਣਾ ਦੇ ਹਰਮਿਲਾਪ ਨਗਰ 'ਚ ਦੋ ਨਿਹੰਗ ਸਿੰਘਾਂ ਵਿਚਾਲੇ ਹੋਏ ਝਗੜੇ ਦੌਰਾਨ ਸਾਥੀ ਨਿਹੰਗ 'ਤੇ ਤਲਵਾਰ ਨਾਲ ਹਮਲਾ ਕਰ ਦਿੱਤਾ ਗਿਆ, ਜਿਸ 'ਚ ਉਸ ਦਾ ਖੱਬੇ ਹੱਥ ਦਾ ਅੰਗੂਠਾ ਵੱਢਿਆ ਗਿਆ। ਗੰਭੀਰ ਹਾਲਤ ਕਾਰਨ ਉਸ ਨੂੰ ਚੰਡੀਗੜ੍ਹ ਸਥਿਤ ਪੀ. ਜੀ. ਆਈ. ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਨੂੰ ਦਿੱਤੀ ਜਾਣਕਾਰੀ ਮੁਤਾਬਕ ਸੁਖਮੰਦਰ ਸਿੰਘ (34) ਵਾਸੀ ਪਿੰਡ ਨਾਗਰਾ, ਜ਼ਿਲ੍ਹਾ ਸੰਗਰੂਰ ਇਸ ਵੇਲੇ ਬੁੱਢਾ ਦਲ 'ਚ ਸੇਵਾ ਨਿਭਾ ਰਿਹਾ ਹੈ। ਉਸ ਨੇ ਦੱਸਿਆ ਕਿ 13 ਫਰਵਰੀ ਦੀ ਰਾਤ ਉਸ ਦਾ ਸਾਥੀ ਹਰਜੋਤ ਸਿੰਘ ਜੋ ਬਲਟਾਣਾ ਦਾ ਰਹਿਣ ਵਾਲਾ ਹੈ, ਨੇ ਉਸ ਨੂੰ ਆਪਣੇ ਘਰ ਬੁਲਾਇਆ। ਦੋਵਾਂ ਵਿਚਾਲੇ ਬੈਠਕ ਦੌਰਾਨ ਤਕਰਾਰ ਹੋ ਗਈ ਜੋ ਦੇਖਦੇ ਹੀ ਦੇਖਦੇ ਹਿੰਸਕ ਰੂਪ ਧਾਰ ਗਈ। ਦੋਸ਼ ਹੈ ਕਿ ਕਰੀਬ ਰਾਤ 10 ਵਜੇ ਜਦ ਸੁਖਮੰਦਰ ਉੱਥੋਂ ਜਾਣ ਲੱਗਾ ਤਾਂ ਹਰਜੋਤ ਨੇ ਕਮਰੇ 'ਚ ਪਈ ਤਲਵਾਰ ਚੁੱਕ ਕੇ ਉਸ 'ਤੇ ਹਮਲਾ ਕਰ ਦਿੱਤਾ। ਬਚਾਅ ਦੌਰਾਨ ਸੁਖਮੰਦਰ ਦਾ ਖੱਬੇ ਹੱਥ ਦਾ ਅੰਗੂਠਾ ਤਲਵਾਰ ਨਾਲ ਵੱਢ ਕੇ ਵੱਖ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਨੇ ਉਸ ਦੇ ਸਰੀਰ ਦੇ ਹੋਰ ਹਿੱਸਿਆਂ 'ਤੇ ਵੀ ਵਾਰ ਕੀਤੇ, ਜਿਸ ਨਾਲ ਉਹ ਗੰਭੀਰ ਤੌਰ 'ਤੇ ਜ਼ਖਮੀ ਹੋ ਗਿਆ। ਚੀਕਾਂ ਸੁਣ ਕੇ ਆਸ-ਪਾਸ ਦੇ ਲੋਕ ਇਕੱਠੇ ਹੋ ਗਏ, ਜਿਸ ਤੋਂ ਬਾਅਦ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ। ਸਥਾਨਕ ਲੋਕਾਂ ਨੇ ਤੁਰੰਤ ਐਂਬੂਲੈਂਸ ਰਾਹੀਂ ਜ਼ਖਮੀ ਨੂੰ ਪਹਿਲਾਂ ਢਕੋਲੀ ਦੇ ਹਸਪਤਾਲ ਪਹੁੰਚਾਇਆ।




ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਸੈਕਟਰ-32 ਦੇ ਸਰਕਾਰੀ ਹਸਪਤਾਲ ਅਤੇ ਉੱਥੋਂ ਅੱਗੇ ਪੀ.ਜੀ.ਆਈ. ਚੰਡੀਗੜ੍ਹ ਰੈਫ਼ਰ ਕਰ ਦਿੱਤਾ ਗਿਆ। ਜ਼ੀਰਕਪੁਰ ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਹਰਜੋਤ ਸਿੰਘ ਖ਼?ਲਾਫ਼ ਕੇਸ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਅਧਿਕਾਰੀਆਂ ਮੁਤਾਬਕ ਮਾਮਲੇ ਦੀ ਜਾਂਚ ਜਾਰੀ ਹੈ ਤੇ ਜਲਦ ਹੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

# ਅੰਮ੍ਰਿਤਸਰ ਦੌਰੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਨੂੰ ਕੀਤਾ ਨਮਨ

ਕੌਮੀ ਪਤ੍ਰਿਕਾ
ਕ੍ਰਿਸ਼ਨ ਸਿੰਘ ਦੁਸਾਂਝ

ਅੰਮ੍ਰਿਤਸਰ 21 ਫਰਵਰੀ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਅੰਮ੍ਰਿਤਸਰ ਦੌਰੇ ਦੌਰਾਨ ਦਾਣਾਮੰਡੀ ਭਗਤਾਵਾਲਾ ਵਿਖੇ ਆਦਮੀ ਪਾਰਟੀ (ਆਪ) ਦੇ ਆਗੂਆਂ ਅਤੇ ਵਿਧਾਇਕਾਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਅੰਮ੍ਰਿਤਸਰ ਪਹੁੰਚਣ ਤੇ ਉਨ੍ਹਾਂ ਖ਼?ਲਾਫ਼ ਜ਼ਬਰਦਸਤ ਪ੍ਰਦਰਸ਼ਨ ਕੀਤਾ। ਇਸ ਮੌਕੇ ਆਪ ਆਗੂਆਂ ਕਾਲੀਆਂ ਝੰਡੀਆਂ ਦਿਖਾ ਅਤੇ ਸਿਰਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਉਨ੍ਹਾਂ ਉਨ੍ਹਾਂ ਦੇ ਆਉਣ ਤੇ ਜਮ ਕੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਪੱਤਰਕਾਰਾਂ ਨਾਲ ਗੱਬਾਤ ਕਰਦਿਆ ਹਲਕਾ ਵਿਧਾਇਕ ਅਜੇ ਗੁਪਤਾ ਨੇ ਕਿਹਾ ਕਿ ਭਾਜਪਾ ਨੇ ਹਮੇਸ਼ਾ ਹੀ ਪੰਜਾਬ ਵਿਰੋਧੀ ਰੁਖ ਅਪਣਾਇਆ ਹੈ। ਨਾਇਬ ਸਿੰਘ ਸੈਣੀ ਅੰਮ੍ਰਿਤਸਰ ਦੀ ਦਾਣਾ ਮੰਡੀ ਭਗਤਾਵਾਲਾ ਵਿਖੇ ਇੱਕ ਰੈਲੀ ਵਿੱਚ ਸ਼ਾਮਲ ਹੋਣ ਦੇ ਨਾਲਾ ਨਾਲ ਅਤੇ ਸੈਣੀ ਭਾਈਚਾਰੇ ਦੇ ਇੱਕ ਸਮਾਗਮ ਵਿੱਚ ਹਿੱਸਾ ਲੈਣ ਪਹੁੰਚੇ ਸਨ। ਆਪ ਆਗੂਆਂ ਰੈਲੀ ਜਗ?ਹਾ 'ਤੇ 'ਆਪ' ਵਿਧਾਇਕਾਂ ਅਤੇ ਆਗੂਆਂ ਨੇ ਉਨ੍ਹਾਂ ਦੇ ਕਾਫਲੇ ਵਿਰੁੱਧ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਪ੍ਰਤੀ ਭਾਜਪਾ ਦੇ ਮੱਤਰੇਈ ਮਾਂ ਵਾਲੇ ਰਵੱਈਏ 'ਤੇ ਜਮ ਕੇ ਨਾਰਾਜ਼ਗੀ ਪ੍ਰਗਟ ਕੀਤੀ। 'ਆਪ' ਆਗੂਆਂ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪੇਂਡੂ ਵਿਕਾਸ, ਸਿਹਤ, ਸਿੱਖਿਆ ਅਤੇ ਹੋਰ ਖੇਤਰਾਂ ਨਾਲ ਸਬੰਧਤ ਪੰਜਾਬ ਦੇ ਹੱਕੀ ਫੰਡਾਂ ਨੂੰ ਵਾਰ-ਵਾਰ ਰੋਕਿਆ ਹੈ, ਜਦਕਿ ਨਾਲ ਹੀ ਸਿਆਸੀ ਦੌਰਿਆਂ ਅਤੇ ਬਿਆਨਬਾਜ਼ੀ ਰਾਹੀਂ ਸੂਬੇ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਦਰਸ਼ਨ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਜੀਵਨ ਜੋਤ ਕੌਰ ਨੇ ਕਿਹਾ ਕਿ ਅਸੀਂ ਅੱਜ ਇਸ ਲਈ ਵਿਰੋਧ ਕਰ ਰਹੇ ਹਾਂ ਕਿਉਂਕਿ ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਭਾਜਪਾ ਕਿਸ ਮੂੰਹ ਨਾਲ ਪੰਜਾਬ ਆ ਰਹੀ ਹੈ? ਉਹ ਇੱਥੋਂ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ? ਜਨਤਾ ਚੰਗੀ ਤਰ੍ਹਾਂ ਜਾਣਦੀ ਹੈ ਕਿ ਭਾਜਪਾ ਨੇ ਪੰਜਾਬ ਦੇ ਹੱਕੀ ਫੰਡ ਰੋਕੇ ਹੋਏ ਹਨ, ਚਾਹੇ ਉਹ ਸਿਹਤ, ਸਿੱਖਿਆ ਜਾਂ ਵਿਕਾਸ ਲਈ ਹੋਣ। ਪੰਜਾਬੀ ਭਾਜਪਾ ਦੇ ਕਿਸਾਨ ਵਿਰੋਧੀ, ਵਪਾਰ ਵਿਰੋਧੀ ਅਤੇ ਸਿੱਖਿਆ ਵਿਰੋਧੀ ਚਿਹਰੇ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਭੋਲੇ ਨਹੀਂ ਹਨ। ਉਹ ਸਮਝਦੇ ਹਨ ਕਿ ਭਾਜਪਾ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਕੰਮ ਕੀਤਾ ਹੈ। ਅੱਜ ਦਾ ਪ੍ਰਦਰਸ਼ਨ ਇੱਕ ਸਪੱਸ਼ਟ ਸੰਦੇਸ਼ ਹੈ ਕਿ ਪੰਜਾਬ ਦੇ ਲੋਕ ਝੂਠੇ ਪ੍ਰਚਾਰ ਨਾਲ ਗੁਮਰਾਹ ਨਹੀਂ ਹੋਣਗੇ। 'ਆਪ' ਆਗੂ ਨੀਲ ਗਰਗ ਨੇ ਵੀ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਨੂੰ ਪੰਜਾਬ ਵਿੱਚ ਆਪਣੀ ਪਾਰਟੀ ਦਾ ਪ੍ਰਚਾਰ ਕਰਨ ਦਾ ਪੂਰਾ ਅਧਿਕਾਰ ਹੈ, ਪਰ ਇਹ ਨਾ ਭੁੱਲੋ ਕਿ ਤੁਸੀਂ ਹਰਿਆਣਾ ਦੇ ਮੁੱਖ ਮੰਤਰੀ ਹੋ। ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਬੇਬੁਨਿਆਦ ਸਵਾਲ ਉਠਾ ਕੇ ਲੋਕਾਂ ਨੂੰ ਗੁਮਰਾਹ ਨਾ ਕਰੋ। ਅੰਕੜਿਆਂ ਦਾ ਹਵਾਲਾ ਦਿੰਦਿਆਂ ਨੀਲ ਗਰਗ ਨੇ ਕਿਹਾ, ÷ਕੇਂਦਰੀ ਏਜੰਸੀਆਂ ਦੀਆਂ ਰਿਪੋਰਟਾਂ ਸਪੱਸ਼ਟ ਤੌਰ 'ਤੇ ਦਰਸਾਉਂਦੀਆਂ ਹਨ ਕਿ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਮਾਮਲੇ ਵਿੱਚ ਪੰਜਾਬ ਹਰਿਆਣਾ ਨਾਲੋਂ ਬਿਹਤਰ ਹੈ। ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੰਜਾਬ ਦੇਸ਼ ਵਿੱਚ ਦੂਜੇ ਨੰਬਰ 'ਤੇ ਹੈ, ਜਦਕਿ ਅਪਰਾਧ ਦਰ ਵਿੱਚ ਇਹ ਹਰਿਆਣਾ ਨਾਲੋਂ ਕਿਤੇ ਹੇਠਾਂ ਹੈ। ਹਰਿਆਣਾ ਵਿੱਚ 2023 ਵਿੱਚ 1,000 ਤੋਂ ਵੱਧ ਕਤਲ ਹੋਏ



ਅਤੇ 2024 ਵਿੱਚ 900 ਤੋਂ ਵੱਧ। ਉੱਥੇ ਔਰਤਾਂ ਅਤੇ ਦਲਿਤਾਂ 'ਤੇ ਅੱਤਿਆਚਾਰ ਕਾਫੀ ਜ਼ਿਆਦਾ ਹਨ। ਪੰਜਾਬ ਨੂੰ ਪੰਜਾਬ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਹਰਿਆਣਾ ਸਰਕਾਰ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਸਾਨਾਂ ਦੇ ਕਰਜ਼ੇ ਬਾਰੇ ਭਾਜਪਾ ਦੇ ਦਾਅਵਿਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਦੇ ਕਿਸਾਨਾਂ 'ਤੇ ਕਰਜ਼ੇ ਦਾ ਬੋਝ ਉਸ ਸਮੇਂ ਦੌਰਾਨ ਕਾਫੀ ਵਧਿਆ ਜਦੋਂ ਇੱਥੇ ਭਾਜਪਾ ਸੱਤਾ ਵਿੱਚ ਸੀ। ਇਸ ਤੋਂ ਇਲਾਵਾ ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਦੇ ਪੱਧਰ ਵਿੱਚ ਕੋਈ ਵੱਡਾ ਅੰਤਰ ਨਹੀਂ ਹੈ। ਝੂਠੇ ਬਿਆਨ ਤੱਥਾਂ ਨੂੰ ਨਹੀਂ ਬਦਲ ਸਕਦੇ। ਇਸ ਮੌਕੇ ਵਿਧਾਇਕ ਡਾ. ਅਜੇ ਗੁਪਤਾ, ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ ਪ੍ਰਭਬੀਰ ਸਿੰਘ ਬਰਾੜ, ਲੋਕ ਸਭਾ ਇੰਚਾਰਜ ਜਸਕਰਨ ਬਦੇਸ਼ਾ, ਵਿਧਾਇਕ ਜੀਵਨ ਜੋਤ ਕੌਰ, ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਗੁਰਪ੍ਰਤਾਪ ਸਿੰਘ ਸੰਧੂ, ਅਰਵਿੰਦਰ ਸਿੰਘ ਭੱਟੀ, ਵਰੁਣ ਰਾਣਾ, ਸਤਨਾਮ ਸਿੰਘ ਮਠਾਰੂ, ਡਾ. ਇੰਦਰਪਾਲ, ਗੁਰਦਰਸ਼ਨ ਸਿੰਘ ਗੋਲਡੀ, ਮਨਦੀਪ ਮੋਂਗਾ, ਬਲਬੀਰ ਬੋਪਾਰਾਏ, ਵਿਸਾਖਾ ਸਿੰਘ, ਰਮਨ ਕੁਮਾਰ, ਬੌਬੀ ਬਾਵਾ, ਵਿਕਰਮਜੀਤ ਵਿੱਕੀ, ਬਲਜੀਤ ਸਿੰਘ ਰਿੰਕੂ, ਸੁਖਚੈਨ ਸਿੰਘ ਤਲਵੰਡੀ, ਰਾਜਬੀਰ ਸਿੰਘ, ਲਵਪ੍ਰੀਤ ਸਿੰਘ, ਲਖਬੀਰ ਸਿੰਘ, ਦਲਜੀਤ ਸਿੰਘ, ਗੁਰਪ੍ਰੀਤ ਕਟਾਰੀਆ, ਗੌਰਵ ਅਗਰਵਾਲ, ਸਤਪਾਲ ਸੋਖੀ, ਕਾਮਨਾ ਆਨੰਦ, ਸਰਬਜੀਤ ਬੱਲ ਅਤੇ ਅਸ਼ੋਕ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਹਾਜ਼ਰ ਸਨ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਅੰਮ੍ਰਿਤਸਰ ਗੁਰੂਆਂ ਦੀ ਪਵਿੱਤਰ ਧਰਤੀ 'ਤੇ ਨਤਮਸਤਕ ਹੁੰਦਿਆ ਕਿਹਾ ਕਿ ਇਸ ਪਾਕ-ਪਵਿੱਤਰ ਸ਼ਹਿਰ ਦਾ ਦੌਰਾ ਕਰਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਸਾਹਿਬ ਸਿੰਘ ਸਾਬੀ ਮੁੱਛਲ ਦੀ ਅਗਵਾਈ ਹੇਠ ਭਗਤਾਂ ਵਾਲਾ ਦਾਣਾ ਮੰਡੀ ਵਿਖੇ ਆਯੋਜਿਤ (ਪੰਜਾਬ ਬਚਾਓ ਰੈਲੀ) ਨੂੰ ਸੰਬੋਧਨ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੀ ਮੌਜੂਦਾ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ। ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ, ਜੋ ਕਿ ਪੰਜਾਬ ਵਿੱਚ ਸੱਤਾ ਵਿੱਚ ਰਹੀਆਂ ਹਨ, ਨੇ ਪੰਜਾਬ ਦੇ ਲੋਕਾਂ ਨਾਲ ਕੀਤਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਦੋਵਾਂ ਪਾਰਟੀਆਂ ਨੇ ਸਿਰਫ਼ ਵੱਡੇ ਸੁਪਨੇ ਦਿਖਾ ਕੇ ਵੋਟਾਂ ਬਟੋਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਨਾਲ ਪੰਜਾਬ ਵਿਕਾਸ ਦੀ ਦੌੜ ਵਿੱਚ ਪਛੜ ਗਿਆ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਨੌਜਵਾਨਾਂ ਲਈ ਠੋਸ ਰੁਜ਼ਗਾਰ ਯੋਜਨਾਵਾਂ ਬਣਾਈਆਂ ਗਈਆਂ ਹਨ ਅਤੇ ਨਾ ਹੀ ਕਿਸਾਨਾਂ, ਔਰਤਾਂ ਅਤੇ ਗਰੀਬਾਂ ਲਈ ਕੋਈ ਪ੍ਰਭਾਵਸ਼ਾਲੀ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ। ਭ੍ਰਿਸ਼ਟਾਚਾਰ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਆਮ ਆਦਮੀ ਲਈ ਸਰਕਾਰੀ ਦਫ਼ਤਰਾਂ ਵਿੱਚ ਰਿਸ਼ਵਤ ਤੋਂ ਬਿਨਾਂ ਕੰਮ ਕਰਵਾਉਣਾ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਸਰਕਾਰ ਦਾ ਭ੍ਰਿਸ਼ਟਾਚਾਰ ਪਿਛਲੀਆਂ ਸਰਕਾਰਾਂ ਨਾਲੋਂ ਵੀ ਵੱਧ ਗਿਆ ਹੈ। ਉਨ੍ਹਾਂ ਵਧ ਰਹੇ ਨਸ਼ਿਆਂ ਦੇ ਨਸ਼ੇ ਅਤੇ ਔਰਤਾਂ ਦੀ ਸੁਰੱਖਿਆ ਬਾਰੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ 'ਆਪ' ਸਰਕਾਰਾਂ ਝੂਠੇ ਵਾਅਦਿਆਂ ਨਾਲ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ, ਇੱਥੋਂ ਤੱਕ ਕਿ ਪੰਜਾਬ ਵਿੱਚ ਔਰਤਾਂ ਨੂੰ 1,100 ਰੁਪਏ ਪ੍ਰਤੀ ਮਹੀਨਾ ਦੇਣ ਦੇ ਵਾਅਦੇ ਨੂੰ ਵੀ ਪੂਰਾ ਕਰਨ ਵਿੱਚ ਅਸਫਲ ਰਹੀਆਂ ਹਨ, ਜਦੋਂ ਕਿ ਹਰਿਆਣਾ ਵਿੱਚ ਔਰਤਾਂ ਨੂੰ 2,100 ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ। ਕਿਸਾਨਾਂ ਦੇ ਮੁੱਦੇ 'ਤੇ ਬੋਲਦਿਆਂ, ਨਾਇਬ ਸਿੰਘ ਸੈਣੀ ਨੇ ਹਰਿਆਣਾ ਮਾਡਲ ਦਾ ਹਵਾਲਾ ਦਿੱਤਾ।